Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

**ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ**

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 225, ਮਿਤੀ : 10 ਨਵੰਬਰ ਤੋਂ 16 ਨਵੰਬਰ 2023 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com



# Preetnama

## ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023


# ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦਾ ਗੁਰਪੂਰਬ ਵੱਡੇ ਪੱਧਰ 'ਤੇ ਮਨਾਇਆ





ਤਸਵੀਰਾਂ ਅਤੇ ਵੇਰਵਾ : ਬੀ ਜੇ ਸਟੂਡੀਓ



ਨਿਊਯਾਰਕ (ਪ੍ਰੀਤਨਾਮਾ ਬਿਓਰੋ) : ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਦਿਹਾੜ ਸਿੱਖ ਕਲਚਰਲ ਸੁਸਾਇਟੀ ਵਿਖੇ ਉਨ੍ਹਾਂ ਦੇ ਨਾਮ ਤੇ ਬਾਨੀ ਸੁਸਾਇਟੀ ਗੁਰੂ ਰਾਮ ਦਾਸ ਵੈਲਫੇਅਰ ਸੁਸਾਇਟੀ ਆਫ ਹਰਿਆਣਾ ਨਿਊਯਾਰਕ ਸਮੂਹ ਮੈਂਬਰਾਂ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਗਿਆ। ਸੁਸਾਇਟੀ ਵੱਲੋਂ ਜਿਥੇ ਗੁਰੂ ਘਰ ਦੇ ਬਾਹਰ ਹਰ ਤਰ੍ਹਾਂ ਦੇ ਸਟਾਲ ਲਗਾਏ ਗਏ ਉਥੇ ਹੀ ਗੁਰੂ ਘਰ ਦੇ ਬਾਹਰ ਲੜੀਆਂ ਲਗਾ ਕੇ ਬਿਲਡਿੰਗ ਨੂੰ ਸਜਾਇਆ ਗਿਆ। ਗੁਰਦੁਆਰ ਸਾਹਿਬ ਦੇ ਅੰਦਰ ਵੀ ਸਜਾਵਟ ਕੀਤੀ ਗਈ। ਇਸ ਮੌਕੇ ਉਚ ਕੋਟੀ ਦੇ ਰਾਗੀ, ਢਾਡੀ, ਕਥਾਵਾਚਕ ਨੇ ਹਾਜ਼ਰੀ ਭਰੀ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਨੇ ਵੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ। ਭਾਈ ਧਰਮਵੀਰ ਸਿੰਘ, ਭਾਈ ਤੇਜਪਾਲ ਸਿੰਘ ਜੀ ਨੇ ਗੁਰੂ ਰਾਮਦਾਸ ਜੀ ਦੀ ਜੀਵਨੀ ਤੇ ਕਥਾ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਘਰ ਦੇ ਪ੍ਰਧਾਨ ਸ੍ਰ. ਭੁਪਿੰਦਰ ਸਿੰਘ ਬੋਪਾਰਾਏ ਸ੍ਰ. ਗੁਰਦੇਵ ਸਿੰਘ ਕੰਗ, ਹਰਬੰਸ ਸਿੰਘ ਢਿੱਲੋਂ ਵੱਲੋਂ ਵੀ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਹਰਿਆਣਾ ਸੁਸਾਇਟੀ ਦੇ ਗੁਰੂ ਘਰ ਵਿਚ ਕੀਤੇ ਕੰਮ ਅਤੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜਾ ਵੱਡੇ ਪੱਧਰ ਤੇ ਮਨਾਉਣ ਦੀ ਸ਼ਲਾਘਾ ਵੀ ਕੀਤੀ। ਹਰਿਆਣਾ ਸੁਸਾਇਟੀ ਦੇ ਪ੍ਰਧਾਨ ਸ੍ਰ. ਬੂਟਾ ਸਿੰਘ ਚੀਮਾ ਨੇ ਸਟੇਜ ਤੋਂ ਬਲਦਿਆਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸਾਰੀਆਂ ਜਥੇਬੰਦੀਆਂ ਅਤੇ ਗੁਰੂ ਘਰ ਦੀ ਕਮੇਟੀ ਦਾ ਸਾਥ ਦੇਣ ਲਈ ਵੀ ਧੰਨਵਾਦ ਕੀਤਾ ਗਿਆ। ਸ੍ਰ. ਪ੍ਰੇਮ ਸਿੰਘ ਸੁਸਾਇਟੀ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਗੁਰੂ ਘਰ ਦੇ ਬਾਹਰ ਸਟਾਲ ਦੀ ਸੇਵਾ ਕੀਤੀ। ਹਰਿਆਣਾ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਵੱਖ ਵੱਖ ਤਰ੍ਹਾਂ ਦੇ ਸਟਾਲ ਲਗਾਏ। ਬੂਟਾ ਸਿੰਘ ਚੀਮਾ ਨੇ ਭਾਵੁਕ ਹੋ ਕੇ ਆਪਣੀ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਕੋਟਿ ਕੋਟਿ ਧੰਨਵਾਦ ਕੀਤਾ ਜਿਨ੍ਹਾਂ ਨੇ ਹਰ ਸਮੇਂ ਉਨ੍ਹਾਂ ਦਾ ਸਾਥ ਦਿੱਤਾ।










# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023
















ਤਸਵੀਰਾਂ ਅਤੇ ਵੇਰਵਾ : ਬੀ ਜੇ ਸਟੂਡੀਓ


















# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023














ਤਸਵੀਰਾਂ ਅਤੇ ਵੇਰਵਾ : ਬੀ ਜੇ ਸਟੂਡੀਓ













# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

**On our English language New Website**
**WWW.PREET NEWS.COM**

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023



ਭਇਆ ਆਨੰਦ ਜਗਤ ਵਿਚ ਕਲਿ ਤਾਰਨ ਗੁਰੂ ਨਾਨਕ ਆਇਆ ॥



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਮੂੰਹ ਸੰਗਤ ਨੂੰ

ਲੱਖ-ਲੱਖ ਵਧਾਈ ਹੋਵੇ ਜੀ।

**We Kindly Request You To Attend**

**23rd Mahan Nagar Kirtan (Parade)**

**11 November 2023 Saturday 12:00 noon**

**Gurdwara Baba Makhan Shah Lobaba Sikh Center**

**113-10 101st Ave, South Richmond Hill, NY 11419**

| President | General Secretary | Chairman |
|---|---|---|
| Daler Singh | Sukhjinder Singh Rimpy | Amrik Singh Morthaly |
| 917 849 9033 | 917 578 6004 | 917 548 3190 |

# ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਧੋਖਾਧੜੀ ਤੋਂ ਬਚਾਉਣ ਲਈ ਇਹ ਨਵੇਂ ਨਿਯਮ ਜਾਰੀ ਕੀਤੇ

ਕੈਨੇਡਾ ਵਿੱਚ ਵਿਦਿਆਰਥੀ ਵੀਜ਼ਾ ਲਈ ਜਾਣ ਵਾਲੇ ਵਿਦਿਆਰਥੀਆਂ ਨਾਲ ਏਜੰਟਾਂ ਵੱਲੋਂ ਕੀਤੀ ਜਾਂਦੀ ਧੋਖਾਧੜੀ ਨੂੰ ਰੋਕਣ ਲਈ ਕੈਨੇਡੀਆਈ ਸਰਕਾਰ ਵੱਲੋਂ ਨਵੇਂ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸੇ ਸਾਲ ਜੂਨ ਮਹੀਨੇ ਵਿੱਚ ਜਲੰਧਰ ਆਧਾਰਤ ਏਜੰਟ ਬ੍ਰਿਜੇਸ਼ ਮਿਸ਼ਰਾ ਉੱਤੇ ਵਿਦਿਆਰਥੀਆਂ ਨੂੰ ਫਰਜ਼ੀ ਦਾਖਲਾ ਪੱਤਰ ਦੇਣ ਅਤੇ ਹੋਰ ਇਲਜ਼ਾਮ ਲੱਗੇ ਹਨ।ਇਸ ਮਾਮਲੇ ਦੀ ਜਾਂਚ ਲਈ ਆਈਆਰਸੀਸੀ ਵੱਲੋਂ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਸੀ।ਉਸ ਵੇਲੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਕੈਨੇਡਾ ਆਉਣ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਕੱਢਣ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ।ਪਰ ਇਸ ਪ੍ਰਕਿਰਿਆ ਨੂੰ ਜੂਨ 2023 ਵਿੱਚ ਹੀ ਅਸਥਾਈ ਤੌਰ ਉੱਤੇ ਰੋਕ ਦਿੱਤਾ ਗਿਆ ਸੀ।ਉੱਥੇ ਰਹਿੰਦੇ ਵਿਦਿਆਰਥੀਆਂ ਵੱਲੋਂ ਆਪਣੀ ਗੱਲ ਰੱਖਣ ਲਈ ਧਰਨਾ ਵੀ ਲਾਇਆ ਗਿਆ ਸੀ।ਉਸ ਵੇਲੇ ਕੈਨੇਡਾ ਸਰਕਾਰ ਵੱਲੋਂ ਇਹ ਕਿਹਾ ਗਿਆ ਸੀ ਕਿ ਉਹ ਇਸ ਧੋਖਾਧੜੀ ਨੂੰ ਰੋਕਣ ਲਈ ਵਿਦਿਅਕ ਕੇਂਦਰਾਂ, ਸੂਬਿਆਂ ਅਤੇ ਹੋਰ ਸੰਸਥਾਵਾਂ ਨਾਲ ਰਲਕੇ ਕੰਮ ਕਰਨਗੇ।

**ਹੋਰ ਬਦਲਾਅ ਕੀ ਹੋਣਗੇ**

ਕੈਨੇਡਾ ਦੀ ਸਰਕਾਰੀ ਵੈੱਬਸਾਈਟ ਮੁਤਾਬਕ ਸਤੰਬਰ 2024 ਵਿੱਚ ਸ਼ੁਰੂ ਹੋਣ ਵਾਲੇ ਦਾਖਲਿਆਂ ਦੀ ਸ਼ੁਰੂਆਤ ਹੋਣ ਤੱਕ, ਆਈਆਰਸੀਸੀ ਇੱਕ ਅਜਿਹੀ ਪ੍ਰਕਿਰਿਆ ਲਾਗੂ ਕਰੇਗਾ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੇਵਾਵਾਂ ਲਈ ਮਿਆਰੀ ਕੰਮ ਕਰਨ ਵਾਲੇ ਵਿਦਿਅਕ ਕੇਂਦਰਾਂ ਨੂੰ ਲਾਭ ਦੇਵੇਗਾ। ਇਨ੍ਹਾਂ ਵਿਦਿਅਕ ਕੇਂਦਰਾਂ ਨੂੰ ਕਈ ਲਾਭ ਵੀ ਮਿਲਣਗੇ। ਇਨ੍ਹਾਂ ਫਾਇਦਿਆਂ ਵਿੱਚ ਸਟੱਡੀ ਵੀਜ਼ਾ ਘੱਟ ਸਮੇਂ ਵਿੱਚ ਜਾਰੀ ਕਰਨਾ ਵੀ ਸ਼ਾਮਲ ਹੈ। ਇਹ ਜਾਣਕਾਰੀ ਵੀ ਸਾਂਝੀ ਕੀਤੀ ਗਈ ਹੈ ਕਿ ਆਉਂਦੇ ਸਮੇਂ ਵਿੱਚ ਆਈਆਰਸੀਸੀ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਪ੍ਰੋਗਰਾਮ ਦਾ ਮੁਲਾਂਕਣ ਵੀ ਕਰੇਗਾ। ਇਸ ਵਿੱਚ ਅਜਿਹੇ ਸੁਧਾਰ ਲਾਗੂ ਕੀਤੇ ਜਾਣਗੇ ਜਿਹੜੇ ਕੈਨੇਡੀਆਈ ਲੇਬਰ ਮਾਰਕਿਟ ਦੀਆਂ ਲੋੜਾਂ ਅਨੁਸਾਰ ਹੋਣਗੇ। ਵੱਖ-ਵੱਖ ਖਿੱਤਿਆਂ ਦੀਆਂ ਲੋੜਾਂ ਦੇ ਨਾਲ-ਨਾਲ ਅਤੇ ਫਰੈਂਚ ਭਾਸ਼ਾ ਵਾਲੇ ਇਲਾਕਿਆਂ ਦੀਆਂ ਲੋੜਾਂ ਦਾ ਵੀ ਖਿਆਲ ਰੱਖਿਆ ਜਾਵੇਗਾ।

**‘ਵਿਦਿਆਰਥੀਆਂ ਦਾ ਬਚਾਅ ਯਕੀਨੀ ਬਣਾਇਆ ਜਾਵੇਗਾ’**

ਕੈਨੇਡੀਆਈ ਆਰਥਿਕਤਾ ਵਿੱਚ ਅੰਤਰਾਸ਼ਟਰੀ ਵਿਦਿਆ ਦੇ ਖੇਤਰ ਦਾ ਹਿੱਸਾ 22 ਬਿਲੀਅਨ ਡਾਲਰ ਹੋ ਸਕਦਾ ਹੈ। ਇਹ ਕੈਨੇਡਾ ਦੇ ਆਟੋ ਪਾਰਟਸ, ਲੁੰਬਰ ਅਤੇ ਹਵਾਈ ਜਹਾਜ਼ ਦੀ ਬਰਾਮਦਗੀ ਤੋਂ ਵੀ ਜ਼ਿਆਦਾ ਹੈ ਅਤੇ 2,00,000 ਤੋਂ ਵੱਧ ਨੌਕਰੀਆਂ ਇਸ ਉੱਤੇ ਨਿਰਭਰ ਹਨ।ਕੈਨੇਡਾ ਦੀ ਸਰਕਾਰੀ ਵੈਬਸਾਈਟ ਮੁਤਾਬਕ 2020 ਵਿੱਚ ਅੰਤਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਨਾਲ ਕੈਨੇਡਾ ਦੀ ਜੀਡੀਪੀ(ਗ੍ਰਾਸ ਡੋਮੈਸਟਿੱਕ ਪ੍ਰੋਡਕਟ) ਨੂੰ ਸੱਤ ਬਿਲੀਅਨ ਤੱਕ ਦਾ ਘਾਟਾ ਪਿਆ।ਕੈਨੇਡਾ ਸਰਕਾਰ ਵਿੱਚ ਮੰਤਰੀ ਮਾਰਕ ਮਿਲਰ ਨੇ ਕਿਹਾ, ਅੰਤਰ-ਰਾਸ਼ਟਰੀ ਵਿਦਆਰਥੀ ਪ੍ਰਤਿਭਾਸ਼ਾਲੀ ਹਨ ਅਤੇ ਉਹ ਕੈਨੇਡਾ ਵਿੱਚ ਪੜ੍ਹਾਈ ਦੌਰਾਨ ਚੰਗਾ ਤਜਰਬਾ ਹਾਸਲ ਕਰਨ ਦੇ ਯੋਗ ਹਨ।ਅਸੀਂ ਕੈਨੇਡਾ ਦੇ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਨੂੰ ਸੁਧਾਰਨ ਲਈ ਕੰਮ ਕਰਦੇ ਰਹਾਂਗੇ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਵਿਦਿਆਰਥੀਆਂ ਦਾ ਬਚਾਅ ਹੋਵੇ ਅਤੇ ਜਿਹੜੇ ਉਨ੍ਹਾਂ ਦਾ ਫਾਇਦਾ ਚੁੱਕਦੇ ਹਨ ਉਨ੍ਹਾਂ ਨੂੰ ਹਟਾਇਆ ਜਾਵੇ।ਭਾਵੇਂ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਇੱਥੇ ਰਹਿੰਦੇ ਹਨ ਕੰਮ ਕਰਦੇ ਹਨ ਜਾਂ ਘਰ ਚਲੇ ਜਾਂਦੇ ਸਨ, ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦਾ ਕੈਨੇਡਾ ਵਿੱਚ ਬਿਤਾਇਆ ਸਮਾਂ ਉਨ੍ਹਾਂ ਦੀ ਜ਼ਿੰਦਗੀ ਲਈ ਲਾਹੇਵੰਦ ਹੋਵੇ। ਅਸੀਂ ਉਨ੍ਹਾਂ ਮਹੱਤਵਪੂਰਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਲਾਭਾਂ ਨੂੰ ਪਛਾਣਦੇ ਹਾਂ ਜੋ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਲਿਆਉਂਦੇ ਹਨ, ਅਤੇ ਉਨ੍ਹਾਂ ਲਾਭਾਂ ਨੂੰ ਜਾਰੀ ਰੱਖਣ ਲਈ, ਸਾਨੂੰ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਸਾਹਮਣੇ ਆਈਆਂ ਚੁਣੌਤੀਆਂ ਦਾ ਹੱਲ ਕਰਨਾ ਚਾਹੀਦਾ ਹੈ।

**ਟਾਸਕਫੋਰਸ ਦੀ ਜਾਂਚ ਵਿੱਚ ਕੀ ਸਾਹਮਣੇ ਆਇਆ**

ਕੈਨੇਡੀਆਈ ਸਰਕਾਰ ਦੀ ਵੈੱਬਸਾਈਟ ਮੁਤਾਬਕ, ਆਈਆਰਸੀਸੀ ਵੱਲੋਂ ਕੈਨੇਡਾ ਬਾਰਡਰ ਸਰਵਿਸਸ ਏਜੰਸੀ ਨਾਲ ਕੰਮ ਕਰਨ ਲਈ ਬਣਾਈ ਟਾਸਕਫੋਰਸ ਵੱਲੋਂ ਫ਼ਰਜ਼ੀ ਦਸਤਾਵੇਜ਼ਾਂ ਵਾਲੇ ਕੇਸ ਵਿੱਚ ਪ੍ਰਭਾਵਿਤ ਹੋਏ ਵਿਦਿਆਰਥੀਆਂ ਦੀ ਸਮੀਖਿਆ ਕੀਤੀ ਗਈ। ਇਸ ਦਾ ਮਕਸਦ ਸਹੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚੋਂ ਕੱਢੇ ਜਾਣ ਤੋਂ ਰੋਕਣਾ ਸੀ।12 ਅਕਤੂਬਰ, 2023 ਤੱਕ 103 ਕੇਸਾਂ ਦੀ ਸਮੀਖਿਆ ਕੀਤੀ ਗਈ ਸੀ, ਇਨ੍ਹਾਂ ਵਿੱਚੋਂ 60 ਵਿਦਿਆਰਥੀ ਸਹੀ ਨਿਕਲੇ ਸਨ ਜਦਕਿ 40 ਸਹੀ ਨਹੀਂ ਸਨ। ਪੀੜਤਾਂ ਵੱਲੋਂ ਬ੍ਰਿਜੇਸ਼ ਮਿਸ਼ਰਾ ਦੀ ਪਛਾਣ ਇਸ ਵਿੱਚ ਸ਼ਾਮਲ ਮੁੱਖ ਬੰਦਿਆਂ ਵਜੋਂ ਕੀਤੀ ਗਈ ਸੀ। ਆਈਆਰਸੀਸੀ ਅਤੇ ਸੀਬੀਐੱਸਏ ਅਜਿਹੇ ਬੇਇਮਾਨ ਤੱਤਾਂ ਵਿਰੁੱਧ ਕੰਮ ਕਰਦੀ ਰਹੇਗੀ ਜਿਹੜੇ ਵਿਦਿਆਰਥੀਆਂ ਦਾ ਫਾਇਦਾ ਚੁੱਕਦੇ ਹਨ। ਇਸ ਮਾਮਲੇ ਵਿੱਚ ਬ੍ਰਿਜੇਸ਼ ਮਿਸ਼ਰਾ ਦੀ ਗ੍ਰਿਫ਼ਤਾਰੀ ਵੀ ਹੋਈ ਸੀ।

**ਪੰਜਾਬੀ ਵਿਦਿਆਰਥੀਆਂ ਨੇ ਕਿਉਂ ਲਾਇਆ ਸੀ ਧਰਨਾ**

ਕੈਨੇਡਾ ਵਿੱਚ ਅਜਿਹੇ ਸੈਂਕੜੇ ਭਾਰਤੀ ਵਿਦਿਆਰਥੀ ਹਨ ਜਿਨ੍ਹਾਂ ’ਤੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉੱਤੇ ਪਰਵਾਸ ਕਰਨ ਦੇ ਇਲਜ਼ਾਮ ਲੱਗੇ ਸਨ।ਵਿਦਿਆਰਥੀ ਜਿਨ੍ਹਾਂ ਵਿੱਚੋਂ ਕਈ ਪੰਜਾਬ ਤੋਂ ਵੀ ਸਨ ਵੱਲੋਂ ਕੈਨੇਡਾ ਤੋਂ ਡਿਪੋਰਟ ਹੋਣ ਤੋਂ ਬਚਣ ਲਈ ਧਰਨੇ ਲਾਏ ਜਾ ਰਹੇ ਸਨ।ਵਿਦਿਆਰਥੀਆਂ ਦਾ ਦਾ ਇਲਜ਼ਾਮ ਸੀ ਕਿ ਸਟੱਡੀ ਵੀਜ਼ਾ ਅਪਲਾਈ ਕਰਨ ਲਈ ਮਦਦ ਕਰਨ ਵਾਲੇ ਏਜੰਟਾਂ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ।ਕੈਨੇਡਾ ਵਿੱਚ ਰੋਸ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਉਹ ਜਲੰਧਰ ਦੇ ਐਜੂਕੇਸ਼ਨ ਸਲਾਹਕਾਰ ਬ੍ਰਿਜੇਸ਼ ਮਿਸ਼ਰਾ ਦੇ ਕੀਤੇ ਕਥਿਤ ਘੋਟਾਲੇ ਦੇ ਪੀੜਤ ਹਨ। ਜਲੰਧਰ ਪੁਲਿਸ ਮੁਤਾਬਕ ਵਿਦਿਆਰਥੀਆਂ ਨੂੰ ਸਾਲ 2017-18 ਵਿੱਚ ਟੋਰੰਟੋ ਖਿੱਤੇ ਦੇ ਮਸ਼ਹੂਰ ਕਾਲਜ ਹੰਭਰ ਵਿੱਚ ਦਾਖ਼ਲੇ ਦੇ ਜਾਅਲੀ ਪੱਤਰ ਦਿੱਤੇ ਗਏ ਸਨ।ਇਨ੍ਹਾਂ ਦਾਖ਼ਲਾ ਪੱਤਰਾਂ ਦੇ ਅਧਾਰ ਉੱਤੇ ਇਮੀਗ੍ਰੇਸ਼ਨ ਕਰਵਾਉਣ ਲਈ ਵਿਦਿਆਰਥੀਆਂ ਤੋਂ 16-16 ਲੱਖ ਰੁਪਏ ਵਸੂਲੇ ਗਏ ਸਨ।ਜਦੋਂ ਇਨ੍ਹਾਂ ਪੱਤਰਾਂ ਦੇ ਅਧਾਰ ਉੱਤੇ ਵਿਦਿਆਰਥੀ ਵੀਜ਼ਾ ਲੈ ਕੇ ਕੈਨੇਡਾ ਚਲੇ ਗਏ ਤਾਂ ਉੱਥੇ ਇਨ੍ਹਾਂ ਨੂੰ ਮਿਸ਼ਰਾ ਨੇ ਕਿਹਾ ਕਿ ਜਿਸ ਹੰਭਰ ਕਾਲਜ ਦੇ ਆਫਰ ਲੈਟਰ ਉੱਤੇ ਉਹ ਕੈਨੇਡਾ ਆਏ ਹਨ, ਉਸ ਨੇ ਇਨ੍ਹਾਂ ਦਾ ਦਾਖ਼ਲਾ ਪੱਤਰ ਰੱਦ ਕਰ ਦਿੱਤਾ ਹੈ।ਇਸ ਲਈ ਇਨ੍ਹਾਂ ਦੀ ਕਾਲਜ ਨੂੰ ਦਿੱਤੀ ਜਾਣ ਵਾਲੀ ਫੀਸ 5-6 ਲੱਖ ਵਾਪਸ ਕਰਕੇ ਕਿਸੇ ਹੋਰ ਕਾਲਜ ਵਿੱਚ ਦਾਖ਼ਲਾ ਦੁਆ ਕੇ ਐਡਜਸਟ ਕੀਤਾ ਜਾ ਰਿਹਾ ਹੈ।ਹੁਣ ਇਨ੍ਹਾਂ ਵਿੱਚੋਂ ਕਈਆਂ ਨੇ ਆਪਣੀ ਸਿੱਖਿਆ ਪੂਰੀ ਕਰ ਲਈ ਅਤੇ ਵਰਕ ਪਰਮਿਟ ਹਾਸਲ ਕਰ ਲਏ ਸਨ।ਪਰ ਜਦੋਂ ਇਨ੍ਹਾਂ ਨੇ ਪੱਕੀ ਰਿਹਾਇਸ਼ (ਪੀਆਰ) ਲਈ ਅਪਲਾਈ ਕੀਤਾ ਤਾਂ ਕੈਨੇਡੀਅਨ ਬਾਰਡਰ ਸਕਿਊਰਿਟੀ ਏਜੰਸੀ ਨੂੰ ਇਨ੍ਹਾਂ ਦੇ ਕੈਨੇਡਾ ਆਉਣ ਸਮੇਂ ਜਾਅਲੀ ਦਾਖ਼ਲਾ ਪੱਤਰ ਹੋਣ ਦਾ ਪਤਾ ਲੱਗਿਆ ਸੀ।

# ਭਾਰਤ ਨਾਲ ਕੈਨੇਡਾ ਨੂੰ ਵਿਵਾਦ ਪਿਆ ਮਹਿੰਗਾ

ਓਟਾਵਾ : ਕੈਨੇਡਾ ਨੂੰ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ’ਚ ਭਾਰਤ ਨਾਲ ਖੜ੍ਹਾ ਕੀਤਾ ਵਿਵਾਦ ਮਹਿੰਗਾ ਪੈਂਦਾ ਹੋਇਆ ਦਿਖ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਰਦੀਪ ਨਿੱਝਰ ਦੇ ਕਤਲ ਦੇ ਇਲਜ਼ਾਮ ਭਾਰਤ ’ਤੇ ਲਗਾਏ ਸਨ, ਜਿਸ ਕਾਰਨ ਖਾਲਿਸਤਾਨੀ ਸਮਰਥਕ ਕਾਫੀ ਖੁਸ਼ ਸਨ ਕਿ ਉਨ੍ਹਾਂ ਦਾ ਭਾਰਤ ਵਿਰੋਧੀ ਏਜੰਡਾ ਹੁਣ ਖੂਬ ਰੰਗ ਦਿਖਾਵੇਗਾ। ਪਰ ਹੁਣ ਅਜਿਹਾ ਲੱਗ ਰਿਹਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਸਮਰਥਨ ਦੇ ਬਾਵਜੂਦ ਉਨ੍ਹਾਂ ਦੀ ਇਹ ਯੋਜਨਾ ਨਾਕਾਮ ਹੁੰਦੀ ਦਿਖਾਈ ਦੇ ਰਹੀ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਗੁਰਦੁਆਰੇ ਵਿੱਚ ਐਤਵਾਰ ਨੂੰ ਪੁਲਿਸ ਦੀ ਤਾਇਨਾਤੀ ਵਿਚਾਲੇ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਭਾਰਤ ਵਿਰੋਧੀ ਰਾਇਸ਼ੁਮਾਰੀ ਨੂੰ ਅਧਿਕਾਰਤ ਤੌਰ ’ਤੇ ਅਸਫਲ ਐਲਾਨ ਕਰ ਦਿੱਤਾ ਗਿਆ ਹੈ। ਇਸ ਰੈਫਰੈਂਡਮ ਰੈਲੀ ਨੂੰ ਲੈ ਕੇ ਕਾਫੀ ਸਮੇਂ ਤੋਂ ਮੁਹਿੰਮ ਚਲਾਈ ਜਾ ਰਹੀ ਸੀ ਪਰ ਇਸ ਵਿਚ ਬਹੁਤ ਘੱਟ ਲੋਕ ਇਕੱਠੇ ਹੋਏ। ਇਸ ਤੋਂ ਪਹਿਲਾਂ 10 ਸਤੰਬਰ ਨੂੰ ਹੋਏ ਆਖਰੀ ਜਨਮਤ ਸੰਗ੍ਰਹਿ ਵਿਚ 1.35 ਲੱਖ ਵੋਟਾਂ ਦਾ ਦਾਅਵਾ ਕੀਤਾ ਗਿਆ ਸੀ, ਪਰ ਅਸਲ ਵੋਟਿੰਗ ਸਿਰਫ 2398 ਵੋਟਾਂ ਪਈਆਂ ਸਨ। ਸਰੀ ’ਚ ਨਿਰਾਸ਼ਾਜਨਕ ਹੁੰਗਾਰੇ ਤੋਂ ਬਾਅਦ ਅਗਲੇ ਸਾਲ ਐਬਟਸਫੋਰਡ, ਐਡਮਿੰਟਨ, ਕੈਲਗਰੀ ਅਤੇ ਮਾਂਟਰੀਅਲ ’ਚ ਰੈਫਰੈਂਡਮ ਕਰਵਾਉਣ ਦੀ ਚਰਚਾ ਹੈ। ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਨੂੰ ਜੂਨ ਮਹੀਨੇ ਇਸ ਗੁਰਦੁਆਰੇ ਨੇੜੇ ਗੋਲੀ ਮਾਰ ਦਿੱਤੀ ਗਈ ਸੀ।ਰਿਪੋਰਟ ਮੁਤਾਬਕ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੋਸ਼ ਲਾਇਆ ਸੀ ਕਿ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਦੀ ਸੰਭਾਵਨਾ ਹੈ। ਭਾਰਤ ਸਰਕਾਰ ਨੇ ਨਿੱਝਰ ਦੀ ਮੌਤ ਸਬੰਧੀ ਦੋਸ਼ਾਂ ਦਾ ਸਖ਼ਤੀ ਨਾਲ ਖੰਡਨ ਕੀਤਾ ਸੀ। ਭਾਰਤ ਨੇ ਕੈਨੇਡਾ ਨੂੰ ਆਪਣੇ ਦਾਅਵਿਆਂ ਲਈ ਸਬੂਤ ਪੇਸ਼ ਕਰਨ ਲਈ ਵੀ ਕਿਹਾ ਸੀ, ਜਿਸ ਕਾਰਨ ਡਿਪਲੋਮੈਟਾਂ ਨੂੰ ਬਾਹਰ ਕੱਢਣਾ ਪਿਆ ਸੀ। ਭਾਰਤ ਇਸ ਮਾਮਲੇ ਵਿੱਚ ਲੰਬੇ ਸਮੇਂ ਤੋਂ ਕੈਨੇਡੀਅਨ ਸਰਕਾਰ ’ਤੇ ਦਬਾਅ ਬਣਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ’ਚ ਰਹਿ ਰਹੇ ਵਿਅਕਤੀਆਂ ਅਤੇ ਸਮੂਹਾਂ ਦੁਆਰਾ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਕਿਹਾ ਗਿਆ ਹੈ। ਦੱਸ ਦੇਈਏ ਕਿ ਨਿੱਝਰ ਦੇ ਕਤਲ ਦੇ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਵਿਗੜ ਗਏ ਹਨ ਅਤੇ ਭਾਰਤ ਨੇ 20 ਅਕਤੂਬਰ ਨੂੰ 40 ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਤੋਂ ਕੱਢ ਦਿੱਤਾ ਸੀ।



# ਗਾਜ਼ਾ ’ਚ ਸਹਾਇਤਾ ਦੀ ਹੁਣ ਤਕ ਦੀ ਸਭ ਤੋਂ ਵੱਡੀ ਖੇਪ ਪੁੱਜੀ

## ਇਜ਼ਰਾਇਲੀ ਹਮਲਿਆਂ ’ਚ ਮਰਨ ਵਾਲਿਆਂ ਦੀ ਗਿਣਤੀ 8000 ਤੋਂ ਟੱਪੀ

ਦੀਰ ਅਲ-ਬਲਾਹ (ਗਾਜ਼ਾ ਪੱਟੀ), 30 ਅਕਤੂਬਰ :ਇਜ਼ਰਾਈਲ ਅਤੇ ਹਮਾਸ ਦਰਮਿਆਨ ਜੰਗ ਸ਼ੁਰੂ ਹੋਣ ਤੋਂ ਬਾਅਦ ਸਹਾਇਤਾ ਦੀ ਸਭ ਤੋਂ ਵੱਡੀ ਖੇਪ ਲੈ ਕੇ ਜਾ ਰਹੇ ਕਰੀਬ ਤਿੰਨ ਦਰਜਨ ਟਰੱਕ ਗਾਜ਼ਾ ਵਿੱਚ ਦਾਖ਼ਲ ਹੋਏ ਪਰ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਕਿਹਾ ਕਿ ਇਹ ਸਹਾਇਤਾ ਕਾਫ਼ੀ ਨਹੀਂ ਹੈ। ਹਜ਼ਾਰਾਂ ਲੋਕ ਆਟਾ ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਇਕੱਠਾ ਕਰਨ ਲਈ ਗਾਜ਼ਾ ਵਿੱਚ ਰਾਹਤ ਸਹਾਇਤਾ ਗੁਦਾਮਾਂ ’ਤੇ ਟੁੱਟ ਪਏ ਪਰ ਮਾਨਵਤਾਵਾਦੀ ਕਰਮਚਾਰੀਆਂ ਨੇ ਕਿਹਾ ਕਿ ਸਹਾਇਤਾ ਅਜੇ ਵੀ ਲੋੜ ਤੋਂ ਬਹੁਤ ਘੱਟ ਹੈ। ਉੱਧਰ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 8,000 ਤੋਂ ਪਾਰ ਹੋ ਗਈ, ਜਿਹਨਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਨਾਬਾਲਗ ਸਨ। ਦਹਾਕਿਆਂ ਤੋਂ ਚੱਲੀ ਆ ਰਹੀ ਇਜ਼ਰਾਈਲ-ਫਲਸਤੀਨੀ ਹਿੰਸਾ ਵਿੱਚ ਮਰਨ ਵਾਲਿਆਂ ਦੀ ਕੋਈ ਸਪੱਸ਼ਟ ਗਿਣਤੀ ਨਹੀਂ ਹੈ। ਇਜ਼ਰਾਈਲ ਵਾਲੇ ਪਾਸੇ 1,400 ਤੋਂ ਵੱਧ ਲੋਕ ਮਾਰੇ ਗਏ ਹਨ। ਗਾਜ਼ਾ ਦੇ ਜ਼ਿਆਦਾਤਰ 23 ਲੱਖ ਲੋਕਾਂ ਲਈ ਸੰਚਾਰ ਸੇਵਾਵਾਂ ਬਹਾਲ ਕੀਤੀਆਂ ਗਈਆਂ। ਇਜ਼ਰਾਈਲ ਨੇ ਸਹਾਇਤਾ ਦੀ ਸਿਰਫ ਥੋੜ੍ਹੀ ਜਿਹੀ ਮਦਦ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ। ਰਫਾਹ ਕਰਾਸਿੰਗ ਦੇ ਇਕ ਬੁਲਾਰੇ ਵੇਲ ਅਬੋ ਉਮਰ ਨੇ ਐਸੋਸੀਏਟਡ ਪ੍ਰੈਸ ਨੂੰ ਦੱਸਿਆ ਕਿ ਐਤਵਾਰ

ਨੂੰ ਪਾਣੀ, ਭੋਜਨ ਅਤੇ ਦਵਾਈਆਂ ਵਾਲੇ 33 ਟਰੱਕ ਮਿਸਰ ਤੋਂ ਇਕੋ-ਇਕ ਸਰਹੱਦੀ ਲਾਂਘੇ ਵਿਚ ਦਾਖਲ ਹੋਏ। ਰਫਾਹ ਕਰਾਸਿੰਗ ਦਾ ਦੌਰਾ ਕਰਨ ਤੋਂ ਬਾਅਦ ਕਰੀਮ ਖਾਨ ਨੇ ਕਿਹਾ, ÷ਇਹ ਸਭ ਤੋਂ ਦੁਖਦਾਈ ਦਿਨ ਹਨ,÷। ਖਾਨ ਨੇ ਇਜ਼ਰਾਈਲ ਨੂੰ ਅੰਤਰਰਾਸ਼ਟਰੀ ਕਾਨੂੰਨ ਦਾ ਸਨਮਾਨ ਕਰਨ ਲਈ ਕਿਹਾ ਪਰ ਉਸ ’ਤੇ ਜੰਗੀ ਅਪਰਾਧਾਂ ਦਾ ਦੋਸ਼ ਲਗਾਉਣ ਤੋਂ ਰੋਕਿਆ। ਉਨ੍ਹਾਂ ਨੇ ਹਮਾਸ ਦੇ 7 ਅਕਤੂਬਰ ਦੇ ਹਮਲੇ ਨੂੰ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਗੰਭੀਰ ਉਲੰਘਣਾ ਦੱਸਿਆ। ਇਜ਼ਰਾਈਲੀ ਫੌਜ ਨੇ ਐਤਵਾਰ ਨੂੰ ਕਿਹਾ ਕਿ ਉਸਨੇ ਪਿਛਲੇ 24 ਘੰਟਿਆਂ ਵਿੱਚ 450 ਤੋਂ ਵੱਧ ਅੱਤਵਾਦੀ ਟਿਕਾਣਿਆਂ ’ਤੇ ਹਮਲਾ ਕੀਤਾ ਹੈ, ਜਿਸ ਵਿੱਚ ਹਮਾਸ ਕਮਾਂਡ ਸੈਂਟਰ ਅਤੇ ਐਂਟੀ-ਟੈਂਕ ਮਿਜ਼ਾਈਲ ਲਾਂਚਿੰਗ ਸਥਾਨ ਸ਼ਾਮਲ ਹਨ। ਗਾਜ਼ਾ ਸ਼ਹਿਰ ’ਤੇ ਧੂੰਏਂ ਦੇ ਵੱਡੇ ਗੁਬਾਰ ਉੱਠੇ। ਫੌਜ ਦੇ ਬੁਲਾਰੇ ਰੀਅਰ ਐਡਮ ਡੈਨੀਅਲ ਹੈਗਾਰੀ ਨੇ ਕਿਹਾ ਕਿ ਦਰਜਨਾਂ ਅੱਤਵਾਦੀ ਮਾਰੇ ਗਏ ਹਨ। ਇਜ਼ਰਾਈਲ ਦਾ ਕਹਿਣਾ ਹੈ ਕਿ ਜ਼ਿਆਦਾਤਰ ਗਾਜ਼ਾ ਨਿਵਾਸੀਆਂ ਨੇ ਘੇਰੇ ਹੋਏ ਖੇਤਰ ਦੇ ਦੱਖਣੀ ਹਿੱਸੇ ਵੱਲ ਭੱਜਣ ਦੇ ਉਸਦੇ ਆਦੇਸ਼ਾਂ ਦੀ ਪਾਲਣਾ ਕੀਤੀ ਹੈ, ਪਰ ਸੈਂਕੜੇ ਹਜ਼ਾਰਾਂ ਉੱਤਰ ਵਿੱਚ ਰਹਿੰਦੇ ਹਨ। ਗਾਜ਼ਾ ਵਿੱਚ 14 ਲੱਖ ਤੋਂ ਵੱਧ ਲੋਕ ਆਪਣੇ ਘਰ ਛੱਡ ਕੇ ਭੱਜ ਗਏ ਹਨ। ਹਮਾਸ ਦੇ ਫੌਜੀ ਵਿੰਗ ਨੇ ਕਿਹਾ ਕਿ ਉਸ ਦੇ ਅੱਤਵਾਦੀਆਂ ਨੇ ਛੋਟੇ ਹਥਿਆਰਾਂ ਅਤੇ ਐਂਟੀ-ਟੈਂਕ ਮਿਜ਼ਾਈਲਾਂ ਨਾਲ ਉੱਤਰ-ਪੱਛਮੀ ਗਾਜ਼ਾ ਪੱਟੀ ਵਿੱਚ ਦਾਖਲ ਹੋਏ ਇਜ਼ਰਾਈਲੀ ਸੈਨਿਕਾਂ ਨਾਲ ਝੜਪ ਕੀਤੀ। ਫਲਸਤੀਨੀ ਅੱਤਵਾਦੀਆਂ ਨੇ ਇਜ਼ਰਾਈਲ ਦੇ ਵਪਾਰਕ ਕੇਂਦਰ, ਤੇਲ ਅਵੀਵ ਸਮੇਤ, ਵਿੱਚ ਰਾਕੇਟ ਦਾਗਣਾ ਜਾਰੀ ਰੱਖਿਆ ਹੈ। ਯੂਐਨਆਰਡਬਲਯੂਏ ਵਜੋਂ ਜਾਣੇ ਜਾਂਦੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ ਲਈ ਗਾਜ਼ਾ ਦੇ ਡਾਇਰੈਕਟਰ ਥਾਮਸ ਵ੍ਹਾਈਟ ਨੇ ਕਿਹਾ ਕਿ ਸਹਾਇਤਾ ਵੇਅਰਹਾਊਸ ਬਰੇਕ-ਇਨ ÷ਇੱਕ ਚਿੰਤਾਜਨਕ ਸੰਕੇਤ ਸਨ। ਲੋਕ ਡਰੇ ਹੋਏ, ਨਿਰਾਸ਼ ਅਤੇ ਹਤਾਸ਼ ਹਨ।÷ ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਇਸ ਸਹਾਇਤਾ ਦੀ ਵਰਤੋਂ ਫੌਜੀ ਉਦੇਸ਼ਾਂ ਲਈ ਕਰੇਗਾ ਅਤੇ ਇਹ ਕਿ ਅੱਤਵਾਦੀ ਸਮੂਹ ਖੇਤਰ ਵਿਚ ਆਪਣੇ ਲਈ ਵੱਡੇ ਤੇਲ ਦੇ ਭੰਡਾਰਾਂ ਨੂੰ ਇਕੱਠਾ ਕਰ ਰਿਹਾ ਹੈ। ਉਸ ਦਾਅਵੇ ਦੀ ਸੁਤੰਤਰ ਤੌਰ ’ਤੇ ਪੁਸ਼ਟੀ ਨਹੀਂ ਕੀਤੀ ਜਾ ਸਕੀ। ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ ਨੇ ਕਿਹਾ ਕਿ ਇੱਕ ਗੋਦਾਮ ਵਿੱਚ 80 ਟਨ ਭੋਜਨ ਰੱਖਿਆ ਗਿਆ ਸੀ। ਇਸ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਸ ਦੇ ਘੱਟੋ-ਘੱਟ 40 ਟਰੱਕਾਂ ਨੂੰ ਰੋਜ਼ਾਨਾ ਵਧਦੀਆਂ ਖੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਗਾਜ਼ਾ ਵਿੱਚ ਜਾਣਾ ਪੈਂਦਾ ਹੈ। ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਨੂੰ ਨੇਤਨਯਾਹੂ ਨਾਲ ਇੱਕ ਕਾਲ ਵਿੱਚ ÷ਗਾਜ਼ਾ ਵਿੱਚ ਨਾਗਰਿਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਨੁੱਖੀ ਸਹਾਇਤਾ ਦੇ ਪ੍ਰਵਾਹ ਨੂੰ ਤੁਰੰਤ ਅਤੇ ਮਹੱਤਵਪੂਰਨ ਤੌਰ ’ਤੇ ਵਧਾਉਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023


## ਗੁਰੂਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਊਯਾਰਕ ਵਿੱਖੇ ਵਾਈਟ ਹਾਊਸ ਵੱਲੋਂ (President s Gold Volunteer Service award) ਦੇ ਨਾਮ ਹੇਠਾਂ ਕਮੂਨਿਟੀ ਅਤੇ ਦੇਸ਼ ਦੇ ਨਿਸ਼ਕਾਮ ਸੇਵਾਦਾਰਾਂ ਨੂੰ ਮੈਡਲ ਗੋਲਡ ਨਾਲ ਕੀਤਾ ਗਿਆ ਸਨਮਾਨਿਤ





ਗੁਰੂਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਊਯਾਰਕ ਵਿੱਖੇ ਅਮਰੀਕਾ ਦੇ ਰਾਸ਼ਟਰਪਤੀ ਭਵਨ (ਵਾਈਟ ਹਾਊਸ) ਵਾਸ਼ਿੰਟਨ ਵੱਲੋਂ (President s Gold Volunteer Service award) ਦੇ ਨਾਮ ਹੇਠਾਂ ਕਮੂਨਿਟੀ ਅਤੇ ਦੇਸ਼ ਦੇ ਨਿਸ਼ਕਾਮ ਸੇਵਾਦਾਰਾਂ ਨੂੰ ਮੈਡਲ ਗੋਲਡ ਨਾਲ ਕੀਤਾ ਗਿਆ ਸਨਮਾਨਿਤ । Mr. Abhishek Shrivastave (USA Navy Counselor Queens NY) got Gold Medal for helping communities in NY, engaging & encouraging youths to join US Navy.

New York- ਅਮਰੀਕਾ ਦੇ ਰਾਸ਼ਟਰਪਤੀ ਭਵਨ (ਵਾਈਟ ਹਾਊਸ)ਵਾਸ਼ਿੰਟਨ ਵੱਲੋਂ (PresidentÓs Gold Volunteer Service award) ਦੇ ਨਾਮ ਹੇਠਾਂ ਕਮੂਨਿਟੀ ਅਤੇ ਦੇਸ਼ ਦੇ ਨਿਸ਼ਕਾਮ ਸੇਵਾਦਾਰਾਂ ਨੂੰ ਸਮੇਂ ਸਮੇਂ ਸਿਰ ਗੋਲਡ ਅਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਭੇਜੇ ਹੋਏ ਅਵਾਰਡ ਅਤੇ ਸਨਮਾਨ ਪੱਤਰ ਸਤਿਕਾਰ ਯੋਗ ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਵੱਲੋਂ ਕਮੂਨਿਟੀ ਦੇ ਨਿਸ਼ਕਾਮ ਸੇਵਾਦਾਰਾਂ ਨੂੰ ਭੇਟ ਕੀਤੇ ਗਏ। ਇਸ ਦੌਰਾਨ ਬੀਬੀ ਪ੍ਰਿਤਪਾਲ ਕੌਰ (ਪ੍ਰੀਤ ਜੀ) ਪ੍ਰੀਤਨਾਮਾ ਮੀਡੀਆ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਕਵਰਜ ਲਈ ਪਹੁੱਚੇ ਹੋਏ ਸਨ ।

**ਅਵਾਰਡ ਹਾਸਲ ਕਰਨ ਵਾਲੇ ਸੱਜਣ**

ਸ੍. ਹਰਚਰਨ ਸਿੰਘ ਗੁਲਾਟੀ, ਸ੍. ਦਿਆਲ ਸਿੰਘ ਵੁਹਰਾ, ਸ੍. ਬਲਬੀਰ ਸਿੰਘ ਪਾਹਵਾ, ਸ੍. ਸੰਤੋਖ ਸਿੰਘ ਬਜਾਜ, ਸ੍. ਹਰਬੰਸ ਸਿੰਘ ਵੁਹਰਾ,ਸ੍. ਕੁਲਰਾਜ ਸਿੰਘ ਲੌਂਗਾਣੀ, ਸ੍ਰੀ ਕਾਸ਼ੀ ਕਪੂਰ , ਸ੍. ਉਜਾਗਰ ਸਿੰਘ ਡਾਵੜਾ, ਸ੍. ਤਰਲੋਕ ਸਿੰਘ ਵੁਹਰਾ, ਸ੍ਰੀ ਸੈਨਾ ਪਤੀ ਲੁੰਡ, ਸ੍. ਮਹਿੰਦਰ ਸਿੰਘ ਤਨੇਜਾ, ਸ੍. ਹਰਮੀਤ ਸਿੰਘ ਮਨੋਚਾ, ਬੀਬੀ ਕੁਲਜੀਤ ਕੌਰ ਮਨੋਚਾ ਅਤੇ ਨੇਵੀ ਕੌਂਸਲਰ ਕਵੀਨਜ ਸ੍ਰੀ ਅਬਸ਼ੇਕ ਸ੍ਰੀਵਾਸਤਵ ।

# ਨਿੱਝਰ ਕਤਲ ਕਾਂਡ ’ਚ ਕੈਨੇਡਾ ਦੇ ਸੀਨੀਅਰ ਅਧਿਕਾਰੀ ਨੇ ਜਾਣਬੁੱਝ ਕੇ ਕੀਤੀ ਇਹ ਗਲਤੀ, ਭਾਰਤ ਦੇ ਖੁਲਾਸੇ ਕਾਰਨ ਟਰੂਡੋ ਬੈਕਫੁੱਟ ’ਤੇ





ਵੈਨਕੂਵਰ: ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਜੂਨ ਵਿੱਚ ਇੱਕ ਸਿੱਖ ਵੱਖਵਾਦੀ ਦੀ ਹੱਤਿਆ ਦੀ ਕੈਨੇਡਾ ਪੁਲਿਸ ਦੀ ਜਾਂਚ ਨੂੰ ਇੱਕ ਉੱਚ ਪੱਧਰੀ ਕੈਨੇਡੀਅਨ ਅਧਿਕਾਰੀ ਵੱਲੋਂ ਜਨਤਕ ਬਿਆਨਾਂ ਨਾਲ ਨੁਕਸਾਨ ਪਹੁੰਚਾਇਆ ਗਿਆ ਹੈ। ਕੈਨੇਡਾ ਨੇ ਵੈਨਕੂਵਰ ਦੇ ਸਰੀ ਵਿੱਚ ਕੈਨੇਡੀਅਨ ਨਾਗਰਿਕ ਅਤੇ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਭਾਰਤ ਨੇ ਕੈਨੇਡਾ ਦੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਸੀ। ਉਦੋਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਸਬੰਧ ਆਪਣੇ ਹੇਠਲੇ ਪੱਧਰ @ਤੇ ਪਹੁੰਚ ਗਏ ਹਨ। ਭਾਰਤ ਅਤੇ ਕੈਨੇਡਾ ਨੇ ਇਸ ਮਾਮਲੇ ਵਿੱਚ ਇੱਕ ਦੂਜੇ ਦੇ ਦੋ ਚੋਟੀ ਦੇ ਡਿਪਲੋਮੈਟਾਂ ਨੂੰ ਵੀ ਕੱਢ ਦਿੱਤਾ ਹੈ। ਇਸ ਤੋਂ ਇਲਾਵਾ ਭਾਰਤ ਨੇ ਕੁਝ ਦਿਨਾਂ ਲਈ ਕੈਨੇਡਾ ਲਈ ਵੀਜ਼ਾ ਸੇਵਾ ਵੀ ਬੰਦ ਕਰ ਦਿੱਤੀ ਸੀ, ਜੋ ਬਾਅਦ ਵਿੱਚ ਮੁੜ ਸ਼ੁਰੂ ਕਰ ਦਿੱਤੀ ਗਈ ਸੀ।

ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਗਲੋਬ ਐਂਡ ਮੇਲ ਨਾਲ ਇੱਕ ਇੰਟਰਵਿਊ ਵਿੱਚ ਕਿਹਾ, ਮੈਂ ਇੱਕ ਕਦਮ ਅੱਗੇ ਜਾ ਕੇ ਕਹਾਂਗਾ ਕਿ ਹੁਣ ਜਾਂਚ ਪਹਿਲਾਂ ਹੀ ਦਾਗੀ ਹੋ ਚੁੱਕੀ ਹੈ। ਉੱਚ ਪੱਧਰ ’ਤੇ ਕਿਸੇ ਨੇ ਇਹ ਕਹਿਣ ਲਈ ਨਿਰਦੇਸ਼ ਦਿੱਤੇ ਹਨ ਕਿ ਇਸ ਪਿੱਛੇ ਭਾਰਤ ਜਾਂ ਭਾਰਤੀ ਏਜੰਟ ਹਨ। ਵਰਮਾ ਨੇ ਉੱਚ ਪੱਧਰੀ ਅਧਿਕਾਰੀ ਦਾ ਨਾਂ ਨਹੀਂ ਦੱਸਿਆ। 18 ਸਤੰਬਰ ਨੂੰ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ: ÷ਕੈਨੇਡੀਅਨ ਸੁਰੱਖਿਆ ਏਜੰਸੀਆਂ ਸਰਗਰਮੀ ਨਾਲ ਭਾਰਤੀ ਸਰਕਾਰੀ ਏਜੰਟਾਂ ਅਤੇ ਨਿੱਝਰ ਦੀ ਮੌਤ ਵਿਚਕਾਰ ਸੰਭਾਵਿਤ ਸਬੰਧ ਦੇ ਭਰੋਸੇਯੋਗ ਦੋਸ਼ਾਂ ਦੀ ਪੈਰਵੀ ਕਰ ਰਹੀਆਂ ਹਨ।

**ਭਾਰਤ ਕੈਨੇਡਾ ਨਾਲ ਚੰਗੇ ਸਬੰਧ ਚਾਹੁੰਦਾ ਹੈ**

ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਕੈਨੇਡਾ ਜਾਂ ਕੈਨੇਡਾ ਦੇ ਸਹਿਯੋਗੀਆਂ ਨੇ ਭਾਰਤ ਨੂੰ ਇਸ ਗੱਲ ਦੇ ਠੋਸ ਸਬੂਤ ਨਹੀਂ ਦਿਖਾਏ ਹਨ ਕਿ ਨਿੱਝਰ ਦੇ ਕਤਲ ਵਿਚ ਭਾਰਤੀ ਏਜੰਟ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅਪੂਰਨ ਸਬੰਧਾਂ ਦੇ ਬਾਵਜੂਦ ਭਾਰਤ ਵਪਾਰਕ ਸਬੰਧਾਂ ਨੂੰ ਵਧਾਉਣਾ ਅਤੇ ਵਪਾਰਕ ਸੌਦਿਆਂ ’ਤੇ ਗੱਲਬਾਤ ਦੀ ਮੇਜ਼ ’ਤੇ ਵਾਪਸ ਆਉਣਾ ਚਾਹੇਗਾ।

**ਨਿੱਝਰ ਕਤਲੇਆਮ ਕਾਰਨ ਭਾਰਤ-ਕੈਨੇਡਾ ਸਬੰਧ ਵਿਗੜ ਗਏ ਸਨ**

ਇਸ ਮਾਮਲੇ ਨੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਵਿਵਾਦ ਪੈਦਾ ਕਰ ਦਿੱਤਾ ਹੈ। ਨਿੱਝਰ ਦੀ ਹੱਤਿਆ ’ਤੇ ਕੈਨੇਡਾ ਦੇ ਦੋਸ਼ਾਂ ਤੋਂ ਬਾਅਦ ਸਤੰਬਰ ’ਚ ਭਾਰਤ ਨੇ ਕੈਨੇਡਾ ਨੂੰ ਨਵੀਂ ਦਿੱਲੀ ’ਚ ਆਪਣੀ ਡਿਪਲੋਮੈਟਿਕ ਮੌਜੂਦਗੀ ਘਟਾਉਣ ਲਈ ਕਿਹਾ ਸੀ। ਇਸ ਤੋਂ ਬਾਅਦ ਕੈਨੇਡਾ ਨੇ ਭਾਰਤ ਤੋਂ 41 ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ ਹੈ। ਸਤੰਬਰ ਵਿੱਚ, ਕੈਨੇਡਾ ਨੇ ਭਾਰਤ ਨਾਲ ਪ੍ਰਸਤਾਵਿਤ ਵਪਾਰਕ ਸੰਧੀ ’ਤੇ ਗੱਲਬਾਤ ਰੋਕ ਦਿੱਤੀ, ਸਿਰਫ ਤਿੰਨ ਮਹੀਨਿਆਂ ਬਾਅਦ ਜਦੋਂ ਦੋਵਾਂ ਦੇਸ਼ਾਂ ਨੇ ਕਿਹਾ ਕਿ ਉਹ ਇਸ ਸਾਲ ਇੱਕ ਸ਼ੁਰੂਆਤੀ ਸਮਝੌਤੇ ’ਤੇ ਮੋਹਰ ਲਗਾਉਣ ਦਾ ਟੀਚਾ ਰੱਖਦੇ ਹਨ।

## ਬ੍ਰਿਟਿਸ਼ ਸਿੱਖ ਐਮ.ਪੀ. ਵੱਲੋਂ ਨਿਆਂ ਸਕੱਤਰ ਨੂੰ ਪੱਤਰ, ਸਿੱਖਾਂ ਦੇ ਅਧਿਕਾਰਾਂ ਦੇ ਸਨਮਾਨ ਦੀ ਕੀਤੀ ਮੰਗ



ਲੰਡਨ- ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਦੇਸ਼ ਦੇ ਜਸਟਿਸ ਸਕੱਤਰ ਨੂੰ ਪੱਤਰ ਲਿਖ ਕੇ ਸਿੱਖਾਂ ਦੇ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਸਨਮਾਨ ਕਰਨ ਦੀ ਮੰਗ ਕੀਤੀ ਹੈ, ਜਦੋਂ ਇੱਕ ਅੰਮ੍ਰਿਤਧਾਰੀ ਸਿੱਖ ਨੂੰ ਸ੍ਰੀ ਸਾਹਿਬ ਲਿਜਾਣ ਕਾਰਨ ਜਿਊਰੀ ਸੇਵਾ ਤੋਂ ਰੋਕਿਆ ਗਿਆ ਸੀ। ਪਿਛਲੇ ਮਹੀਨੇ ਬਰਮਿੰਘਮ ਕ੍ਰਾਊਨ ਕੋਰਟ ਵਿੱਚ ਜਿਊਰੀ ਸੇਵਾ ਵਿੱਚ ਸ਼ਾਮਲ ਹੋਣ ਤੋਂ ਰੋਕੇ ਜਾਣ ਤੋਂ ਬਾਅਦ ਜਤਿੰਦਰ ਸਿੰਘ ਨੇ ‘ਇੱਕ ਅਪਰਾਧੀ ਵਰਗਾ ਮਹਿਸੂਸ ਕੀਤਾ’। ਗਿੱਲ ਨੇ ਬਰਮਿੰਘਮ ਲਾਈਵ ਵਿੱਚ ਪ੍ਰਕਾਸ਼ਿਤ ਆਪਣੇ ਪੱਤਰ ਵਿੱਚ ਕਿਹਾ, ‘ਮੇਰਾ ਮੰਨਣਾ ਹੈ ਕਿ ਇਹ ਘਟਨਾ ਇੱਕ ਗੰਭੀਰ ਮੁੱਦੇ ਨੂੰ ਉਜਾਗਰ ਕਰਦੀ ਹੈ ਜਿਸ ਨੂੰ ਇਹ ਯਕੀਨੀ ਬਣਾਉਣ ਲਈ ਸੰਬੋਧਿਤ ਕਰਨ ਦੀ ਜ਼ਰੂਰਤ ਹੈ ਕਿ ਵਿਅਕਤੀ, ਉਸ ਦੇ ਧਾਰਮਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਭੇਦਭਾਵ ਦਾ ਸਾਹਮਣਾ ਕੀਤੇ ਬਿਨਾਂ ਨਾਗਰਿਕ ਫਰਜ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।’ ਅੰਮ੍ਰਿਤਧਾਰੀ ਸਿੱਖਾਂ ਨੂੰ ਆਪਣੇ ਵਿਸ਼ਵਾਸ ਦੇ ਪ੍ਰਤੀਕ ਵਜੋਂ ਹਰ ਸਮੇਂ ਪੰਜ ‘ਕਕਾਰ’ ਆਪਣੇ ਨਾਲ ਰੱਖਣ ਦੀ ਲੋੜ ਹੁੰਦੀ ਹੈ- ਜਿਸ ਵਿੱਚ ਕੇਸ, ਕੜਾ, ਕੰਘਾ, ਕੱਚਾ ਅਤੇ ਕਿਰਪਾਨ ਸ਼ਾਮਲ ਹਨ। ਐਜਬੈਸਟਨ ਦੇ ਸੰਸਦ ਮੈਂਬਰ ਨੇ ਪਿਛਲੇ ਹਫ਼ਤੇ ਪੱਤਰ ਵਿੱਚ ਲਿਖਿਆ ਸੀ,÷ਸਿੰਘ, ਜਿਸ ਕੋਲ ਕ੍ਰਿਮੀਨਲ ਜਸਟਿਸ ਐਕਟ 1988 ਦੁਆਰਾ ਆਗਿਆ ਦਿੱਤੀ ਗਈ ਹੈ, ਨੇ ਪਾਇਆ ਕਿ ਉਨ੍ਹਾਂ ਨੂੰ ਆਪਣੀ ਜਿਊਰੀ ਸੇਵਾ ਦੌਰਾਨ ਅਦਾਲਤ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਹ ਘਟਨਾ ਬੇਹੱਦ ਚਿੰਤਾਜਨਕ ਹੈ ਕਿਉਂਕਿ ਇਹ ਨਾ ਸਿਰਫ਼ ਧਾਰਮਿਕ ਆਜ਼ਾਦੀ ਦੇ ਮੁੱਦਿਆਂ ਨੂੰ ਉਜਾਗਰ ਕਰਦਾ ਹੈ ਪਰ ਸਾਡੀ ਕਾਨੂੰਨੀ ਪ੍ਰਣਾਲੀ ਦੀ ਸ਼ਮੂਲੀਅਤ ਅਤੇ ਭਰੋਸੇਯੋਗਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ, ÷ਇਹ ਜ਼ਰੂਰੀ ਹੈ ਕਿ ਅਸੀਂ ਯਕੀਨੀ ਕਰੀਏ ਕਿ ਸਿੰਘ ਵਰਗੇ ਵਿਅਕਤੀ, ਜਿਨ੍ਹਾਂ ਨੂੰ ਆਪਣੇ ਨਾਗਰਿਕ ਫਰਜ਼ ਨਿਭਾਉਣ ਲਈ ਬੁਲਾਇਆ ਜਾਂਦਾ ਹੈ, ਉਹ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਸਮਝੌਤਾ ਕੀਤੇ ਬਿਨਾਂ ਅਜਿਹਾ ਕਰਨ ਦੇ ਯੋਗ ਹੋਣ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023





# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023





ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ

ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿੱਲ ਵੱਲੋਂ

## ਆਪ ਸਭ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

**11 N Broadway, Hicksville, NY 11801 Tel : 516-933-4878**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023



ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ
ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ ਦਲੇਰ ਸਿੰਘ ਵੱਲੋਂ



## ਦੀਵਾਲੀ ਅਤੇ ਬੰਦੀ ਛੋੜ ਦਿਵਸ
## ਦੀਆਂ ਲੱਖ ਲੱਖ ਵਧਾਈਆਂ

# Daler Singh

(President)

# 917-848-9033

Baba Makhan Shah Lubana Sikh Center
113-10 101st Ave, South Richmond Hill, NY 11419 United States

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 225 | Website: www.preetnama.com Email preetnamausa@gmail.com | 10 NOV TO 16 NOV, 2023




PREETNAMA ਪ੍ਰੀਤਨਾਮਾ ਖਰਾ ਸੱਚ

ਪ੍ਰੀਤਨਾਮਾ ਵੱਲੋਂ

## ਦੀਵਾਲੀ ਅਤੇ ਬੰਦੀ ਛੋੜ ਦਿਵਸ

ਦੀਆਂ ਲੱਖ-ਲੱਖ ਵਧਾਈਆਂ

PREET NAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV



# ਬੰਦੀ ਛੋੜ ਦਿਵਸ ਅਤੇ ਦੀਵਾਲੀ ਤੇ ਵਿਸ਼ੇਸ਼

**ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ ‘ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ। ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ।**

ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਦੀਵਾਲੀ ਦਾ ਤਿਉਹਾਰ ਭਾਵੇਂ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿਚ ਬੜੀ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ ‘ਚ ਇਸ ਦਾ ਇਤਿਹਾਸਕ ਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸੰਬੰਧ ਉਸ ਸਮੇਂ ਤੋਂ ਜੁੜਿਆ ਹੋਇਐ,ਜਦੋਂ ਮੀਰੀ-ਪੀਰੀ ਦੇ ਮਾਲਕ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਛੇਵੇਂ ਸਤਿਗੁਰਾਂ ਨੂੰ ਜਿਨ੍ਹਾਂ ਕਾਰਨਾਂ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਫਿਰ ਰਿਹਾਅ ਕਰ ਦਿੱਤਾ ਗਿਆ, ਦੀ ਜਾਣਕਾਰੀ ਬਿਨਾਂ ਬੰਦੀ-ਛੋੜ ਦਿਵਸ ਦੀ ਅਹਿਮੀਅਤ ਨੂੰ ਸਮਝਣਾ ਔਖਾ ਹੈ। ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਟ੍ਰੇਨਿੰਗ ਦਿੱਤੀ ਜਾਣ ਲੱਗੀ। ਗੁਰੂ-ਘਰ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਜਿਸ ਦੇ ਫ਼ਲਸਰੂਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਗਾਵਤ ਦੇ ਝੂਠੇ ਦੋਸ਼ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਸਿੱਖ ਸੰਗਤਾਂ ਲਈ ਇਹ ਖਬਰ ਬੜੀ ਹਿਰਦੇ ਵੇਦਕ ਸੀ। ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ ਜਿਥੇ ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੋਣ ਲੱਗਾ ਅਤੇ ਕਾਲ-ਕੋਠੜੀਆਂ ਵਿਚੋਂ ਪ੍ਰਭੂ-ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਣ ਲੱਗੀਆਂ। ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਬੰਦੀਆਂ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਓਧਰ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਣ ਲੱਗੀ। ਬਾਬਾ ਬੁੱਢਾ ਜੀ ਦੀ ਅਗਵਾਈ ‘ਚ ਸਿੱਖ ਸੰਗਤਾਂ ਦਾ ਇਕ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਗਵਾਲੀਅਰ ਲਈ ਰਵਾਨਾ ਹੋਇਆ। ਜਿਥੋਂ-ਜਿਥੋਂ ਇਹ ਜਥਾ ਕੀਰਤਨ ਕਰਦਾ ਹੋਇਆ ਗੁਜ਼ਰਦਾ, ਸਿੱਖ ਸੰਗਤਾਂ ਇਸ ਦਾ ਭਾਰੀ ਸਵਾਗਤ ਕਰਦੀਆਂ। ਜਦੋਂ ਇਹ ਜਥਾ ਗਵਾਲੀਅਰ ਦੇ ਕਿਲ੍ਹੇ ਪਹੁੰਚਿਆ ਤਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਮੁਲਾਕਾਤ ਜਾਂ ਦਰਸ਼ਨ ਕਰਨ ਦੀ ਇਜ਼ਾਜ਼ਤ ਨਾ ਮਿਲ ਸਕੀ। ਪਰ ਇਹ ਜਥਾ ਕੀਰਤਨ ਕਰਦਿਆਂ, ਗਵਾਲੀਅਰ ਦੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਂਟ ਕਰ ਵਾਪਸ ਮੁੜ ਆਇਆ। ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ ‘ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ। ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਇਸ ਦਿਨ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ‘ਬੰਦੀ-ਛੋੜ’ ਦਾਤਾ ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ। ਰਿਹਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਰੀ ਗਿਣਤੀ ਵਿਚ ਜਿਸ ਦਿਨ ਸਿੱਖ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੇ ਤਾਂ ਉਸ ਦਿਨ ਦੀਵਾਲੀ ਦਾ ਦਿਨ ਸੀ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ ‘ਤੇ ਘਰਾਂ ਵਿਚ ਘਿਓ ਦੇ ਦੀਵੇ ਜਗਾਏ ਅਤੇ ਅਥਾਹ ਖੁਸ਼ੀਆਂ ਮਨਾਈਆਂ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ। ਇਸ ਦਿਨ ਤੋਂ ਸਿੱਖਾਂ ਵਾਸਤੇ ਦੀਵਾਲੀ ਇਕ ਪਵਿੱਤਰ ਦਿਹਾੜਾ ਬਣਗਿਆ ਅਤੇ ਸਿੱਖ ਜਗਤ ਹਰ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਬੰਦੀ-ਛੋੜਦਿਹਾੜਾ ਮਨਾਉਣ ਲੱਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਬੰਦੀਛੋੜ ਦਿਵਸ (ਦੀਵਾਲੀ) ਅਤੇ ਵਿਸਾਖੀ ਦੇ ਦਿਨ ‘ਸਰਬੱਤ ਖ਼ਾਲਸਾ’ ਅੰਮ੍ਰਿਤਸਰ ਵਿਖੇ ਇਕੱਤਰ ਹੁੰਦਾ, ਇਸ ਸਮੇਂ ਦਰਪੇਸ਼ ਮਸਲਿਆਂ ਸਬੰਧੀ ਪੰਥਕ ਫ਼ੈਸਲੇ ਤੇ ਗੁਰਮਤੇ ਕੀਤੇ ਜਾਂਦੇ।

1733 ਈਸਵੀ ਦੀ ਦੀਵਾਲੀ ਦੇ ਅਵਸਰ ‘ਤੇ ਵੀ ਭਾਈ ਮਨੀ ਸਿੰਘ ਜੀ ਨੇ ਇੰਜ ਹੀ ਇਕੱਤਰ ਹੋਣ ਲਈ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਪੁੱਜਣ ਦੇ ਸੱਦੇ ਭੇਜੇ। ਕਿਉਂਕਿ ਉਸ ਸਮੇਂ ਹਕੂਮਤ ਵਲੋਂ ਅਜਿਹੀ ਇਕੱਤਰਤਾ ਕਰਨ ਦੀ ਮਨਾਹੀ ਸੀ, ਇਸ ਲਈ ਭਾਈ ਮਨੀ ਸਿੰਘ ਨੇ ਵਿਸ਼ੇਸ਼ ਟੈਕਸ ਦੇਣਾ ਮੰਨ ਕੇ ਇਕੱਤਰਤਾ ਕਰਨ ਦੀ ਇਜ਼ਾਜ਼ਤ ਲੈ ਲਈ। ਓਧਰ ਨਵਾਬ ਜ਼ਕਰੀਆਂ ਖਾਨ ਨੇ ਇਸ ਇਕੱਠ ਉੱਤੇ ਹਮਲਾ ਕਰਕੇ ਇਕੱਤਰ ਹੋਏ ਸਿੰਘਾਂ ਨੂੰ ਮਾਰ ਮੁਕਾਣ ਦੀ ਯੋਜਨਾ ਬਣਾ ਲਈ, ਜਿਸ ਦੀ ਸੂਹ ਭਾਈ ਸਾਹਿਬ ਨੂੰ ਵੀ ਮਿਲ ਗਈ ਅਤੇ ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਟੈਕਸ ਨਾ ਭਰਨ ਦਾ ਬਹਾਨਾ ਲਗਾ ਕੇ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਲਾਹੌਰ ਸੱਦ ਭੇਜਿਆ ਅਤੇ ਟੈਕਸ ਨਾ ਅਦਾ ਕਰਨ ਦੀ ਸੂਰਤ ‘ਚ ਸਿੱਖ ਧਰਮ ਛੱਡ ਕੇ ਇਸਲਾਮ ਧਾਰਨ ਕਰਨ ਜਾਂ ਫਿਰ ਮੌਤ ਲਈ ਤਿਆਰ ਹੋਣ ਦਾ ਫ਼ੁਰਮਾਨ ਸੁਣਾ ਦਿੱਤਾ। ਭਾਈ ਸਾਹਿਬ ਨੇ ਹਕੂਮਤ ਨੂੰ ਆਪਣੇ ਇਕਰਾਰ ਤੋਂ ਫਿਰ ਜਾਣ ਕਾਰਨ ਟੈਕਸ ਭਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ‘ਸਿੱਖ ਲਈ ਧਰਮ ਪਿਆਰਾ ਹੈ, ਜਾਨ ਪਿਆਰੀ ਨਹੀਂ’, ਆਖ ਕੇ ਸ਼ਹਾਦਤ ਦਾ ਜਾਮ ਪੀਣਾ ਮਨਜ਼ੂਰ ਕੀਤਾ। ਕਾਜ਼ੀ ਵਲੋਂ ਦਿੱਤੇ ਫ਼ਤਵੇ ਅਨੁਸਾਰ ਭਾਈ ਮਨੀ ਸਿੰਘਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਇਸ ਇਤਿਹਾਸਕ ਅਵਸਰ ‘ਤੇ ਮੈਂ ਸਮੂਹ/ਸਿੱਖ ਸੰਗਤਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਅੱਜ ਜਿਥੇ ਸਮੁੱਚੇ ਸਿੱਖ ਜਗਤ ਵਲੋਂ ਅੱਜ ਬੰਦੀ ਛੋੜ ਦਿਵਸ (ਦੀਵਾਲੀ) ਦੇ ਇਤਿਹਾਸਕ ਦਿਹਾੜੇ ‘ਤੇ ਪੰਥ ਦੀ ਚੜ੍ਹਦੀ ਕਲਾ, ਆਪਸੀ ਏਕਤਾ ਤੇ ਸਦ-ਭਾਵਨਾ ਕਾਇਮ ਕਰਨ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਗੁਰੂ ਸਾਹਿਬ ਵਲੋਂ ਦਰਸਾਏ ਗੁਰਮਤਿ ਗਾਡੀ ਰਾਹ ਦੇ ਧਾਰਨੀ ਹੋ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਸ਼ ਖੰਡੇ-ਬਾਟੇ ਦੀ ਪਾਹੁਲ ਛਕ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣੀਏ।

ਪ੍ਰੀਤਨਾਮਾ ਵੱਲੋਂ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ

# ਦੀਵਿਆਂ ਦਾ ਤਿਉਹਾਰ ਦੀਵਾਲੀ

ਦੀਵਾਲੀ ਤੁਹਾਡੇ ਬੂਹੇ ’ਤੇ ਦਸਤਕ ਦੇਣ ਆ ਰਹੀ ਹੈ। ਤਾਰਿਆਂ ਦੀ ਨਿੰਮੀ-ਨਿੰਮੀ ਲੋਅ ਵਾਂਗ ਟਿਮ-ਟਿਮਾਉਂਦੀ ਦੀਵਾਲੀ ਦਾ ਤਿਉਹਾਰ ਸੰਸਾਰ ਭਰ ਦੇ ਵਿਚ ਨਵੰਬਰ ਦੇ ਮਹੀਨੇ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਭਾਰਤ ਦਾ ਇਕ ਅਜਿਹਾ ਤਿਉਹਾਰ ਹੈ ਜਿਹੜਾ ਹੋਰ ਵੀ ਕਈ ਦੇਸਾਂ ਵਿਚ ਮਨਾਇਆ ਜਾਂਦਾ ਹੈ।

ਦੀਵਾਲੀ ਸਬਦ ਦੀਪਾਵਲੀ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ‘ਦੀਵਿਆਂ ਦੀਆਂ ਕਤਾਰਾਂ’। ਦੀਵਾਲੀ ਦੀ ਰਾਤ ਨੂੰ ਲੋਕ ਆਪਣੇ ਘਰਾਂ ਨੂੰ ਦੀਵਿਆਂ ਨਾਲ ਰੌਸਨ ਕਰਦੇ ਹਨ। ਦੀਵੇ ਆਪ ਜਲ ਕੇ ਦੂਜਿਆਂ ਦਾ ਮਾਰਗ ਰੋਸਨ ਕਰਦੇ ਹਨ ਅਤੇ ਸਾਨੂੰ ਆਪਣਾ ਆਪ ਕੁਰਬਾਨ ਕਰਕੇ ਦੂਜਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ। ਇਸ ਦਿਨ ਲੋਕ ਇਕ-ਦੂਜੇ ਨੂੰ ਮਿਠਾਈਆਂ ਦਿੰਦੇ ਹਨ ਅਤੇ ਚੰਗੇ ਭਵਿੱਖ ਲਈ ਸੁਭਕਾਮਨਾਵਾਂ ਦਿੰਦੇ ਹਨ।

ਹਿੰਦੂ ਧਰਮ ਅਨੁਸਾਰ ਦੀਵਾਲੀ ਵਾਲੇ ਦਿਨ ਸ੍ਰੀ ਰਾਮ ਚੰਦਰ ਜੀ ਆਪਣੀ ਪਤਨੀ ਸੀਤਾ ਨੂੰ ਰਾਵਣ ਦੀ ਕੈਦ ‘ਚੋਂ ਛੁਡਾਉਣ ਲਈ ਉਸਦਾ ਅੰਤ ਕਰਕੇ ਅਤੇ ਆਪਣੇ ਪਿਤਾ ਰਾਜਾ ਦਸਰਥ ਵੱਲੋਂ ਮਿਲਿਆ 14 ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਸਨ। ਅਯੁੱਧਿਆ ਵਾਸੀਆਂ ਨੇ ਸ੍ਰੀ ਰਾਮ ਚੰਦਰ ਜੀ ਦੇ ਆਉਣ ਦੀ ਖੁਸੀ ਵਿਚ ਘਿਉ ਦੇ ਦੀਵੇ ਜਗਾਏ ਸਨ। ਉਦੋਂ ਤੋਂ ਦੀਵਾਲੀ ਦਾ ਇਹ ਤਿਉਹਾਰ ਲਗਾਤਾਰ ਪੂਰੇ ਭਾਰਤ ਵਾਸੀਆਂ ਵਲੋਂ ਮਨਾਇਆ ਜਾਂਦਾ ਹੈ। ਸਿੱਖ ਧਰਮ ਵਿਚ ਵੀ ਦੀਵਾਲੀ ਦੇ ਦਿਨ ਦਾ ਵੱਡਾ ਮਹੱਤਵ ਹੈ। ਦੀਵਾਲੀ ਵਾਲੇ ਦਿਨ ਹੀ ਸਿੱਖਾਂ ਦੇ ਛੇਵੇਂ ਪਾਤਿਸਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਮੁਗਲ ਬਾਦਸਾਹ ਜਹਾਂਗੀਰ ਦੀ ਕੈਦ ਵਿਚੋਂ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਪੁੱਜਣ ‘ਤੇ ਲੋਕਾਂ ਨੇ ਦੇਸੀ ਘਿਉ ਦੇ ਦੀਵੇ ਜਗਾ ਕੇ ਰੌਸਨੀਆਂ ਕੀਤੀਆਂ, ਉਦੋਂ ਤੋਂ ਦੀਵਾਲੀ ਦੇ ਤਿਉਹਾਰ ਨੂੰ ‘ਬੰਦੀ ਛੋੜ ਦਿਵਸ’ ਵਜੋਂ ਮਨਾਇਆ ਜਾਣ ਲੱਗਾ।

ਤਿਉਹਾਰਾਂ ਦਾ ਜਨਮ ਕੁਦਰਤ ਨਾਲ ਇਕਸੁਰਤਾ ਵਧਾਉਣ ਲਈ ਹੋਇਆ ਸੀ, ਪਰੰਤੂ ਅੱਜ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਦੀਵਾਲੀ ਦੀ ਰਾਤ ਪਟਾਕੇ ਚਲਾਉਣ ਕਾਰਨ ਕਈ ਦੁੱਖਦਾਈ ਘਟਨਾਵਾਂ ਵਾਪਰਦੀਆਂ ਹਨ। ਕਈ ਥਾਵਾਂ ‘ਤੇ ਅੱਗ ਲੱਗ ਜਾਂਦੀ ਹੈ ਜਾਂ ਖੇਤਾਂ ਨੂੰ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਪਟਾਕੇ ਵੱਡੀ ਮਾਤਰਾ ‘ਚ ਪ੍ਰਦੂਸਣ ਦਾ ਕਾਰਨ ਵੀ ਬਣਦੇ ਹਨ। ਪਟਾਕਿਆਂ ਨਾਲ ਹਵਾ ‘ਚ ਪੈਦਾ ਹੋਏ ਰਸਾਇਣ ਦਮਾ, ਖੰਘ, ਜੁਕਾਮ, ਛਾਤੀ ਰੋਗ, ਕੈਂਸਰ, ਕਮਜੋਰੀ, ਬੇਚੈਨੀ, ਅਧਰੰਗ, ਫੇਫੜਿਆਂ ਦਾ ਕੈਂਸਰ, ਕੰਨਾਂ ਦੇ ਰੋਗ ਆਦਿ ਅਨੇਕਾਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਹਰ ਵਿਅਕਤੀ ਨੂੰ ਆਪ ਹੀ ਇਸ ਸਬੰਧੀ ਜਾਗਰੂਕ ਹੋ ਕੇ ਪਟਾਕਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਾਨੂੰ ‘ਹਰੀ ਦੀਵਾਲੀ’ ਮਨਾਉਣ ਦੇ ਸੰਕਲਪ ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਵਾਤਾਵਰਨ ਨੂੰ ਦੂਸਤਿ ਹੋਣ ਤੋਂ ਬਚਾਉਣਾ ਚਾਹੀਦਾ ਹੈ।

ਸਾਨੂੰ ਵੱਧ ਤੋਂ ਵੱਧ ਹਰੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਸਹੀ ਅਰਥਾਂ ‘ਚ ਹਰੀ ਦੀਵਾਲੀ ਮਨਾਈ ਜਾ ਸਕੇ।

**ਨਵੇਂ ਢੰਗ ਨਾਲ ਆਉ ਦੀਵਾਲੀ ਮਨਾਈਏ, ਸਾਰੇ ਮਿਲ ਕੇ ਇੱਕ-ਇੱਕ ਰੁੱਖ ਲਗਾਈਏ। ਨਵੇਂ ਢੰਗ ਨਾਲ... ਬੇਸ਼ੱਕ ਰੰਗ-ਰੋਗਨ ਕਰਵਾ ਕੇ ਘਰ ਚਮਕਾਉ, ਪਰ ਧਰਤੀ ਮਾਂ ਦੀ ਸੁੰਦਰਤਾ ਵੱਲ ਵੀ ਧਿਆਨ ਲਗਾਉ। ਹਰੇ-ਭਰੇ ਰੁੱਖ ਲਗਾ, ਇਹਦੀ ਸ਼ਾਨ ਵਧਾਈਏ, ਨਵੇਂ ਢੰਗ ਨਾਲ... ਪ੍ਰਦੂਸ਼ਣ ਦੇ ਨਾਲ ਵਾਤਾਵਰਨ ਹੈ ਗੰਧਲਾ ਹੋਇਆ, ਹਰ ਬੰਦਾ ਨਾਲ ਬੀਮਾਰੀਆਂ ਫਿਰਦਾ ਹੈ ਅਧਮੋਇਆ। ਰੁੱਖ ਲਗਾ ਕੇ ਸਭ ਨੂੰ ਸੁਖ ਦਾ ਸਾਹ ਦਿਵਾਈਏ, ਨਵੇਂ ਢੰਗ ਨਾਲ... ਦਿਨ ਵਿੱਚ ਦਿਸੇ ਹਰ ਪਾਸੇ ਹਰਿਆਲੀ-ਹਰਿਆਲੀ, ਰਾਤ ਹੋਵੇ ਪਰ ਲਟ-ਲਟ ਬਲਦੇ ਦੀਵਿਆਂ ਵਾਲੀ।**



ਬਿਜਲੀ ਦੀਆਂ ਰੰਗ-ਬਿਰੰਗੀਆਂ ਲੜੀਆਂ ਦੀ ਥਾਂ ‘ਤੇ ਮਿੱਟੀ ਦੇ ਦੀਵੇ ਜਗਾਉਣੇ ਚਾਹੀਦੇ ਹਨ, ਤਾਂ ਜੋ ਨਜਰ ਆਵੇ ਕਿ ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਇਸ ਨਾਲ ਬਿਜਲੀ ਦੀ ਬੱਚਤ ਵੀ ਹੁੰਦੀ ਹੈ। ਦੀਵਾਲੀ ਮੌਕੇ ਆਪਣੇ ਰਿਸਤੇਦਾਰਾਂ ਜਾਂ ਦੋਸਤਾਂ ਨੂੰ ਹਰਬਲ ਗਿਫਟ ਦੇਣੇ ਚਾਹੀਦੇ ਹਨ, ਜੋ ਹੱਥਾਂ ਨਾਲ ਬਣੀਆਂ ਮੋਮਬੱਤੀਆਂ ਜਾਂ ਖਾਸ ਪੌਦੇ ਹੋ ਸਕਦੇ ਹਨ।

ਸਾਨੂੰ ਆਪਣਾ ਘਰ ਸਜਾਉਣ ਲਈ ਬਨਾਵਟੀ ਫੁੱਲਾਂ ਦੀ ਥਾਂ ‘ਤੇ ਕੁਦਰਤੀ ਫੁੱਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਰੰਗੋਲੀ ਬਣਾਉਣ ਲਈ ਸਾਨੂੰ ਹਮੇਸਾ ਜੈਵਿਕ ਰੰਗਾਂ ਦੀ ਚੋਣ ਕਰਨੀ ਚਾਹੀਦੀ ਹੈ ਜਾਂ ਫਿਰ ਫੁੱਲਾਂ ਅਤੇ ਪੱਤਿਆਂ ਦੀ ਵਰਤੋਂ ਨਾਲ ਵੀ ਘਰ ਸਜਾਇਆ ਜਾ ਸਕਦਾ ਹੈ। ਬਾਜਾਰਾਂ ਵਿਚ ਮੌਜੂਦ ਮਿਲਾਵਟੀ ਮਿਠਾਈਆਂ ਦੀ ਥਾਂ ਸਾਨੂੰ ਆਪਣੇ ਘਰਾਂ ‘ਚ ਹੀ ਰਲ-ਮਿਲ ਕੇ ਮਿਠਾਈਆਂ ਬਣਾਉਣੀਆਂ ਚਾਹੀਦੀਆਂ ਹਨ। ਦੀਵਾਲੀ ਦੀ ਰਾਤ ਵਰਤੋਂ ‘ਚ ਲਿਆਂਦੇ ਦੀਵਿਆਂ ਨੂੰ ਕੂੜੇ ‘ਚ ਨਾ ਸੁੱਟੋ। ਇਨ੍ਹਾਂ ਨੂੰ ਅਗਲੇ ਸਾਲ ਫਿਰ ਵਰਤਿਆ ਜਾ ਸਕਦਾ ਹੈ। ਇਸ ਨਾਲ ਪੈਸੇ ਦੀ ਬੱਚਤ ਹੁੰਦੀ ਹੈ।

ਦੀਵਾਲੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਦੇ ਨਾਲ ਮਨਾਇਆ ਜਾਂਦਾ ਹੈ। ਲੋਕ ਆਪਣੇ ਘਰਾਂ, ਦੁਕਾਨਾਂ, ਦਫਤਰਾਂ ਆਦਿ ਦੀਆਂ ਸਫਾਈਆਂ ਬੜੇ ਚਾਵਾਂ ਦੇ ਨਾਲ ਕਰਦੇ ਹਨ। ਕਈ ਘਰਾਂ ਵਿਚ ਰੰਗ ਰੋਗਨ ਹੁੰਦਾ ਹੈ ਤਾਂ ਜੋ ਦੀਵਾਲੀ’ਤੇ ਘਰ ਸੁੰਦਰ ਅਤੇ ਸਾਫ ਦਿਖਣ। ਇਸਦੇ ਪਿਛੇ ਇਕ ਆਮ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਜਿਥੇ ਸਾਫ ਸਫਾਈ ਹੁੰਦੀ ਹੈ, ਉੱਥੇ ਬਰਕਤ ਹੁੰਦੀ ਹੈ, ਖੁਸ਼ੀਆਂ ਆਉਂਦੀਆਂ ਹਨ ਅਤੇ ਮਾਹੌਲ ਸ਼ਾਂਤਮਈ ਬਣਦਾ ਹੈ। ਦੂਸਰੇ ਪਾਸੇ ਅਸੀਂ ਮਨਾਂ ਦੀ ਗੱਲ ਕਰੀਏ ਤਾਂ ਅੱਜ ਦਾ ਇਨਸਾਨ ਵੈਰ, ਵਿਰੋਧ, ਈਰਖਾ, ਨਫਰਤ, ਬੁਰੀਆਂ ਸੋਚਾਂ ਸਮੇਤ ਕਈ ਇਹੋ ਜਿਹੀਆਂ ਭਾਵਨਾਵਾਂ ਮਨਾਂ ਦੇ ਵਿਚ ਰੱਖ ਕੇ ਬੈਠਾ ਹੈ, ਜਿਸ ਨਾਲ ਲੋਕਾਂ ਦੇ ਘਰਾਂ ਦੇ ਨਾਲ-ਨਾਲ ਸਮਾਜ ਦੇ ਵਿਚ ਗੰਦਗੀ ਫੈਲ ਰਹੀ ਹੈ, ਜਿਸਦੇ ਦ੍ਰਿਸ਼ ਸਾਨੂੰ ਅੱਜਕਲ ਦੇਖਣ ਨੂੰ ਮਿਲਦੇ ਹੀ ਰਹਿੰਦੇ ਹਨ। ਇਨਾਂ ਬੁਰਾਈਆਂ ਦਾ ਜ਼ਿਕਰ ਗੁਰੂਆਂ ਪੀਰਾਂ ਨੇ ਆਪਣੀਆਂ ਸਿੱਖਿਆਵਾਂ ਦੇ ਵਿਚ ਕੀਤਾ ਹੈ। ਗੁਰੂਆਂ ਪੀਰਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਜਿਸਦੇ ਮਨ ਵਿਚ ਇਹ ਬੁਰਾਈਆਂ ਹੁੰਦੀਆਂ ਹਨ ਉਥੇ ਕਦੇ ਖੁਸ਼ੀਆਂ, ਖੇੜੇ ਅਤੇ ਅਧਿਆਤਮਿਕ ਸੁੱਖ ਕਦੇ ਵੀ ਨਹੀਂ ਆ ਸਕਦਾ। ਇਸਦੇ ਲਈ ਮਨਾਂ ਵਿਚੋਂ ਇਨਾਂ ਸਮਾਜਿਕ ਬੁਰਾਈਆਂ ਨੂੰ ਕੱਢਣਾ ਬਹੁਤ ਜਰੂਰੀ ਹੈ। ਛੋਟੇ-ਛੋਟੇ ਬੱਚਿਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ, ਸ਼ਰੇਆਮ ਕਤਲ ਹੋ ਰਹੇ ਹਨ, ਚੋਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੁੱਟਖੋਹ ਤਾਂ ਆਮ ਜਿਹੀ ਹੀ ਗੱਲ ਹੋ ਗਈ ਹੈ। ਨਸ਼ਾ ਤਸਕਰਾਂ ਨੇ ਨਸ਼ੇ ਨੂੰ ਸਮਾਜ ਵਿਚ ਵਧਾ ਕੇ ਲੋਕਾਂ ਦੇ ਘਰਾਂ ਦੇ ਜਗਦੇ ਚਿਰਾਗ ਬੁਝਾ ਕੇ ਰੱਖ ਦਿੱਤੇ ਹਨ। ਆਏ ਦਿਨ ਨੌਜਵਾਨਾਂ ਦੀਆਂ ਮੌਤਾਂ ਦਿਲਾਂ ਵਿਚ ਇਕ ਇਹੋ ਜਿਹਾ ਦਰਦ ਪੈਦਾ ਕਰਦੀਆਂ ਹਨ ਕਿ ਕੋਈ ਵੀ ਤਿਉਹਾਰ ਚਾਹੇ ਉਹ ਜਿਨਾਂ ਹੀ ਵੱਡਾ ਤਿਉਹਾਰ ਹੀ ਕਿਉਂ ਨਾ ਹੋਵੇ ਉਸਨੂੰ ਮਨਾਉਣ ਨੂੰ ਚਿਤ ਨਹੀਂ ਕਰਦਾ। ਇਸ ਲਈ ਸਰਕਾਰਾਂ, ਪ੍ਰਸ਼ਾਸਨ, ਲੋਕ ਅਤੇ ਹੋਰ ਜੋ ਕਿ ਸਮਾਜਿਕ ਬੁਰਾਈਆਂ ਨੂੰ ਵਧਾਉਣ ਵਿਚ ਯੋਗਦਾਨ ਦੇ ਰਹੇ ਹਨ ਨੂੰ ਆਪਣੇ ਮਨਾਂ ਵਿਚੋਂ ਬੁਰਾਈਆਂ ਨੂੰ ਸਾਫ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ ਕਿਉਂਕਿ ਜਿਸ ਤਰਾਂ ਨਾਲ ਇਸ ਸਮੇਂ ਸਮਾਜ ਦੀ ਦਿਸ਼ਾਹੀਨ ਹੁੰਦੇ ਹੋਏ ਸਮਾਜਿਕ ਬੁਰਾਈਆਂ ਦੀ ਗੰਦਗੀ ਫੈਲ ਰਹੀ ਹੈ ਉਸ ਲਈ ਸਾਰਿਆਂ ਨੂੰ ਮਿਲ ਕੇ ਇਕੱਠਿਆ ਹੋ ਕੇ ਇਨਾਂ ਬੁਰਾਈਆਂ ਦੇ ਖਿਲਾਫ ਝੰਡਾ ਚੁੱਕਣਾ ਹੋਵੇਗਾ, ਜੋ ਕਿ ਸਮੇਂ ਦੀ ਲੋੜ ਵੀ ਹੈ। ਦੀਵਾਲੀ ਸਮੇਤ ਹੋਰ ਜਿਨੇ ਵੀ ਤਿਉਹਾਰ ਤਾਂ ਹੀ ਮਨਾਏ ਜਾ ਸਕਣਗੇ ਜੇਕਰ ਮਾਹੌਲ ਸਾਂਤਮਈ ਹੋਵੇਗਾ, ਗੁਆਢੀਆਂ ਦੇ ਘਰਾਂ ਵਿਚ ਅੱਗ ਲਗੀ ਹੋਵੇ ਅਤੇ ਅਸੀਂ ਤਿਉਹਾਰਾਂ ਦੀ ਖੁਸ਼ੀਆਂ ਮਨਾਈਏ, ਇਹ ਗੱਲ ਕੋਈ ਜਚਦੀ ਨਹੀਂ। ਆਉ ਸਾਰੇ ਮਿਲਕੇ ਸਮਾਜਿਕ ਬੁਰਾਈਆਂ ਨੂੰ ਸਮਾਜ ਵਿਚ ਖਤਮ ਕਰਨ ਲਈ ਯਤਨਸ਼ੀਲ ਹੋਈਏ ਤਾਂ ਜੋ ਦੀਵਾਲੀ ਦੀ ਰੋਸ਼ਨੀ ਹਰ ਘਰ ਦੇ ਵਿਚ ਹੋ ਸਕੇ।

ਨਵੇਂ ਢੰਗ ਨਾਲ ਆਉ ਦੀਵਾਲੀ ਮਨਾਈਏ, ਸਾਰੇ ਮਿਲ ਕੇ ਇੱਕ-ਇੱਕ ਰੁੱਖ ਲਗਾਈਏ। ਨਵੇਂ ਢੰਗ ਨਾਲ... ਬੇਸ਼ੱਕ ਰੰਗ-ਰੋਗਨ ਕਰਵਾ ਕੇ ਘਰ ਚਮਕਾਉ, ਪਰ ਧਰਤੀ ਮਾਂ ਦੀ ਸੁੰਦਰਤਾ ਵੱਲ ਵੀ ਧਿਆਨ ਲਗਾਉ। ਹਰੇ-ਭਰੇ ਰੁੱਖ ਲਗਾ, ਇਹਦੀ ਸ਼ਾਨ ਵਧਾਈਏ, ਨਵੇਂ ਢੰਗ ਨਾਲ... ਪ੍ਰਦੂਸ਼ਣ ਦੇ ਨਾਲ ਵਾਤਾਵਰਨ ਹੈ ਗੰਧਲਾ ਹੋਇਆ, ਹਰ ਬੰਦਾ ਨਾਲ ਬੀਮਾਰੀਆਂ ਫਿਰਦਾ ਹੈ ਅਧਮੋਇਆ। ਰੁੱਖ ਲਗਾ ਕੇ ਸਭ ਨੂੰ ਸੁਖ ਦਾ ਸਾਹ ਦਿਵਾਈਏ, ਨਵੇਂ ਢੰਗ ਨਾਲ... ਦਿਨ ਵਿੱਚ ਦਿਸੇ ਹਰ ਪਾਸੇ ਹਰਿਆਲੀ-ਹਰਿਆਲੀ, ਰਾਤ ਹੋਵੇ ਪਰ ਲਟ-ਲਟ ਬਲਦੇ ਦੀਵਿਆਂ ਵਾਲੀ। ਜਗਮਗ-ਜਗਮਗ ਰੋਸ਼ਨੀਆਂ ਵਿੱਚ ਮਨ ਰੁਸ਼ਨਾਈਏ, ਨਵੇਂ ਢੰਗ ਨਾਲ... ਆਤਿਸ਼ਬਾਜ਼ੀ ਭੁੱਲ ਕੇ ਵੀ ਨਹੀਂ ਚਲਾਉਣੀ ਬੱਚਿਓ, ਧੁਨੀ-ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਉਠਾਉਣੀ ਬੱਚਿਓ। ਰੁੱਖ ਲਗਾ ਕੇ ਜਗ ਦੀਆਂ ਅਸੀਸਾਂ ਝੋਲੀ ਪਾਈਏ, ਨਵੇਂ ਢੰਗ ਨਾਲ ਦੀਵਾਲੀ ਮਨਾਈਏ। ਆਓ ਦੀਵਾਲੀ ਮਨਾਈਏ, ਇੱਕ-ਦੂਜੇ ਨਾਲ ਸਾਂਝ ਦਿਲਾਂ ਦੀ ਪਾਈਏ। ਸ਼ੋਰ-ਸ਼ਰਾਬਾ ਪਟਾਕਿਆਂ ਦਾ ਨਾ ਪਾਈਏ, ਖ਼ੁਸ਼ ਰਹਿ ਕੇ ਹਾਸਿਆਂ ਦੇ ਦੀਪ ਜਗਾਈਏ। ਬਾਰੂਦ ਚਲਾ ਕੇ ਵਾਤਾਵਰਨ ਨਾ ਗੰਦਾ ਕਰੀਏ, ਜੂਆ ਖੇਡ, ਸ਼ਰਾਬਾਂ ਪੀ, ਨਾ ਕਿਸੇ ਨਾਲ ਲੜੀਏ। ਮਿਲਾਵਟੀ ਖੋਆ ਤੇ ਹੋਰ ਮਠਿਆਈ ਨਾ ਖਾਈਏ, ਟੂਣੇ-ਟੱਪੇ ਕਰਨ ਲਈ, ਨਾ ਕਿਸੇ ਸਾਧ ਦੇ ਜਾਈਏ। ਮੋਮਬੱਤੀਆਂ ਤੇ ਦੀਵਿਆਂ ਨਾਲ ਬਨੇਰੇ ਸਜਾਈਏ, ਵੈਰ-ਈਰਖਾ ਕੱਢ ਦਿਲਾਂ ’ਚੋਂ ਪਿਆਰ ਫੈਲਾਈਏ। ਚੰਗੀਆਂ-ਚੰਗੀਆਂ ਗੱਲਾਂ ਨੂੰ, ਜੀਵਨ ਵਿੱਚ ਅਪਨਾਈਏ, ਇੱਕ-ਇੱਕ ਬੂਟਾ ਲਾ ਕੇ, ਇਸ ਧਰਤੀ ਨੂੰ ਬਚਾਈਏ। ਸੰਭਲ ਜਾਈਏ ਹੁਣ ਤੋਂ, ਹੋਰ ਕੁਝ ਗਵਾਈਏ ਨਾ, ਹਰੀ ਇਹ ਦੀਵਾਲੀ ਹੋਵੇ, ਪ੍ਰਦੂਸ਼ਣ ਹੋਰ ਫੈਲਾਈਏ ਨਾ। ਮਨਾਂ ਦੇ ਹਨੇਰੇ ਵੀ ਦੂਰ ਕਰ ਲਈਏ, ਪੌਦੇ ਲਾ ਕੇ, ਸਾਂਭ-ਸੰਭਾਲ ਵੀ ਕਰਦੇ ਰਹੀਏ। ਦੀਵਿਆਂ ਦੇ ਵਿੱਚ ਤੇਲ ਹੈ ਪਾਉਣਾ, ਰੂੰ ਦੀਆਂ ਬੱਤੀਆਂ ਵਿੱਚ ਟਿਕਾਉਣਾ, ਫਿਰ ਸਭ ਦੀਵੇ ਤੁਸੀਂ ਜਗਾਇਉ। ਵੱਡੇ ਬੰਬ ਨਾ ਲੈ ਕੇ ਆਉਣਾ, ਫੁਲਝੜੀਆਂ ਨਾਲ ਕੰਮ ਚਲਾਉਣਾ, ਮੋਮਬੱਤੀਆਂ ਵੀ ਤੁਸੀਂ ਜਗਾਇਉ।ਸੇਬ ਤੇ ਕੇਲੇ ਲੈ ਕੇ ਆਉਣਾ, ਮਠਿਆਈ ਨੂੰ ਹੱਥ ਨਹੀਂ ਲਾਉਣਾ, ਡਰਾਈ ਫਰੂਟ ਵੀ ਤੁਸੀਂ ਲਿਆਉਣਾ। ਬੱਚਿਉ ! ਦੀਵਾਲੀ ਇੰਜ ਮਨਾਇਉ।

**ਰਾਜਿੰਦਰ ਰਾਣੀ ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ**
8146859585

ਪ੍ਰੀਤਨਾਮਾ PREETNAMA ਖਰਾ ਸੱਚ
PREET NAMA KHARA SACH ONLINE AND PRINT MEDIA Preetnama TV

ਪ੍ਰੀਤਨਾਮਾ ਵੱਲੋਂ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ

# ਦੀਵਾਲੀ ਦੀ ਰੌਸ਼ਨੀ ਤੇ ਖਪਤਕਾਰੀ ਯੁੱਗ ਦੇ ਪ੍ਰਛਾਵੇ

ਬਦਲੇ ਜਮਾਨੇ ਨੇ ਖੁਸੀਆਂ ਦੇ ਮਾਇਨੇ ਹੀ ਬਦਲ ਦਿੱਤੇ ।ਅੱਜ ਸਭ ਪਾਸੇ ਮਾਲ ਕਲਚਰ, ਆਨ ਲਾਈਨ ਖਰੀਦਦਾਰੀ ਤੇ ਬਹੁਰਾਸ਼ਟਰੀ ਕੰਪਨੀਆਂ ਦੀ ਚਕਾਚੌਂਧ ਹੈ।ਖਪਤਕਾਰੀ ਯੁੱਗ ਦਾ ਮਾਇਆ ਜਾਲ ਸੇਲ ਜਾ ਮੁਫਤ ਦੇ ਲਾਲਚ ਵਸ ਲੋਕਾਈ ਨੂੰ ਜੇਬ ਖਾਲੀ ਹੁੰਦਿਆ ਵੀ ਪਤਾ ਨਹੀ ਲੱਗਣ ਦਿੰਦਾ। ।ਜਿਸ ਨੇ ਤਿਉਹਾਰਾਂ ਨੂੰ ਖਰੀਦੋ ਫਰੋਖਤ ਤੱਕ ਹੀ ਸੀਮਤ ਕਰ ਦਿੱਤਾ ਹੈ।ਨਾਲੋ ਨਾਲ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖੂਝੇ ਲਾ ਛੱਡਿਆ। ਅਧੁਨਿਕਤਾ ਦੀ ਆੜ ਵਿਚ ਇਹ ਕੋਈ ਅਲੋਕਾਰੀ ਗੱਲ ਨਹੀਂ ।ਪਰ ਤਿਉਹਾਰਾਂ ਨਾਲ ਜੁੜੇ ਚਾਅ, ਮੁਲਾਰ ਤੇ ਖੁਸ਼ੀਆਂ ਖੇੜੇ ਨੂੰ ਪੈਸੇ ਨਾਲ ਤੋਲਣਾ ਜ਼ਰੂਰ ਦੁਖਦਾਈ ਹੈ।ਤਿਉਹਾਰ ਸਾਂਝ ਤੇ ਸ਼ਾਂਤੀ ਦੇ ਸੰਦੇਸ਼ ਨਾਲ ਕੁਲ ਆਲਮ ਦੇ ਭਲੇ ਲਈ ਸੂਚਕ ਹਨ। ਸਭ ਲੋਕ ਘਰਾਂ ਦੀ ਸਫਾਈ, ਦੇਵੀ ਦੇਵਤਿਆਂ ਤੇ ਗੁਰੂ ਪੀਰਾਂ ਦੀ ਪੂਜਾ ਅਤੇ ਧਾਰਮਿਕ ਸਥਾਨਾਂ ਉਤੇ ਜਾ ਕੇ ਸਜਦਾ ਵੀ ਕਰਦੇ। ਇਸ ਰੂਹਾਨੀ ਸਫਰ ਦੀ ਲੋਅ ਵਿਚ ਚਲਦੇ ਹੋਏ ਵੀ ਉਸ ਪਵਿੱਤਰ ਵਾਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ' ਨੂੰ ਭੁੱਲਕੇ ਵਾਤਾਵਰਣ ਪਲੀਤ ਕਰਦਿਆਂ ਇਕ ਵਾਰ ਵੀ ਨਹੀਂ ਸੋਚਦੇ।ਜ਼ਿੰਦਗੀ ਦੇ ਰੰਗ ਮਾਨਣ ਲਈ ਕੁਦਰਤ ਨੇ ਹਰਿਆਵਲ ਚੌਗਿਰਦਾ ਬਖਸਿਆ ਹੈ।ਦੀਵਾਲੀ ਦੀ ਰਾਤ ਚੰਦ ਪਲਾਂ ਦੀ ਖੁਸ਼ੀ ਲਈ ਕਰੋੜਾਂ ਰੁਪਏ ਦੇ ਪਟਾਕਿਆਂ ਨਾਲ ਗੰਧਲਾ ਕਰਨੋ ਨਹੀਂ ਟਲਦੇ । ਭਾਰਤ ਦੇ ਲੋਕ ਤਿੱਥ -ਤਿਉਹਾਰਾਂ ਨੂੰ ਬੜੇ ਉਤਸਾਹ ਨਾਲ ਮਨਾਉਂਦੇ ਹਨ।ਜਿਸ ਸਦਕੇ ਬਹੁਰੰਗੇ ਸੱਭਿਆਚਾਰ ਵਿਚ ਅਲੌਕਿਕ ਏਕਤਾ ਦਿਖਾਈ ਦਿੰਦੀ ਹੈ। ਦੀਵਾਲੀ ਸਰਬ ਧਰਮ ਸਾਝਾ, ਖਾਸ ਤੇ ਵੱਡਾ ਤਿਉਹਾਰ ਹੈ। ਇਸ ਦੀ ਅਧੁਨਿਕ ਬਜਾਰੂ ਦਿੱਖ ਪੁਰਾਣੇ ਸਮੇਂ ਦੇ ਲੋਕਾਂ ਲਈ ਸੁੰਦਰ ਸੁਪਨੇ ਘੱਟ ਨਹੀ । ਪਹਿਲਾਂ ਦਿਨ -ਦਿਹਾੜੇ ਮਨਾਉਣ ਦਾ ਇਕ ਵੱਖਰਾ ਹੀ ਚਾਅ ਤੇ ਸ਼ਾਦਾਪੁਣ ਹੁੰਦਾ ਸੀ।ਘਰ ਦੇ ਖੋਏ ਦੀਆਂ ਮਿਠਾਈਆਂ, ਚੋਲੇ ਦੇ ਆਟੇ ਦੀਆ ਪਿੰਨੀਆ, ਬੂੰਦੀ ਦੇ ਲੱਡੂ ਤੇ ਪਕੌੜੇ ਬਣਾ ਕੇ ਖਾਦੇ ਅਤੇ ਆਂਢ ਗੁਆਂਢ ਵਿਚ ਵੰਡਦੇ ਸਨ। ਬੱਚੇ ਘਰਦਿਆਂ ਵੱਲੋਂ ਖਰੀਦੇ ਨਵੇਂ ਕੱਪੜੇ ਪਾਉਂਦੇ । ਪਿੰਡ ਦੀ ਸਾਝੀ ਜਗ੍ਹਾ ਤੇ ਹਲਵਾਈ ਬੈਠਦਾ ਸੀ । ਜਲੇਬੀਆ ਖਰੀਦ ਡੋਲੂ ਵਿਚ ਹੀ ਪਵਾ ਲਿਆਉਣਾ ਹੁਣ ਬੀਤੇ ਸਮੇ ਦੀਆ ਗੱਲਾ ਹਨ। ਫੁਲਝੜੀਆਂ, ਚੱਕਰੀਆਂ ਤੇ ਛੋਟੇ ਪਟਾਕੇ ਚਲਾ ਕੇ ਮਨ ਪਰਚਾਵਾ ਕਰ ਲੈਂਦੇ।ਉਨ੍ਹਾਂ ਵਿਚ ਵੱਡੇ ਬਜ਼ੁਰਗ ਸ਼ਾਮਲ ਹੋ ਕੇ ਖੁਸ਼ੀ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦੇ। ਭਾਵੇਂ ਅੱਜ ਜੋਸ਼ ਵਧੇਰੇ ਹੈ, ਪਰ ਅਪਣਤ ਕਿਧਰੇ ਨਜਰੀ ਨਹੀਂ ਆਉਂਦੀ।ਪਰ ਖਰਚੀਲੀ ਵੇਗ ਵਿੱਚ ਹਰ ਮਨੁੱਖ ਨਾ ਚਹੁਦਿਆ ਵੀ ਰਗੜੇ ਖਾ ਰਿਹਾ ਹੈ ।ਜਿਸ ਦੇ ਭਿਆਨਕ ਨਤੀਜੇ ਕਿਸੇ ਤੋ ਛਿਪੇ ਨਹੀ ।

ਅਜੋਕੇ ਸਮੇ ਦੇ ਪਟਾਕੇ ਲਗਭਗ 125 ਡੇਸੀਬਲ ਤੀਬਰਤਾ ਦੇ ਹਨ।ਜਿਸ ਨਾਲ ਸ਼ੋਰ ਪ੍ਰਦੂਸ਼ਣ ਤਾਂ ਹੁੰਦਾ ਹੀ ਹੈ, ਨਾਲੋ ਨਾਲ ਇਹਨਾ ਵਿਚੋਂ ਨਿਕਲਦੀਆਂ ਪੋਟਾਸੀਅਮ, ਨਾਈਟ੍ਰੇਟ, ਕਾਰਬਨ ਗੈਸਾਂ ਮਨੁੱਖੀ ਸਰੀਰ ਲਈ ਨੁਕਸਾਨਦੇਹ ਵੀ ਹਨ ।ਜਿਸ ਕਾਰਨ ਦਿਲ ਦਾ ਦੌਰਾ, ਬੋਲਾਪਣ, ਸ਼ਾਹ ਲੈਣਾ, ਬਲੱਡ ਪ੍ਰੈਸਰ ਵਧਣਾ ਜਾ ਘਟਣਾ ਅਤੇ ਚਮੜੀ ਦੇ ਰੋਗਾਂ ਦਾ ਖਤਰਾ ਰਹਿੰਦਾ ਹੈ। ਕਈ ਵਾਰ ਵੱਡੇ ਪਟਾਕੇ ਜਾ ਅਨਾਰ ਬੰਬ ਹੱਥ ਵਿਚ ਚੱਲਣ ਕਾਰਨ ਅੱਖਾਂ ਦੀ ਰੋਸਨੀ ਜਾਣਾ ਜਾਂ ਹੱਥ, ਬਾਂਹ ਤੋਂ ਨਕਾਰਾ ਹੋਣ ਦੀ ਨੌਬਤ ਵੀ ਆ ਜਾਂਦੀ ਹੈ ।ਇਹ ਸਭ ਗੈਸਾਂ ਪਾਣੀ ਵਿਚ ਘੁਲ ਕੇ ਹੋਰ ਵੀ ਮਾਰੂ ਹਨ।ਸੰਸਾਰ ਸਿਹਤ ਸੰਗਠਨ (..) ਦੇ ਆਂਕੜਿਆਂ ਅਨੁਸਾਰ ਧੂੰਏ ਦੇ ਗੰਧਲੇ ਵਾਤਾਵਰਣ ਕਾਰਨ ਸੰਸਾਰ ਵਿੱਚ 1.7 ਬਿਲੀਅਨ ਬੱਚੇ 5 ਸਾਲ ਦੀ ਉਮਰੇ ,ਭਾਰਤ ਵਿੱਚ ਦੂਸ਼ਤ ਪਾਣੀ ਨਾਲ ਡਾਇਰੀਆ ਦੇ ਕਾਰਨ 3,61,000 ਤੇ ਮਲੇਰੀਆ ਨਾਲ 2,00,000 ਬੱਚੇ ਤੋਂ ਦੁਨੀਆ ਰੁਖਸਤ ਕਰ ਜਾਂਦੇ ਹਨ।ਪਟਾਕਿਆਂ ਦੀ ਭਿਆਨਕ ਅਵਾਜ਼ ਕਾਰਨ ਕਈ ਪੰਛੀ ਆਪਣੇ ਆਲਣੇ ਛੱਡ ਜਾਂ ਮਰ ਜਾਂਦੇ ਹਨ।

ਕੇਂਦਰੀ ਪ੍ਰਦੂਸ਼ਣ ਬੋਰਡ ਅਨੁਸਾਰ ਵਿਗਿਆਨਕ ਤੌਰ ਉਤੇ 85 ਡੇਸੀਬਲ ਤੋਂ ਵੱਧ ਅਵਾਜ਼ ਕੰਨਾਂ ਲਈ ਘਾਤਕ ਹੈ। ਮਨੁੱਖੀ ਸੁਣਨ ਇੰਦਰੀਆਂ (ਕੰਨਾ) ਲਈ 60 ਡੇਸੀਬਲ ਤੱਕ ਦੇ ਮਾਪ ਨੂੰ ਸਧਾਰਣ ਮੰਨਿਆ ਗਿਆ।ਆਮ ਗੱਲਬਾਤ 40 ਤੋਂ 50 ਡੇਸੀਬਲ ਤੱਕ ਹੀ ਹੁੰਦੀ ਹੈ।ਬਿਡੰਬਨਾ ਇਹ ਹੈ ਕਿ ਪਟਾਕੇ ਬਣਾਉਣ ਵਾਲੀਆਂ ਫੈਕਟਰੀਆਂ ਕਨੂੰਨ ਨੂੰ ਅੱਖੋ ਪਰੋਖੇ ਕਰਦੇ ਹਨ । ਆਮ ਪਟਾਕਿਆਂ ਨੂੰ 90 ਡੇਸੀਬਲ ਤੇ ਵੱਡੇ ਰਾਕੇਟ ਜਾਂ ਬੰਬ ਨੂੰ 120 ਡੇਸੀਬਲ ਦੀ ਤੀਬਰਤਾ ਦੇ ਖੜਾਕ ਵਾਲੇ ਬਣਾਉਂਦੇ ਹਨ। ਜਿਸ ਨਾਲ ਬੋਲਾਪਣ ਤੇ ਹਾਰਟ ਅਟੈਕ ਕਾਰਨ ਮੌਤ ਵੀ ਹੋ ਸਕਦੀ ਹੈ। ਗਲੋਬਲ ਵਾਰਮਿੰਗ ਦੇ ਕਾਰਨ ਕਿੰਨੀਆਂ ਹੀ ਪੰਛੀਆਂ ਤੇ ਜਨਵਰਾਂ ਦੀਆਂ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ।ਸੰਸਾਰ ਸਿਹਤ ਸੰਗਠਨ ਅਨੁਸਾਰ 2.5 ਪ੍ਰਦੂਸ਼ਣ ਮਾਈਕਰੋ ਗ੍ਰਾਮ ਪ੍ਰਤੀ ਕਿਉਸ਼ਿਕ ਮੀਟਰ ਮਨੁੱਖੀ ਜੀਵਨ ਲਈ ਘਾਤਕ ਨਹੀਂ, ਪਰ ਇਹ ਅੰਕੜਾ ਭਾਰਤ ਵਿੱਚ ਆਉਣਾ ਸੰਭਵ ਨਹੀਂ ਜਾਪਦਾ।ਧੁਨੀ ਪ੍ਰਦੂਸ਼ਣ ਵਿੱਚ ਇਰਾਕ ਪਹਿਲੇ ਤੇ ਭਾਰਤ ਦੂਜੇ ਸਥਾਨ ਤੇ ਹੈ । ਦਿੱਲੀ ਦਾ ਸਭ ਤੋਂ ਵੱਧ ਧੁਨੀ ਤੇ ਵਾਤਾਵਰਣ ਪ੍ਰਦੂਸਣ ਕਾਰਨ ਸੰਸਾਰ ਦੇ ਪਹਿਲੇ 10 ਸ਼ਹਿਰਾਂ ਵਿਚ ਨਾਮ ਦਰਜ ਹੈ। ਪਿਛਲੀ ਦੀਵਾਲੀ ਦੇ ਸਮੇਂ ਵਾਤਾਵਰਣ ਪ੍ਰਦੂਸ਼ਣ ਦੀ ਮਾਤਰਾ 60 ਮਾਈਕ੍ਰੋ ਗ੍ਰਾਮ ਪ੍ਰਤੀ ਕਿਉਸ਼ਿਕ ਮੀਟਰ ਤੋਂ ਵੀ ਵੱਧ ਚੁੱਕੀ ਸੀ।ਜਿਸ ਨਾਲ ਦਿਨ ਸਮੇਂ ਧੁੰਧ ਵਰਗਾ ਮਹੌਲ ਬਣਨ ਕਰਕੇ ਦਿੱਲੀ ਮਹਾਨਗਰ ਦੇ ਲਗਭਗ 1800 ਸਕੂਲ ਬੰਦ ਕਰਨੇ ਪਏ ਸਨ।ਪਟਾਕਿਆਂ ਦੇ ਜਲਣ ਮਗਰੋਂ ਗਲੀ ਮੁਹੱਲੇ ਤੇ ਮੈਦਾਨਾਂ ਵਿਚ ਹਰ ਪਾਸੇ 4000 ਟਨ ਦਾ ਵਾਧੂ ਕੈਮੀਕਲ ਕਚਰਾ ਜਮਾਂ ਹੋ ਜਾਂਦਾ ਹੈ। ਜਿਸ ਨਾਲ ਅਲਰਜੀ, ਜੁਕਾਮ, ਖਾਸੀ ,ਦਮੇ ਵਰਗੀਆ ਬੀਮਾਰੀਆ ਤੋ ਬਹੁਤ ਲੋਕ ਪੀੜਤ ਹੁੰਦੇ ਹਨ । ਇਸ ਪ੍ਰਦੂਸਿਤ ਵਾਤਾਵਰਣ ਤੋਂ ਜਨਤਾ ਦੀ ਸੁਰੱਖਿਆ ਅਹਿਮ ਹੈ ।ਜਿਸ ਲਈ ਜਾਗਰੂਕਤਾ ਲਹਿਰ ਦੀ ਹੋਂਦ ਜਰੂਰੀ ਹੈ ।ਅਜਿਹੇ ਮੌਕੇ ਪੌਦੇ ਲਗਾਉਣ ਦਾ ਰੁਝਾਨ ਜਹਾਨ ਲਈ ਪ੍ਰੇਰਨਾ ਸ੍ਰੋਤ ਹੋਵੇਗਾ ।ਜਰੂਰਤਮੰਦ ਲੋਕਾ ਨੂੰ ਮਿਠਾਈਆਂ, ਫਲ, ਦਵਾਈਆਂ ਤੇ ਸ਼ਰਦੀਆਂ ਤੋਂ ਬਚਣ ਲਈ ਗਰਮ ਕੱਪੜੇ ਜਾਂ ਕੰਬਲ ਵੰਡ ਕੇ ਖੁਸ਼ੀ ਨੂੰ ਹੋਰ ਵਧਾ ਸਕਦੇ ਹਾ ।ਮਿਠਾਈਆ ,ਪਟਾਕੇ ਜਾ ਮਹਿੰਗੇ ਤੋਹਫੇ ਦੇਣ ਨਾਲੋ ਗੁਣਾਕਾਰੀ ਪੌਦੇ ਤੇ ਕਿਤਾਬਾ ਦੇ ਗਿਫਟ ਕਿਸੇ ਪੱਖੋ ਘੱਟ ਨਹੀ ਹਨ । ਕੁਦਰਤ ਅਤੇ ਕਿਤਾਬਾਂ ਨੂੰ ਜਿੰਦਗੀ ਦਾ ਹਿੱਸਾ ਬਣਾਈਏ ।ਕਿਤਾਬਾ ਖਰੀਦਣ ਦੀ ਆਦਤ ਸਫਲ ਜੀਵਨ ਲਈ ਚੰਗਾ ਨਿਵੇਸ਼ ਹੈ । ਜਿਸ ਨਾਲ ਨਵੀਆਂ ਪਿਰਤਾ ਦੇ ਮੋਢੀ ਵੀ ਬਣੋਗੇ। ।ਸੋ ਆਓ ਦੀਵਾਲੀ ਦੇ ਦੀਪ ਵਾਗ ਮਨਾਂ ਨੂੰ ਰੋਸਨ ਕਰ ਹਰਿਆਵਲ ਵਾਤਾਵਰਣ ਵਿੱਚ ਨਿੱਗਰ ਸਮਾਜ ਦੀ ਸਿਰਜਣਾ ਕਰੀਏ।

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ**
**ਮੋਬ --78374 90309**

# ਦੀਵਾਲੀ ਦੀ ਮਹੱਤਤਾ

ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਇਕ ਪਵਿੱਤਰ ਤਿਉਹਾਰ ਹੋਣ ਦੇ ਨਾਲ-ਨਾਲ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲਾ ਵੀ ਦਿਹਾੜਾ ਹੈ।ਜਿੱਥੇ ਇਸ ਤਿਉਹਾਰ ਨੂੰ ਹਿੰਦੂਆਂ, ਸਿੱਖਾਂ, ਨਿਪਾਲੀਆਂ, ਬੋਧੀਆਂ ਆਦਿ ਵੱਲੋਂ ਆਪੋ-ਆਪਣੇ ਢੰਗ ਅਤੇ ਰਵਾਇਤ ਅਨੁਸਾਰ ਸਾਂਝੇ ਤੌਰ 'ਤੇ ਮਨਾਇਆ ਜਾਂਦਾ ਹੈ, ਉਥੇ ਹੀ ਭਾਰਤ ਦੇ ਨਾਲ-ਨਾਲ ਨਿਪਾਲ, ਸ੍ਰੀਲੰਕਾ, ਮੋਰੇਸ਼ੀਅਸ, ਸੁਰੀਨਾਮ, ਮੀਆਂਮਾਰ, ਮਲੇਸ਼ੀਆ, ਸਿੰਗਾਪੁਰ ਅਤੇ ਫ਼ਿਜ਼ੀ ਆਦਿ ਦੇਸ਼ਾਂ ਵਿਚ ਇਸ ਦਿਨ ਸਰਕਾਰੀ ਛੁੱਟੀ ਵੀ ਐਲਾਨੀ ਜਾਂਦੀ ਹੈ।

ਹਿੰਦੂ ਮੱਤ ਅਨੁਸਾਰ ਦੀਵਾਲੀ ਵਾਲੇ ਦਿਨ ਭਾਵ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਅਯੁੱਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਲੰਕਾ ਦੇ ਰਾਜਾ ਰਾਵਣ ਦੀ ਯੁੱਧ ਵਿਚ ਹੱਤਿਆ ਕਰਕੇ ਅਯੁੱਧਿਆ ਪਰਤੇ ਸਨ। ਉਨ੍ਹਾਂ ਦੇ ਵਾਪਸ ਪਰਤਣ ਦੀ ਖੁਸ਼ੀ ਵਿਚ ਅਯੁੱਧਿਆ ਵਾਸੀਆਂ ਵੱਲੋਂ ਘਿਓ ਦੇ ਦੀਵੇ ਬਾਲ ਕੇ ਰੌਸ਼ਨੀ ਕੀਤੀ ਗਈ, ਜੋ ਰਵਇਤ ਅੱਜ ਵੀ ਨਿਰਵਿਘਨ ਜਾਰੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸੇ ਦਿਨ ਭਗਵਾਨ ਕ੍ਰਿਸ਼ਨ ਨੇ ਅੱਤਿਆਚਾਰੀ ਰਾਜਾ ਨਰਕਾਸੁਰ ਦੀ ਹੱਤਿਆ ਕਰਕੇ ਉਸ ਦੇ ਕਬਜ਼ੇ ਵਿਚੋਂ 16,000 ਕੰਨਿਆਵਾਂ ਨੂੰ ਮੁਕਤ ਕਰਵਾਇਆ ਸੀ ਅਤੇ ਇਸੇ ਦਿਨ ਭਗਵਾਨ ਵਿਸ਼ਨੂੰ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਚਮਤਕਾਰੀ ਢੰਗ ਨਾਲ ਨਰਸਿੰਘ ਰੂਪ ਧਾਰਨ ਕਰਕੇ ਦੈਂਤਰਾਜ ਹਰਨਾਕਸ਼ ਦਾ ਅੰਤ ਕੀਤਾ ਸੀ। ਦੀਵਾਲੀ ਵਾਲੇ ਦਿਨ ਹੀ ਸਮੰਦਰ ਮੰਥਣ ਦੇ ਬਾਅਦ ਲਕਸ਼ਮੀ ਜੀ ਅਤੇ ਧਨਵੰਤਰੀ ਜੀ ਪ੍ਰਗਟ ਹੋਏ ਸਨ। ਜੈਨੀ ਲੋਕਾਂ ਦਾ ਮੱਤ ਹੈ ਕਿ ਉਨ੍ਹਾਂ ਦੇ 24ਵੇਂ ਤਿਰੰਥਕਾਰ ਮਹਾਂਵੀਰ ਸਵਾਮੀ ਜੀ ਨੂੰ 527 ਬੀ. ਸੀ. ਵਿਚ ਦੀਵਾਲੀ ਦੇ ਦਿਨ ਹੀ ਪਟਨਾ ਦੀ ਪਾਵਾਪੁਰੀ ਵਿਚ ਮੋਕਸ਼ ਪ੍ਰਾਪਤ ਹੋਇਆ। ਜੈਨ ਗ੍ਰੰਥਾਂ ਅਨੁਸਾਰ ਮਹਾਂਵੀਰ ਸਵਾਮੀ ਨੇ ਦੀਵਾਲੀ ਤੋਂ ਪਹਿਲੀ ਰਾਤ ਨੂੰ ਅੱਧੀ ਰਾਤ ਸਮੇਂ ਆਪਣਾ ਆਖ਼ਰੀ ਉਪਦੇਸ਼ ਦਿੱਤਾ ਸੀ। ਉਨ੍ਹਾਂ ਦੁਆਰਾ ਦਿੱਤੇ ਆਖ਼ਰੀ ਉਪਦੇਸ਼ ਨੂੰ ਉਤਰਾਧਿਆਨ ਸੂਤਰ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸੇ ਪ੍ਰਕਾਰ ਇਸੇ ਦਿਨ ਮਹਾਤਮਾ ਗੌਤਮ ਬੁੱਧ ਦੇ ਅਨੁਆਈਆਂ ਨੇ 2500 ਸਾਲ ਪਹਿਲਾਂ ਗੌਤਮ ਬੁੱਧ ਦੇ ਸਵਾਗਤ ਦੀ ਖੁਸ਼ੀ ਵਿਚ ਦੀਪਮਾਲਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਸਮਰਾਟ ਵਿਕ੍ਰਮਾਦਿਤ ਦੀਵਾਲੀ ਦੇ ਦਿਨ ਹੀ ਰਾਜ ਤਖ਼ਤ 'ਤੇ ਬੈਠੇ ਸਨ। ਕੌਟਲਿਆ ਅਰਥ-ਸ਼ਾਸਤਰ ਦੇ ਅਨੁਸਾਰ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮੰਦਰਾਂ ਅਤੇ ਘਾਟਾਂ (ਨਦੀ ਦੇ ਕਿਨਾਰਾ) 'ਤੇ ਘਿਓ ਦੇ ਦੀਵੇ ਜਗਾਏ ਜਾਂਦੇ ਸਨ। ਪੁਰਾਤੱਤਵ ਮਾਹਿਰਾਂ ਅਨੁਸਾਰ 500 ਈ: ਪੂ: ਮਹਿੰਜੋਦੜੋ ਸੱਭਿਅਤਾ ਦੇ ਮਿਲੇ ਅਵਸ਼ੇਸ਼ਾਂ ਵਿਚੋਂ ਇਕ ਅਜਿਹੀ ਮਿੱਟੀ ਦੀ ਮੂਰਤੀ ਪ੍ਰਾਪਤ ਹੋਈ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਉਸ ਸਦੀ ਵਿਚ ਵੀ ਦੀਵਾਲੀ ਮਨਾਈ ਜਾਂਦੀ ਸੀ ਅਤੇ ਦੀਪਮਾਲਾ ਕੀਤੀ ਜਾਂਦੀ ਸੀ। ਮੁਗ਼ਲ ਸ਼ਾਸਕ ਬਾਬਰ ਦੀਵਾਲੀ ਦੇ ਮੌਕੇ 'ਤੇ ਗਰੀਬਾਂ ਅਤੇ ਜ਼ਰੂਰਤਮੰਦਾਂ ਨੂੰ ਕੱਪੜੇ, ਮਿਠਾਈਆਂ ਅਤੇ ਹੋਰ ਜ਼ਰੂਰਤ ਦਾ ਸਾਮਾਨ ਦਾਨ ਕਰਕੇ ਆਪਣੇ ਰਾਜ ਮਹੱਲ ਵਿਚ ਰੌਸ਼ਨੀ ਕਰਦਾ ਸੀ। ਇਹ ਰਿਵਾਇਤ ਉਸ ਦੇ ਪੁੱਤਰ ਬਾਦਸ਼ਾਹ ਹਮਾਯੂੰ ਦੇ ਸਮੇਂ ਵੀ ਜਾਰੀ ਰਹੀ। ਖ਼ੁਦ ਨੂੰ ਦੀਨ-ਏ-ਇਲਾਹੀ ਮੰਨਣ ਵਾਲੇ ਮੁਗ਼ਲ ਬਾਦਸ਼ਾਹ ਅਕਬਰ ਦੇ ਸ਼ਾਸਨਕਾਲ ਸਮੇਂ ਉਨ੍ਹਾਂ ਵੱਲੋਂ ਸ਼ਾਹੀ ਕਿਲ੍ਹੇ 'ਚ ਆਪਣੇ ਦੌਲਤਖ਼ਾਨੇ ਦੇ



ਸਾਹਮਣੇ 40 ਫੁੱਟ ਉੱਚੇ ਲੱਕੜੀ ਦੇ ਖੰਭੇ 'ਤੇ ਇਕ ਵੱਡਾ ਆਕਾਸ਼ਦੀਪ ਦੀਵਾਲੀ ਦੇ ਦਿਨ ਲਟਕਾਇਆ ਜਾਂਦਾ ਸੀ। ਬਾਦਸ਼ਾਹ ਜਹਾਂਗੀਰ ਵੀ ਦੀਵਾਲੀ ਧੂਮਧਾਮ ਨਾਲ ਮਨਾਉਂਦੇ ਸਨ। ਮੁਗ਼ਲ ਵੰਸ਼ ਦੇ ਆਖਰੀ ਸਮਰਾਟ ਬਹਾਦਰ ਸ਼ਾਹ ਜਫ਼ਰ ਦੀਵਾਲੀ ਨੂੰ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਸਨ ਅਤੇ ਇਸ ਮੌਕੇ 'ਤੇ ਕਰਾਏ ਜਾਣ ਵਾਲੇ ਪ੍ਰੋਗਰਾਮਾਂ ਵਿਚ ਖੁਦ ਸ਼ਾਮਿਲ ਹੁੰਦੇ ਸਨ। ਸ਼ਾਹ ਆਲਮ (ਦੂਸਰਾ) ਦੇ ਸਮੇਂ ਵੀ ਸਾਰੇ ਸ਼ਾਹੀ ਮਹੱਲ ਨੂੰ ਦੀਵਿਆਂ ਨਾਲ ਸਜਾਇਆ ਜਾਂਦਾ ਸੀ। ਨਿਪਾਲੀਆਂ ਲਈ ਦੀਵਾਲੀ ਦਾ ਤਿਉਹਾਰ ਇਸ ਲਈ ਵਿਸ਼ੇਸ਼ ਮਹਤੱਤਾ ਰੱਖਦਾ ਹੈ, ਕਿਉਂਕਿ ਇਸੇ ਦਿਨ ਨਿਪਾਲ ਸੰਮਤ ਵਿਚ ਨਵਾਂ ਸਾਲ ਆਰੰਭ ਹੁੰਦਾ ਹੈ।

ਸਿੱਖਾਂ ਵੱਲੋਂ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਗੁਰੂ-ਘਰ ਦੇ ਵਿਰੋਧੀਆਂ ਦੀਆਂ ਝੂਠੀਆਂ ਸ਼ਿਕਾਇਤਾਂ 'ਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕੀਤੇ ਗਏ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਵਾਲੀ ਵਾਲੇ ਦਿਨ ਹੀ ਆਪਣੇ ਨਾਲ ਕੈਦ ਹੋਰਨਾਂ 52 ਰਾਜਪੂਤ ਰਾਜਿਆਂ ਨੂੰ ਬੰਦੀ-ਮੁਕਤ ਕਰਵਾ ਕੇ ਵਾਪਸ ਪਰਤੇ ਸਨ। ਉਨ੍ਹਾਂ ਦੇ ਵਾਪਸ ਪਰਤਣ ਅਤੇ ਬੰਧਣਮੁਕਤ ਹੋਣ ਦੀ ਖੁਸ਼ੀ ਵਿਚ ਉਸ ਰਾਤ ਬਾਬਾ ਬੁੱਢਾ ਜੀ ਦੇ ਹੁਕਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਪੂਰੇ ਅੰਮਿ ?ਤਸਰ ਸ਼ਹਿਰ ਵਿਚ ਦੀਪਮਾਲਾ ਕਰਕੇ ਖੁਸ਼ੀਆਂ ਮਨਾਈਆਂ ਗਈਆਂ। ਸ਼ਹੀਦ ਬਿਲਾਸ, ਭਾਈ ਸੇਵਾ ਸਿੰਘ ਭੱਟਖਰੀ (ਗੁਰਮੁਖੀ 'ਚ ਉਤਾਰਾ ਸ: ਛੱਜੂ ਸਿੰਘ) ਅਨੁਸਾਰ-ਭਾਈ ਮਨੀ ਸਿੰਘ ਜੀ ਨੇ ਸੰਮਤ 1790 ਬਿ: (1733 ਈ:) ਦੀ ਦੀਵਾਲੀ ਦੇ ਮੇਲੇ ਦੀ ਦਸ ਦਿਨਾਂ ਲਈ ਭਾਈ ਸੂਰਤ ਸਿੰਘ ਸੂਰੀ ਅਤੇ ਭਾਈ ਸੁਬੇਗ ਸਿੰਘ ਜੰਬਰ ਦੀ ਮਾਰਫ਼ਤ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਂ ਪਾਸੋਂ ਦਸ ਹਜ਼ਾਰ ਰੁਪਏ ਦੇਣੇ ਕਰਕੇ ਮਨਜ਼ੂਰੀ ਪ੍ਰਾਪਤ ਕਰ ਲਈ, ਪਰ ਜਦ ਮੇਲਾ ਨੇੜੇ ਆਇਆ ਤਾਂ ਹਕੂਮਤ ਦੀ ਨੀਯਤ ਬਦਲ ਗਈ। ਮੁਖਬਰਾਂ ਨੇ ਸੂਬੇ ਲਾਹੌਰ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਮੇਲੇ 'ਚ ਇਕੱਠੇ ਹੋਏ ਸਿੰਘਾਂ ਨੂੰ ਗਿ ?ਫ਼ਤਾਰ ਕਰਕੇ ਮਾਰ-ਮੁਕਾ ਦਿੱਤਾ ਜਾਵੇ। ਇਹ ਕਨਸੋਆਂ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਜੀ ਅਤੇ ਬਾਹਰਲੇ ਸਿੰਘਾਂ ਪਾਸ ਪੁੱਜ ਗਈਆਂ, ਜਿਸ ਕਾਰਨ ਮੇਲੇ ਵਿਚ ਰੁਕਾਵਟ ਪੈ ਗਈ ਅਤੇ ਕੋਈ ਵੀ ਸਿੰਘ ਦੀਵਾਲੀ ਸਮੇਂ ਅੰਮ੍ਰਿਤਸਰ ਦਰਸ਼ਨਾਂ ਲਈ ਨਾ ਆ ਸਕਿਆ। ਇਸ ਕਾਰਨ ਕੋਈ ਭੇਟਾ ਨਾ ਚੜ੍ਹਨ 'ਤੇ ਸੂਬੇ ਨੂੰ 10 ਹਜ਼ਾਰ ਰੁਪਿਆ ਨਾ ਦਿੱਤਾ ਜਾ ਸਕਿਆ। ਟੈਕਸ ਦੀ ਰਕਮ ਅਦਾ ਨਾ ਕਰਨ ਦੇ ਦੋਸ਼ ਵਿਚ ਭਾਈ ਮਨੀ ਸਿੰਘ ਜੀ ਤੇ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਜਾਇਆ ਗਿਆ ਅਤੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸਿੱਖ ਇਤਿਹਾਸ ਵਿਚ ਇਹ ਵੀ ਦਰਜ ਹੈ ਕਿ 10 ਅਪ੍ਰੈਲ, 1762 ਨੂੰ ਅਹਿਮਦ ਸ਼ਾਹ ਅਬਦਾਲੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸੱਚਖੰਡ ਦੀ ਇਮਾਰਤ ਨੂੰ ਜ਼ਮੀਨਦੋਜ਼ ਕਰਨ ਅਤੇ ਸਰੋਵਰ ਦੀ ਪਵਿੱਤਰਤਾ ਭੰਗ ਕਰਨ ਤੋਂ ਬਾਅਦ ਦੀਵਾਲੀ ਵਾਲੇ ਦਿਨ ਕਰੀਬ 60,000 ਸਿੰਘ ਸ੍ਰੀ ਹਰਿਮੰਦਰ ਸਾਹਿਬ ਇਕੱਠੇ ਹੋਏ ਅਤੇ ਪਵਿੱਤਰ ਸਰੋਵਰ ਦੀ ਕਾਰਸੇਵਾ ਆਰੰਭੀ ਗਈ। ਦੀਵਾਲੀ ਵਾਲੇ ਦਿਨ ਹੀ ਆਰੀਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਯਾਨੰਦ ਨੇ ਅਜਮੇਰ ਦੇ ਪਾਸ 30 ਅਕਤੂਬਰ, 1881 ਨੂੰ ਆਪਣੇ ਪ੍ਰਾਣ ਤਿਆਗੇ। ਇਸੇ ਦੀਵਾਲੀ ਵਾਲੇ ਦਿਨ ਗੁਜਰਾਂਵਾਲਾ (ਪਾਕਿਸਤਾਨ) ਵਿਚ ਜਨਮੇ ਸਵਾਮੀ ਰਾਮ ਤੀਰਥ 26 ਸਾਲ ਦੀ ਉਮਰ ਵਿਚ ਸੰਨਿਆਸੀ ਬਣੇ ਅਤੇ ਦੀਵਾਲੀ ਵਾਲੇ ਦਿਨ ਹੀ ਗੰਗਾ ਵਿਚ ਓਮ ਸ਼ਬਦ ਦਾ ਉਚਾਰਣ ਕਰਦਿਆਂ ਉਨ੍ਹਾਂ ਜਲ ਸਮਾਧੀ ਲਈ। ਦੀਵਾਲੀ ਨੂੰ ਹਿੰਦੂਆਂ-ਸਿੱਖਾਂ ਸਹਿਤ ਦੂਸਰੇ ਧਰਮਾਂ ਦੇ ਲੋਕਾਂ ਦੁਆਰਾ ਸਾਂਝੇ ਰੂਪ ਵਿਚ ਮਨਾਏ ਜਾਣ ਕਰਕੇ ਇਹ ਤਿਉਹਾਰ ਕਿਸੇ ਇਕ ਸਮੂਹ ਦਾ ਨਾ ਹੋ ਕੇ ਪੂਰੇ ਰਾਸ਼ਟਰ ਦਾ ਸਾਂਝਾ ਤਿਉਹਾਰ ਬਣ ਚੁੱਕਿਆ ਹੈ।

ਪ੍ਰੀਤਨਾਮਾ PREETNAMA ਖਰਾ ਸੱਚ
ਪ੍ਰੀਤਨਾਮਾ ਵੱਲੋਂ
PREET NAMA ONLINE AND PRINT MEDIA KHARA SACH
Preetnama TV
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ

# ਸ਼ਾਹੀ ਗੁਲਾਮੀ ਤੋਂ ਨਿਜਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਬੰਦੀ ਛੋੜ ਦਿਵਸ ਹਰ ਸਾਲ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਦੇਸ਼ ਭਰ ਵਿੱਚ ਦੀਵਾਲੀ ਵੀ ਮਨਾਈ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਦੀਵਾਲੀ ਦਾ ਤਿਉਹਾਰ ਭਾਵੇਂ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿਚ ਬਹੁਤ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ 'ਚ ਇਸ ਦਾ ਇਤਿਹਾਸਕ ਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸੰਬੰਧ ਉਸ ਸਮੇਂ ਤੋਂ ਜੁੜਿਆ ਹੋਇਐ,ਜਦੋਂ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ।

ਇਸ ਪਿਛੋਂ ਇਤਿਹਾਸ ਤੇ ਨਜਰ ਮਾਰੀਏ ਤਾਂ, ਭਾਰਤ ਵਿੱਚ ਦੂਰ-ਦੂਰ ਤੱਕ ਸਾਮਰਾਜ ਨੂੰ ਫੈਲਾਉਣ ਅਤੇ ਮਜ਼ਬੂਤ ਕਰਨ ਲਈ, ਮੁਗਲ ਬਾਦਸ਼ਾਹ ਜਹਾਂਗੀਰ ਨੇ ਨਾ ਸਿਰਫ਼ ਮੱਧ ਭਾਰਤ, ਸਗੋਂ ਹਿਮਾਲੀਅਨ ਖੇਤਰ ਦੇ ਵੀ ਕਈ ਹਿੰਦੂ ਛੋਟੇ ਸ਼ਾਸਕਾਂ ਨੂੰ ਬੰਦੀ ਬਣਾ ਲਿਆ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਉਮਰ ਕੈਦ ਦੀ ਸਜ਼ਾ ਦਿੱਤੀ। ਉਹ ਰੋ ਰਹੇ ਸਨ ਅਤੇ ਗ਼ੁਲਾਮੀ ਤੋਂ ਉਨ੍ਹਾਂ ਦੀ ਰਿਹਾਈ ਲਈ ਸਰਬ ਸ਼ਕਤੀਮਾਨ ਪ੍ਰਭੂ ਅੱਗੇ ਉਸ ਦੀਆਂ ਅਸੀਸਾਂ ਲਈ ਪ੍ਰਾਰਥਨਾ ਕਰ ਰਹੇ ਸਨ। ਉਹਨਾਂ ਦੀ ਅਰਦਾਸ ਨੂੰ ਪ੍ਰਵਾਨ ਕਰਕੇ ਗੁਰੂ ਹਰਗੋਬਿੰਦ ਸਾਹਿਬ ਜੀ ਇਹਨਾਂ ਮਿੰਨੀ ਸ਼ਾਸਕਾਂ ਨੂੰ ਗਵਾਲੀਅਰ ਦੇ ਕਿਲ੍ਹੇ ਤੋਂ ਛੁਡਵਾਉਣ ਦੇ ਇਰਾਦੇ ਨਾਲ ਦਿੱਲੀ ਚਲੇ ਗਏ।

ਮੁਗਲ ਬਾਦਸ਼ਾਹ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਬਹਾਦਰੀ ਅਤੇ ਵਧਦੀ ਫੌਜੀ ਸ਼ਕਤੀ ਬਾਰੇ ਪਤਾ ਲੱਗਦਿਆਂ ਹੀ ਡਰ ਵਧ ਗਿਆ ਸੀ। ਉਹ ਚਲਾਕ ਨਿਮਰਤਾ ਨਾਲ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲੇ ਦਾ ਦੌਰਾ ਕਰਨ ਲਈ ਬੇਨਤੀ ਕੀਤੀ। ਜਹਾਂਗੀਰ ਨੇ ਆਪਣੇ ਚਲਾਕ ਦਰਬਾਰੀਆਂ ਦੀ ਸਲਾਹ ਨਾਲ ਉਹਨਾਂ ਨੂੰ ਕਿਲ੍ਹੇ ਵਿਚ ਕੈਦ ਕਰ ਲਿਆ।

ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਜਹਾਂਗੀਰ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਗੰਭੀਰ ਰੂਪ ਵਿਚ ਬਿਮਾਰ ਹੋ ਗਿਆ। ਉਸ ਦੀ ਪਤਨੀ ਨੇ ਗੁਰੂ ਜੀ ਦੇ ਮਹਾਨ ਸ਼ਰਧਾਲੂ ਮੁਸਲਮਾਨ ਸੰਤ ਮੀਆਂ ਮੀਰ ਨੂੰ ਸਾਰੀ ਕਹਾਣੀ ਸੁਣਾਈ। ਉਸ ਨੇ ਉਸ ਨੂੰ ਦੱਸਿਆ ਕਿ ਉਸ ਦੇ ਪਤੀ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬ੍ਰਹਮ ਗੁਰੂ ਨੂੰ ਗ੍ਰਿਫਤਾਰ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ। ਜਹਾਂਗੀਰ ਦੀ ਜਾਨ ਬਚਾਉਣ ਦਾ ਇੱਕੋ ਇੱਕ ਤਰੀਕਾ ਸੀ ਕਿ ਗੁਰੂ ਜੀ ਨੂੰ ਸਤਿਕਾਰ ਸਹਿਤ ਰਿਹਾ ਕੀਤਾ ਜਾਵੇ। ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤੁਰੰਤ ਰਿਹਾਈ ਦੇ ਹੁਕਮ ਜਾਰੀ ਕੀਤੇ। ਗੁਰੂ ਜੀ ਨੇ ਇਹ ਬੇਨਤੀ ਠੁਕਰਾ ਦਿੱਤੀ ਕਿ ਜਦੋਂ ਤੱਕ ਸਾਰੇ ਕੈਦੀ ਰਾਜੇ ਰਿਹਾਅ ਨਹੀਂ ਹੋ ਜਾਂਦੇ, ਉਹ ਗਵਾਲੀਅਰ ਦਾ ਕਿਲਾ ਨਹੀਂ ਛੱਡਣਗੇ। ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਜਿੰਨੇ ਵੀ ਕੈਦੀ ਉਹਨਾਂ ਦੇ ਗਾਊਨ ਨੂੰ ਫੜ ਸਕਦੇ ਹਨ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ। ਗੁਰੂ ਜੀ ਨੇ ਫਿਰ ਆਪਣੇ ਸ਼ਰਧਾਲੂਆਂ ਨੂੰ ਬਵੰਜਾ ਲੜੀਆਂ ਵਾਲਾ ਇੱਕ ਵੱਡਾ ਚੌਲਾਂ ਤਿਆਰ ਕਰਨ ਲਈ ਕਿਹਾ। ਹਰ ਮੋਹਤਬਰ ਸ਼ਾਸਕ ਨੇ ਚੋਲੇ ਦੀ ਇੱਕ- ਇਕ ਲੜੀ ਫੜੀ ਅਤੇ ਕਿਲ੍ਹੇ ਤੋਂ ਬਾਹਰ ਨਿਕਲ ਆਏ।

ਇਸ ਤਰ੍ਹਾਂ ਸਾਰੇ ਬੰਦੀਆਂ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਣ ਗਾਏ ਗਏ ਅਤੇ ਉਨ੍ਹਾਂ ਨੂੰ 'ਦਾਤਾ ਬੰਦੀ ਛੋੜ' ਕਿਹਾ ਗਿਆ, ਜਿਸ ਨੇ ਸ਼ਾਹੀ ਗ਼ੁਲਾਮਾਂ ਦੀ ਰਿਹਾਈ ਪ੍ਰਾਪਤ ਕੀਤੀ।




**ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਸਿੱਖਿਆਂ ਦਿੱਤੀ ਜਾਣ ਲੱਗੀ।**

ਇਹ ਉਹ ਸਮਾਂ ਦੀਵਾਲੀ ਦਾ ਸਮਾਂ ਸੀ ਜਦ ਗੁਰੂ ਹਰਗੋਬਿੰਦ ਸਾਹਿਬ ਜੀ ਦ ਅੰਮ੍ਰਿਤਸਰ ਪਹੁੰਚੇ, ਜਦੋਂ ਸਾਰੇ ਸਿੱਖ ਲੰਬੇ ਸਮੇਂ ਬਾਅਦ ਆਪਣੇ ਰੱਬੀ ਮਾਲਕ ਨੂੰ ਮਿਲਣ ਦੀ ਖੁਸ਼ੀ ਵਿੱਚ ਅਤੇ ਆਤਮਿਕ ਅਨੰਦ ਵਿੱਚ, ਗਲੀਆਂ ਅਤੇ ਆਪਣੇ ਘਰਾਂ ਨੂੰ ਮਿੱਟੀ ਦੇ ਦੀਵਿਆਂ ਨਾਲ ਜਗਾਉਣ ਵਿੱਚ ਸ਼ਾਮਲ ਹੋਏ। ਇਸ ਤੋਂ ਬਾਅਦ, ਬੰਦੀ ਛੋੜ ਦਿਵਸ ਹਰ ਸਾਲ ਸਿੱਖ ਭਾਈਚਾਰੇ ਦੁਆਰਾ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਇਸ ਦਿਨ ਹੋਰਨਾਂ ਦੁਆਰਾ ਦੀਵਾਲੀ ਮਨਾਈ ਜਾਂਦੀ ਹੈ।

ਛੇਵੇਂ ਪਾਤਸ਼ਾਹ ਨੂੰ ਜਿਨ੍ਹਾਂ ਕਾਰਨਾਂ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਫਿਰ ਰਿਹਾਅ ਕਰ ਦਿੱਤਾ ਗਿਆ, ਦੀ ਜਾਣਕਾਰੀ ਬਿਨਾਂ ਬੰਦੀ-ਛੋੜ ਦਿਵਸ ਦੀ ਅਹਿਮੀਅਤ ਨੂੰ ਸਮਝਣਾ ਔਖਾ ਹੈ। ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਸਿੱਖਿਆਂ ਦਿੱਤੀ ਜਾਣ ਲੱਗੀ।

ਗੁਰੂ-ਘਰ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਜਿਸ ਦੇ ਫ਼ਲਸਰੂਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਗਾਵਤ ਦੇ ਝੂਠੇ ਦੋਸ਼ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਸਿੱਖ ਸੰਗਤਾਂ ਲਈ ਇਹ ਖਬਰ ਬੜੀ ਹਿਰਦੇ ਵੇਦਕ ਸੀ। ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ ਜਿਥੇ ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੋਣ ਲੱਗਾ ਅਤੇ ਕਾਲ-ਕੋਠੜੀਆਂ ਵਿਚੋਂ ਪ੍ਰਭੂ-ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਣ ਲੱਗੀਆਂ।

ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਬੰਦੀਆਂ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਦੂਸਰੇ ਪਾਸੇ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਣ ਲੱਗੀ।

ਬਾਬਾ ਬੁੱਢਾ ਜੀ ਦੀ ਅਗਵਾਈ 'ਚ ਸਿੱਖ ਸੰਗਤਾਂ ਦਾ ਇਕ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਗਵਾਲੀਅਰ ਲਈ ਰਵਾਨਾ ਹੋਇਆ। ਜਿਥੋਂ-ਜਿਥੋਂ ਇਹ ਜਥਾ ਕੀਰਤਨ ਕਰਦਾ ਹੋਇਆ ਗੁਜ਼ਰਦਾ, ਸਿੱਖ ਸੰਗਤਾਂ ਇਸ ਦਾ ਭਾਰੀ ਸਵਾਗਤ ਕਰਦੀਆਂ। ਜਦੋਂ ਇਹ ਜਥਾ ਗਵਾਲੀਅਰ ਦੇ ਕਿਲ੍ਹੇ ਪਹੁੰਚਿਆ ਤਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਮੁਲਾਕਾਤ ਜਾਂ ਦਰਸ਼ਨ ਕਰਨ ਦੀ ਇਜ਼ਾਜ਼ਤ ਨਾ ਮਿਲ ਸਕੀ। ਪਰ ਇਹ ਜਥਾ ਕੀਰਤਨ ਕਰਦਿਆਂ, ਗਵਾਲੀਅਰ ਦੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਂਟ ਕਰ ਵਾਪਸ ਮੁੜ ਆਇਆ। ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ 'ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ।

ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਇਸ ਦਿਨ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ। ਰਿਹਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਰੀ ਗਿਣਤੀ ਵਿਚ ਜਿਸ ਦਿਨ ਸਿੱਖ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੇ ਤਾਂ ਉਸ ਦਿਨ ਦੀਵਾਲੀ ਦਾ ਦਿਨ ਸੀ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ 'ਤੇ ਘਰਾਂ ਵਿਚ ਦੇਸੀ ਘਿਉ ਦੇ ਦੀਵੇ ਜਗਾਏ ਅਤੇ ਅਥਾਹ ਖੁਸ਼ੀਆਂ ਮਨਾਈਆਂ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ।ਜੋ ਅੱਜ ਵੀ ਕੀਤੀ ਜਾਂਦੀ ਹੈ ਤੇ ਜਿਸ ਦੀ ਚਮਕ ਨੂੰ ਸੰਗਤਾਂ ਦੇਸਾਂ ਪ੍ਰਦੇਸਾਂ ਤੋਂ ਦੇਖਣ ਆਉਂਦੀਆਂ ਹਨ। ਸਾਇਦ ਇਸੇ ਲਈ ਤੇ ਕਿਹਾ ਗਿਆ ਹੈ ਕਿ ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ। ਇਸ ਦਿਨ ਤੋਂ ਸਿੱਖਾਂ ਵਾਸਤੇ ਦੀਵਾਲੀ ਇਕ ਪਵਿੱਤਰ ਦਿਹਾੜਾ ਬਣ ਗਿਆ ਅਤੇ ਸਿੱਖ ਜਗਤ ਹਰ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਬੰਦੀ-ਛੋੜ ਦਿਹਾੜਾ ਮਨਾਉਣ ਲੱਗ ਪਏ। ਸਾਹੀ ਗੁਲਾਮੀ ਤੋਂ ਨਿਜਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦੀ।

**ਸੁਰਜੀਤ ਸਿੰਘ ਫਲੋਰਾ**

ਪ੍ਰੀਤਨਾਮਾ ਵੱਲੋਂ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ

# ਦੀਵਾਲੀ ' ਤੇ ਜਗਮਗ ਹੋਣ ਖੁਸ਼ੀਆਂ

**ਵੱਲੋਂ ਸੱਚੀ ਸ਼ਿਕਸ਼ਾ**

ਦੀਵਾਲੀ ' ਤੇ ਜਗਮਗ ਹੋਣ ਖੁਸ਼ੀਆਂ 'ਦੀਵਾਲੀ' ਪ੍ਰਕਾਸ਼ ਦਾ ਤਿਉਹਾਰ ਹਨ੍ਹੇਰੇ ਤੋਂ ਰੌਸ਼ਨੀ ਵੱਲ ਵਧਣ ਦਾ ਉਤਸਵ ਸਦੀਆਂ ਤੋਂ ਮਨਾਈ ਜਾ ਰਹੀ ਹੈ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੀ ਪ੍ਰਤੀਕ ਦੀਵਾਲੀ ਦੀਵਾਲੀ ਬੇਸ਼ੱਕ ਲਕਸ਼ਮੀ ਨੂੰ ਪੂਜਣ ਦਾ ਤਿਉਹਾਰ ਹੈ ਇਸ ਦੀਆਂ ਖੁਸ਼ੀਆਂ ਮਨਾਉਣ 'ਚ ਸਾਨੂੰ ਕੁਝ ਬੁਨਿਆਦੀ ਗੱਲਾਂ ਨੂੰ ਵੀ ਯਾਦ ਰੱਖਣ ਦੀ ਜ਼ਰੂਰਤ ਹੈ ਦੀਵਾਲੀ ਦੀਵਿਆਂ ਦਾ ਤਿਉਹਾਰ ਇੱਕ ਨੰਨ੍ਹਾ ਜਿਹਾ ਦੀਪਕ ਹਨ੍ਹੇਰੇ ਨੂੰ ਮਿਟਾ ਦੇਣ ਦੇ ਸੰਕਲਪ ਅਤੇ ਹੌਂਸਲੇ ਦਾ ਪ੍ਰਤੀਕ ਤੂਫਾਨਾਂ ਨਾਲ ਟਕਰਾਉਣ ਅਤੇ ਉਨ੍ਹਾਂ ਤੋਂ ਜਿੱਤਣ ਦੇ ਮਿਥਕ ਵਾਲਾ ਦੀਵਾ ਇੱਕ ਮਹਾਂਉਤਸਵ ਦਾ ਚਿੰਨ੍ਹ ਮੰਨੋ ਸ਼ੁੱਭ ਸੰਕਲਪਾਂ ਦੇ ਮਨੋਭਾਵ ਹੀ ਦੀਵਿਆਂ 'ਚ ਘਿਓ ਬਣ ਕੇ ਸੁਨਹਿਰੀ ਲੋਅ ਨੂੰ ਪੋਸ ਰਹੇ ਦੀਪ ਉਤਸਵ ਇੱਕ ਅਜਿਹਾ ਸਮੂਹਿਕ ਯਤਨ ਸਦੀਆਂ ਤੋਂ ਹੁੰਦਾ ਚੱਲਿਆ ਆ ਰਿਹਾ ਹੈ

ਦੀਵਾਲੀ ਦੇ ਨਾਂਅ 'ਤੇ ਸ਼ਾਇਦ ਇਨਸਾਨ ਨੂੰ ਇਸ ਦਾ ਅੰਦਾਜ਼ਾ ਬਹੁਤ ਪਹਿਲਾਂ ਤੋਂ ਹੀ ਸੀ ਕਿ ਹਨ੍ਹੇਰੇ ਦੀ ਨਕਾਰਾਤਮਕਤਾ ਨੂੰ ਦੂਰ ਕਰਨ ਲਈ ਸਿਰਫ਼ ਇੱਕ ਦੀਵਾ ਕਾਫੀ ਨਹੀਂ ਸਗੋਂ ਕਰੋੜਾਂ ਦੀਵਿਆਂ ਦੀ ਜ਼ਰੂਰਤ ਪਵੇਗੀ ਦੀਵਾਲੀ ਉਸੇ ਸਮੂਹਿਕ ਯਤਨਾਂ ਦਾ ਜਿਉਂਦਾ-ਜਾਗਦਾ ਉਦਾਹਰਨ ਹੈ ਕਿੰਨਾ ਚੰਗਾ ਲੱਗਦਾ ਹੈ

ਰੌਸ਼ਨੀ ਨਾਲ ਨਹਾਉਂਦਾ ਸਮੁੱਚਾ ਵਾਤਾਵਰਨ ਦੇਖ ਕੇ ਦੀਵਿਆਂ ਦੀ ਟਿਮਟਿਮਾਹਟ 'ਚ ਚੰਗੀ ਲੱਗਦੀ ਹੈ ਹਨ੍ਹੇਰੇ ਦੀ ਲੁਕਾ-ਛੁਪੀ ਉਸ 'ਤੇ ਆਸਥਾ ਅਤੇ ਉੱਲਾਸ ਦਾ ਪਾਵਨ ਮੇਲ ਸੁੱਖ-ਸ਼ਾਂਤੀ ਦਾ ਘਨਤੇਰਸ, ਰੰਗੋਲੀ ਦੇ ਰੰਗ ਅਤੇ ਆਪਸੀ ਮੇਲ-ਮਿਲਾਪ 'ਚ ਸ਼ੁੱਭਕਾਮਨਾਵਾਂ ਦਾ ਆਦਾਨ-ਪ੍ਰਦਾਨ ਬਜ਼ਾਰ ਤੋਂ ਲੈ ਕੇ ਗਲੀ ਦਾ ਛੋਟਾ ਜਿਹਾ ਨੁੱਕੜ ਵੀ ਲੱਗਦਾ ਹੈ ਇੱਕਦਮ ਬਦਲਿਆ-ਬਦਲਿਆ, ਜਗਮਗ-ਜਗਮਗ ਦੀਵਾਲੀ ਦੇ ਨਾਂਅ 'ਤੇ ਚਕਾਚੌਂਧ ਦੀ ਰੌਸ਼ਨੀ ਹੀ ਕਾਫ਼ੀ ਨਹੀਂ ਹੈ, ਸਗੋਂ ਘਿਓ ਦੇ ਉਹ ਦੀਵੇ ਵੀ ਜ਼ਰੂਰੀ ਹਨ, ਜੋ ਵਾਤਾਵਰਨ ਨੂੰ ਸ਼ੁੱਧ ਕਰਨ ਦੇ ਨਾਲ-ਨਾਲ ਸਾਨੂੰ ਵੀ ਅਧਿਆਤਮਕਤਾ ਦੀ ਸ਼ੁੱਧਤਾ ਵੱਲ ਲੈ ਜਾਂਦੇ ਹਨ





ਦੀਵਾਲੀ 'ਤੇ ਲੋਕ ਨਵੇਂ ਕੱਪੜੇ ਜ਼ਰੂਰ ਪਹਿਨਣ ਤੇ ਉਨ੍ਹਾਂ ਨੂੰ ਨਾ ਭੁੱਲਣ ਜਿਨ੍ਹਾਂ ਕੋਲ ਆਪਣਾ ਸਰੀਰ ਢਕਣ ਨੂੰ ਵੀ ਕੱਪੜੇ ਨਹੀਂ ਹਨ ਪ੍ਰਕਾਸ਼ ਉਤਸਵ ਵੈਸੇ ਵੀ ਤਿਉਹਾਰ ਤੋਂ ਜ਼ਿਆਦਾ ਇੱਕ ਸੰਸਕਾਰ ਹੈ, ਇਨਸਾਨੀਅਤ ਨੂੰ ਜਾਗ੍ਰਿਤ ਕਰਨ ਦਾ ਲਿਹਾਜ਼ਾ ਸਾਨੂੰ ਚਾਹੀਦਾ ਹੈ ਕਿ ਅਸੀਂ ਦੀਨ-ਹੀਨਾਂ ਵੱਲ ਇਸ ਪ੍ਰਕਾਸ਼ ਨੂੰ ਲੈ ਜਾਈਏ, ਉਦੋਂ ਸਾਡੀ ਦੀਵਾਲੀ ਵੀ ਉਦੇਸ਼ਪੂਰਕ ਹੋਵੇਗੀ

ਤੋਹਫ਼ੇ ਦਿਓ, ਖੁਸ਼ੀ ਮਨਾਓ

ਗਰੀਬਾਂ ਨਾਲ ਖੁਸ਼ੀਆਂ ਵੰਡ ਕੇ ਮਨਾਓ ਦੀਵਾਲੀ

ਘਰ ਦੇ ਆਸ-ਪਾਸ ਦੀ ਸਫਾਈ ਕਰੋ

ਆਪਣਿਆਂ ਨਾਲ ਮਨਾਓ ਦੀਵਾਲੀ

ਦੀਵੇ ਦੇ ਮਹੱਤਵ ਨੂੰ ਜੀਵਨ 'ਚ ਅਪਣਾਓ

ਈਕੋਫਰੈਂਡਲੀ ਦੀਵਾਲੀ ਲਈ ਟਿਪਸ:

ਪਟਾਖੇ ਚਲਾਉਂਦੇ ਸਮੇਂ ਇਹ ਸਾਵਧਾਨੀਆਂ ਰੱਖੋ:

ਅੱਖ-ਕੰਨ ਦਾ ਰੱਖੋ ਬਚਾਅ

ਧਿਆਨ ਰੱਖੋ ਕਿਤੇ ਕੌੜੀ ਨਾ ਹੋ ਜਾਵੇ ਮਿਠਾਸ

**ਤੋਹਫ਼ੇ ਦਿਓ, ਖੁਸ਼ੀ ਮਨਾਓ**

ਪ੍ਰੋਗਰਾਮਾਂ 'ਚ ਤੋਹਫ਼ੇ ਦੇਣ ਤੇ ਲੈਣ ਦੀ ਪਰੰਪਰਾ ਹਮੇਸ਼ਾ ਸੁਖਦ ਅਹਿਸਾਸ ਕਰਾਉਂਦੀ ਹੈ ਦੀਵਾਲੀ ਦੇ ਮੌਕੇ 'ਤੇ ਵੀ ਜੇਕਰ ਤੋਹਫਿਆਂ ਦਾ ਲੈਣ-ਦੇਣ ਕੀਤਾ ਜਾਵੇ, ਤਾਂ ਵਧੀਆ ਹੈ ਤੁਸੀਂ ਜੇਕਰ ਬੱਚਿਆਂ ਨੂੰ ਤੋਹਫ਼ਾ ਦੇਣਾ ਚਾਹੁੰਦੇ ਹੋ, ਤਾਂ ਬੱਚੇ ਨੂੰ ਕੱਪੜੇ, ਕਪਾਹ, ਬੂਟ, ਲੰਚ ਬਾਕਸ, ਗਿਲਾਸ, ਬੋਤਲ ਆਦਿ ਵੀ ਦੇ ਸਕਦੇ ਹੋ ਇਸ ਤੋਹਫ਼ੇ ਨਾਲ ਉਨ੍ਹਾਂ ਦਾ ਪੈਸਾ ਵੀ ਬਚੇਗਾ, ਤਾਂ ਦੂਜੇ ਪਾਸੇ ਉਨ੍ਹਾਂ ਦੀ ਜ਼ਰੂਰਤ ਵੀ ਪੂਰੀ ਹੋ ਜਾਏਗੀ ਤੁਸੀਂ ਜ਼ਿਆਦਾ ਖਰਚ ਕਰਕੇ ਆਪਣਾ ਬਜ਼ਟ ਵਿਗਾੜਨ ਦੀ ਬਜਾਇ ਸੰਤੁਲਨ ਬਣਾ ਕੇ ਤੋਹਫ਼ਾ ਦਿਓ ਇੱਕ ਰੂਪਰੇਖਾ ਬਣਾ ਲਓ ਕਿ ਤੁਸੀਂ ਕਿੰਨੇ ਰੁਪਏ ਤੱਕ ਦਾ ਤੋਹਫ਼ਾ ਦੇਣਾ ਹੈ ਬੱਚਿਆਂ ਨੂੰ ਕਹਾਣੀ ਦੀਆਂ ਕਿਤਾਬਾਂ ਵੀ ਦੇ ਸਕਦੇ ਹੋ ਜਾਂ ਆਮ ਗਿਆਨ ਦੀਆਂ ਪੁਸਤਕਾਂ, ਵਿਗਿਆਨ ਵਾਲੀਆਂ ਵੀ ਦੇ ਸਕਦੇ ਹੋ

ਤੁਸੀਂ ਵੱਡਿਆਂ ਨੂੰ ਪਲੰਗ ਦੀ ਚਾਦਰ, ਪਰਦੇ, ਕੋਈ ਸਟੀਲ ਦਾ ਬਰਤਨ, ਪ੍ਰੈੱਸ, ਰਸੋਈ ਦੇ ਕੰਮ ਆਉਣ ਵਾਲੇ ਬਰਤਨ ਜਿਵੇਂ ਕਟੋਰੀ ਸੈੱਟ, ਪਲੇਟ ਸੈੱਟ, ਟੀ-ਸੈੱਟ, ਗਿਲਾਸ ਸੈੱਟ, ਜੂਸਰ, ਖਾਣੇ ਦਾ ਡੱਬਾ, ਡੌਂਗਾ ਸੈੱਟ, ਡਾਈਨਿੰਗ ਸੈੱਟ ਟੂ ਪਰਫਿਊਮ, ਇੰਟੀਮੈਂਟ, ਸਵੈਟਰ, ਸਾੜੀ, ਚੂੜੀਆਂ, ਪਾਇਲ, ਅੰਗੂਠੀ, ਹਾਰ ਸੈੱਟ, ਕੱਪੜਾ ਆਦਿ ਵੀ ਦੇ ਸਕਦੇ ਹੋ ਜੇਕਰ ਤੁਹਾਡੀ ਆਰਥਿਕ ਸਥਿਤੀ ਮਜ਼ਬੂਤ ਹੈ ਅਤੇ ਤੁਸੀਂ ਆਪਣੇ ਸਟੈਂਡਰਡ ਅਨੁਸਾਰ ਖਰਚ ਕਰਨਾ ਚਾਹੁੰਦੇ ਹੋ, ਤਾਂ ਘਰ ਦੇ ਮੈਂਬਰਾਂ ਲਈ ਕੱਪੜੇ, ਸੀਲਿੰਗ ਫੈਨ, ਛੋਟਾ ਕੂਲਰ, ਦੀਵਾਰ ਘੜੀ, ਹੱਥ ਘੜੀ, ਲੈਂਪ, ਡੈੱਕ, ਟੇਪ, ਰੇਡੀਓ, ਮਿਕਸੀ ਛੋਟੀ, ਸੂਟਕੇਸ, ਵੱਕਮੇਨ ਆਦਿ ਨੂੰ ਵੀ ਆਪਣੇ ਤੋਹਫ਼ਿਆਂ 'ਚ ਸ਼ਾਮਲ ਕਰ ਸਕਦੇ ਹੋ

**ਗਰੀਬਾਂ ਨਾਲ ਖੁਸ਼ੀਆਂ ਵੰਡ ਕੇ ਮਨਾਓ ਦੀਵਾਲੀ**

ਦੀਵਾਲੀ ਮਨਾਉਣ ਲਈ ਅਸੀਂ ਪਟਾਖੇ ਖਰੀਦਣ 'ਚ ਜਿੰਨਾ ਪੈਸਾ ਖਰਚ ਕਰਦੇ ਹਾਂ, ਜੇਕਰ ਓਨਾ ਪੈਸਾ ਅਸੀਂ ਕਿਸੇ ਜ਼ਰੂਰਤਮੰਦ ਨੂੰ ਦੇਈਏ, ਤਾਂ ਉਸ ਦੇ ਘਰ 'ਚ ਵੀ ਉਜਾਲਾ ਹੋ ਜਾਏਗਾ ਉਹ ਵੀ ਦੀਵਾਲੀ ਮਨਾ ਪਾਏਗਾ ਇੱਕ ਵਾਰ ਅਜਿਹਾ ਕਰਕੇ ਤਾਂ ਦੇਖੋ ਤੁਹਾਨੂੰ ਦੀਵਾਲੀ ਦਾ ਅਸਲੀ ਮਤਲਬ ਸਮਝ ਆਏਗਾ ਕਿ ਦੀਵਾਲੀ ਪਟਾਖੇ ਚਲਾਉਣ ਦਾ ਨਹੀਂ, ਸਗੋਂ ਖੁਸ਼ੀਆਂ ਵੰਡਣ ਅਤੇ ਦੂਜਿਆਂ ਦੇ ਘਰਾਂ 'ਚ ਰੌਸ਼ਨ ਕਰਨ ਦਾ ਤਿਉਹਾਰ ਹੈ

**ਘਰ ਦੇ ਆਸ-ਪਾਸ ਦੀ ਸਫਾਈ ਕਰੋ**

ਦੀਵਾਲੀ ਤੋਂ ਪਹਿਲਾਂ ਆਪਣੇ ਘਰ ਦੇ ਨਾਲ-ਨਾਲ ਆਂਢ-ਗੁਆਂਢ 'ਚ ਗੰਦਗੀ ਨੂੰ ਵੀ ਸਾਫ਼ ਕਰੋ ਆਸ-ਪਾਸ ਸਫਾਈ ਹੋਵੇਗੀ ਤਾਂ ਮਾਹੌਲ ਵੀ ਖੁਸ਼ੀਆਂ ਨਾਲ ਭਰਿਆ ਹੋਵੇਗਾ ਉਸ ਦਿਨ ਘਰ ਦੇ ਆਸ-ਪਾਸ ਜਾਂ ਬਾਗ-ਬਗੀਚਿਆਂ 'ਚ ਇੱਕ ਪੌਦਾ ਲਾਓ, ਜੋ ਅੱਗੇ ਆਉਣ ਵਾਲੇ ਸਮੇਂ 'ਚ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ 'ਚ ਮੱਦਦ ਕਰੇਗਾ ਅਤੇ ਆਸ-ਪਾਸ ਦੇ ਵਾਤਾਵਰਨ ਨੂੰ ਵੀ ਸਾਫ਼ ਰੱਖੇਗਾ ਨਾਲ ਹੀ ਆਪਣੇ ਘਰ 'ਚ ਅਤੇ ਘਰ ਦੇ ਆਸ-ਪਾਸ ਪੌਦੇ ਲਾਓ, ਅਜਿਹਾ ਕਰਕੇ ਤੁਸੀਂ ਆਪਣੇ ਆਸ-ਪਾਸ ਦੇ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ 'ਚ ਸਹਿਯੋਗ ਕਰ ਸਕਦੇ ਹੋ

**ਆਪਣਿਆਂ ਨਾਲ ਮਨਾਓ ਦੀਵਾਲੀ**

ਅੱਜ ਦਾ ਸਮਾਂ ਅਜਿਹਾ ਹੈ ਕਿ ਲੋਕ ਨੌਕਰੀ ਕਾਰਨ ਆਪਣੇ ਘਰਾਂ ਤੋਂ ਦੂਰ ਰਹਿੰਦੇ ਹਨ ਅਤੇ ਦੀਵਾਲੀ 'ਤੇ ਘਰ ਨਹੀਂ ਜਾਂਦੇ ਹਨ ਉਨ੍ਹਾਂ ਲੋਕਾਂ ਲਈ ਸੁਝਾਅ ਹੈ ਕਿ ਕੋਸ਼ਿਸ਼ ਕਰਕੇ ਆਪਣੇ ਘਰ ਜ਼ਰੂਰ ਜਾਓ ਅਤੇ ਆਪਣੇ ਪਰਿਵਾਰ ਦੇ ਨਾਲ ਖੁਸ਼ੀਆਂ ਵਾਲੀ ਦੀਵਾਲੀ ਮਨਾਓ

***ਦੀਵੇ ਦੇ ਮਹੱਤਵ ਨੂੰ ਜੀਵਨ 'ਚ ਅਪਣਾਓ***

ਤੇਲ ਦੇ ਦੀਵੇ 'ਚ ਉੱਜਾਲਾ ਵੇਖਣ ਲਈ ਬੱਤੀ ਨੂੰ ਤੇਲ 'ਚ ਡੁਬਾਉਣਾ ਪੈਂਦਾ ਹੈ, ਪਰ ਜੇਕਰ ਬੱਤੀ ਪੂਰੀ ਤਰ੍ਹਾਂ ਤੇਲ 'ਚ ਡੁੱਬੀ ਰਹੇ ਤਾਂ ਇਹ ਜਲ ਕੇ ਪ੍ਰਕਾਸ਼ ਨਹੀਂ ਦੇ ਸਕੇਗੀ, ਇਸ ਲਈ ਉਸ ਨੂੰ ਥੋੜ੍ਹਾ ਜਿਹਾ ਬਾਹਰ ਕੱਢ ਕੇ ਰੱਖਦੇ ਹਨ ਸਾਡਾ ਜੀਵਨ ਵੀ ਦੀਵੇ ਦੀ ਇਸ ਬੱਤੀ ਸਮਾਨ ਹੈ, ਸਾਨੂੰ ਇਸ ਸੰਸਾਰ 'ਚ ਰਹਿਣਾ ਹੈ ਫਿਰ ਵੀ ਇਸ ਤੋਂ ਅਛੂਤਾ ਰਹਿਣਾ ਪਵੇਗਾ ਜੇਕਰ ਅਸੀਂ ਸੰਸਾਰ ਦੀ ਭੌਤਿਕਤਾ 'ਚ ਵੀ ਡੁੱਬੇ ਰਹਾਂਗੇ ਤਾਂ ਅਸੀਂ ਆਪਣੇ ਜੀਵਨ 'ਚ ਸੱਚਾ ਆਨੰਦ ਅਤੇ ਗਿਆਨ ਨਹੀਂ ਲੈ ਸਕਾਂਗੇ ਸੰਸਾਰ 'ਚ ਰਹਿੰਦੇ ਹੋਏ ਵੀ,

ਇਸ ਦੇ ਸੰਸਾਰਿਕ ਪੱਖਾਂ 'ਚ ਨਾ ਡੁੱਬਣ ਨਾਲ, ਅਸੀਂ ਆਨੰਦ ਅਤੇ ਗਿਆਨ ਦੇ ਪ੍ਰਤੀਕ ਬਣ ਸਕਦੇ ਹਾਂ ਜੀਵਨ 'ਚ ਗਿਆਨ ਦੇ ਪ੍ਰਕਾਸ਼ ਨੂੰ ਜਗਾਉਣ ਲਈ ਹੀ ਦੀਵਾਲੀ ਮਨਾਈ ਜਾਂਦੀ ਹੈ ਦੀਵਾਲੀ ਸਿਰਫ਼ ਘਰਾਂ ਨੂੰ ਸਜਾਉਣ ਲਈ ਨਹੀਂ, ਸਗੋਂ ਜੀਵਨ ਦੇ ਇਸ ਗੂੜ੍ਹ ਰਹੱਸ ਨੂੰ ਉਜ਼ਾਗਰ ਕਰਨ ਲਈ ਵੀ ਮਨਾਈ ਜਾਂਦੀ ਹੈ ਹਰ ਦਿਲ 'ਚ ਗਿਆਨ ਅਤੇ ਪ੍ਰੇਮ ਦਾ ਦੀਵਾ ਜਲਾਓ ਅਤੇ ਹਰ ਇੱਕ ਦੇ ਚਿਹਰੇ 'ਤੇ ਮੁਸਕਾਨ ਦੀ ਚਮਕ ਲਿਆਓ

**ਈਕੋਫਰੈਂਡਲੀ ਦੀਵਾਲੀ ਲਈ ਟਿਪਸ:**

ਆਰਗੈਨਿਕ ਤੇ ਕੁਦਰਤੀ ਰੰਗਾਂ ਨਾਲ ਰੰਗੋਲੀ ਬਣਾਓ

ਪਟਾਖਿਆਂ ਦੀ ਜਗ੍ਹਾ ਗਰੀਬਾਂ ਨੂੰ ਉਨ੍ਹਾਂ ਪੈਸਿਆਂ ਨਾਲ ਸ਼ਾਲ, ਕੱਪੜੇ ਦਾਨ ਕਰੋ ਕਿਉਂਕਿ ਉਸ ਨਾਲ ਆਉਣ ਵਾਲੀ ਠੰਡ 'ਚ ਉਨ੍ਹਾਂ ਦੀ ਮੱਦਦ ਹੋ ਜਾਏਗੀ

ਚਾਈਨੀਜ਼ ਲੜੀਆਂ ਦੀ ਵਰਤੋਂ ਨਾ ਕਰਕੇ ਮਿੱਟੀ ਦੇ ਦੀਵੇ ਜਲਾਓ ਇਸ ਨਾਲ ਛੋਟੇ-ਛੋਟੇ ਮਿੱਟੀ ਦੇ ਕਾਰੀਗਰਾਂ ਦੇ ਚਿਹਰੇ 'ਤੇ ਵੀ ਦੀਵਾਲੀ ਦੀ ਖੁਸ਼ੀ ਝਲਕੇਗੀ

ਘਰ 'ਚ ਪੁਰਾਣੇ ਸਮਾਨ ਨੂੰ ਦਾਨ ਕਰੋ

ਪਟਾਖੇ ਚਲਾਉਂਦੇ ਸਮੇਂ ਇਹ ਸਾਵਧਾਨੀਆਂ ਰੱਖੋ:

ਨਾਈਲਾੱਨ ਦੇ ਕੱਪੜੇ ਨਾ ਪਹਿਨੋ, ਪਟਾਖੇ ਚਲਾਉਂਦੇ ਸਮੇਂ ਕਾੱਟਨ ਦੇ ਕੱਪੜੇ ਪਹਿਨਣਾ ਬਿਹਤਰ ਹੁੰਦਾ ਹੈ

ਪਟਾਖੇ ਚਲਾਉਣ ਲਈ ਮਾਚਿਸ ਜਾਂ ਲਾਇਟਰ ਦਾ ਇਸਤੇਮਾਲ ਬਿਲਕੁਲ ਨਾ ਕਰੋ, ਕਿਉਂਕਿ ਇਸ 'ਚ ਖੁੱਲ੍ਹੀ ਫਲੇਮ ਹੁੰਦੀ ਹੈ, ਜੋ ਕਿ ਖ਼ਤਰਨਾਕ ਹੋ ਸਕਦੀ ਹੈ

ਰਾਕੇਟ ਵਰਗੇ ਪਟਾਖੇ ਉਦੋਂ ਬਿਲਕੁਲ ਨਾ ਚਲਾਓ, ਜਦੋਂ ਉੱਪਰ ਕੋਈ ਰੁਕਾਵਟ ਹੋਵੇ, ਜਿਵੇਂ ਦਰੱਖਤ, ਬਿਜਲੀ ਦੇ ਤਾਰ ਆਦਿ

ਪਟਾਖਿਆਂ ਨਾਲ ਐਕਸਪੈਰੀਮੈਂਟ ਜਾਂ ਖੁਦ ਦੇ ਪਟਾਖੇ ਬਣਾਉਣ ਦੀ ਕੋਸ਼ਿਸ਼ ਨਾ ਕਰੋ

ਸੜਕ 'ਤੇ ਪਟਾਖੇ ਚਲਾਉਣ ਤੋਂ ਬਚੋ

ਇੱਕ ਪਟਾਖਾ ਚਲਾਉਂਦੇ ਸਮੇਂ ਬਾਕੀ ਪਟਾਖੇ ਆਸ-ਪਾਸ ਨਾ ਰੱਖੋ

ਕਦੇ ਵੀ ਆਪਣੇ ਹੱਥ 'ਚ ਪਟਾਖੇ ਨਾ ਚਲਾਓ ਇਸ ਨੂੰ ਹੇਠਾਂ ਰੱਖ ਕੇ ਚਲਾਓ

ਕਦੇ ਵੀ ਛੋਟੇ ਬੱਚਿਆਂ ਦੇ ਹੱਕ 'ਚ ਕੋਈ ਵੀ ਪਟਾਕਾ ਨਾ ਦਿਓ

ਕਦੇ ਵੀ ਬੰਦ ਜਗ੍ਹਾ 'ਤੇ ਜਾਂ ਗੱਡੀ ਦੇ ਅੰਦਰ ਪਟਾਖੇ ਚਲਾਉਣ ਦੀ ਕੋਸ਼ਿਸ਼ ਨਾ ਕਰੋ

ਅੱਖ-ਕੰਨ ਦਾ ਰੱਖੋ ਬਚਾਅ

ਅੱਖ 'ਚ ਹਲਕੀ ਚੰਗਿਆੜੀ ਲੱਗਣ 'ਤੇ ਵੀ ਉਸ ਨੂੰ ਹੱਥ ਨਾਲ ਮਸਲੋ ਨਾ ਸਾਦੇ ਪਾਣੀ ਨਾਲ ਅੱਖਾਂ ਨੂੰ ਧੋਵੋ ਅਤੇ ਜਲਦੀ ਹੀ ਡਾਕਟਰ ਨੂੰ ਦਿਖਾਓ ਦੀਵਾਲੀ ਤੋਂ ਬਾਅਦ ਪ੍ਰਦੂਸ਼ਣ ਅਤੇ ਰਾਖ ਨਾਲ ਅੱਖਾਂ 'ਚ ਜਲਨ ਦੀ ਦਿੱਕਤ ਵੀ ਕਾਫ਼ੀ ਵਧ ਜਾਂਦੀ ਹੈ ਅਕਸਰ ਦੀਵਾਲੀ ਦੇ ਦੂਜੇ-ਤੀਜੇ ਦਿਨ ਤੱਕ ਬਾਹਰ ਨਿਕਲਣ 'ਤੇ ਅੱਖਾਂ 'ਚ ਜਲਨ ਮਹਿਸੂਸ ਹੁੰਦੀ ਹੈ, ਕਿਉਂਕਿ ਹਵਾ 'ਚ ਪ੍ਰਦੂਸ਼ਣ ਹੁੰਦਾ ਹੈ ਅਜਿਹੀ ਦਿੱਕਤ ਹੋਣ 'ਤੇ ਡਾਕਟਰ ਦੀ ਸਲਾਹ ਨਾਲ ਕੋਈ ਆਈ-ਡਰਾੱਪਸ ਇਸਤੇਮਾਲ ਕਰ ਸਕਦੇ ਹੋ

**ਧਿਆਨ ਰੱਖੋ ਕਿਤੇ ਕੌੜੀ ਨਾ ਹੋ ਜਾਵੇ ਮਿਠਾਸ**

ਇਨ੍ਹਾਂ ਦਿਨਾਂ 'ਚ ਨਕਲੀ ਮਠਿਆਈਆਂ ਦੀ ਵਿਕਰੀ ਜ਼ੋਰਾਂ 'ਤੇ ਹੈ ਮਾਰਕਿਟ 'ਚ ਲਾਲ, ਪੀਲੀ, ਕਾਲੀ, ਨੀਲੀ ਹਰ ਰੰਗ ਦੀ ਮਠਿਆਈ ਮੌਜੂਦ ਹੈ, ਜਿਨ੍ਹਾਂ 'ਚ ਕੈਮੀਕਲ ਵਾਲੇ ਰੰਗਾਂ ਦਾ ਇਸਤੇਮਾਲ ਹੁੰਦਾ ਹੈ ਇਨ੍ਹਾਂ ਦਾ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ ਜਿੱਥੋਂ ਤੱਕ ਹੋ ਸਕੇ, ਘਰ ਦੀਆਂ ਬਣੀਆਂ ਫਰੈੱਸ਼ ਚੀਜ਼ਾਂ, ਤਾਜੇ ਫਲ ਅਤੇ ਤਾਜ਼ੇ ਫਰੂਟ ਜੂਸ ਦਾ ਇਸਤੇਮਾਲ ਕਰੋ ਲੋਕ ਸ਼ੂਗਰ ਫ੍ਰੀ ਮਠਿਆਈਆਂ ਇਹ ਸੋਚ ਕੇ ਖਾਂਦੇ ਹਨ ਕਿ ਇਹ ਨੁਕਸਾਨ ਨਹੀਂ ਕਰਨਗੀਆਂ ਸੱਚ ਇਹ ਹੈ ਕਿ ਇਹ ਚੀਜ਼ਾਂ ਸ਼ੂਗਰ ਫ੍ਰੀ ਹੁੰਦੀਆਂ ਹਨ, ਨਾ ਕਿ ਕੈਲਰੀ ਫਰੀ ਅਜਿਹੇ 'ਚ ਕਾਲੇਸਟਰਾਲ ਅਤੇ ਬਲੱਡ ਪ੍ਰੈਸ਼ਰ ਤੇਜ਼ੀ ਨਾਲ ਵਧ ਜਾਂਦਾ ਹੈ ਡਾਈਬਿਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਹਾਰਟ ਦੀ ਸਮੱਸਿਆ ਵਾਲੇ ਲੋਕ ਅਕਸਰ ਸਿਹਤ ਦਾ ਹਵਾਲਾ ਦੇ ਕੇ ਮਿੱਠੇ ਦੇ ਬਜਾਇ ਨਮਕੀਨ ਖਾਂਦੇ ਹਨ,

ਜਦਕਿ ਤਲੀਆਂ ਅਤੇ ਜ਼ਿਆਦਾ ਲੂਣ ਵਾਲੀਆਂ ਚੀਜ਼ਾਂ ਵੀ ਪ੍ਰੇਸ਼ਾਨੀ ਵਧਾਉਂਦੀਆਂ ਹਨ ਮਿਲਾਵਟੀ ਮਠਿਆਈਆਂ ਨਾਲ ਵੀ ਪੇਟ ਦਰਦ, ਸਿਰ ਦਰਦ, ਨੀਂਦ ਨਾ ਆਉਣਾ, ਸਰੀਰ 'ਚ ਭਾਰੀਪਣ, ਡਾਈਬਿਟੀਜ਼, ਬਲੱਡ ਪ੍ਰੈਸ਼ਰ ਅਤੇ ਕੋਲੇਸਟਰਾਲ ਦਾ ਕੰਟਰੋਲ ਤੋਂ ਬਾਹਰ ਹੋਣਾ ਆਦਿ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ ਇਨ੍ਹਾਂ ਦਿਨਾਂ 'ਚ ਰੋਸਟਰਡ ਕਾਜੂ ਵੀ ਲੋਕ ਜੰਮ ਕੇ ਖਾਂਦੇ ਹਨ, ਜਦਕਿ ਇਕੱਠਿਆਂ ਡਿਮਾਂਡ ਜ਼ਿਆਦਾ ਹੋਣ 'ਤੇ ਅਕਸਰ ਪੁਰਾਣੇ ਸਟਾਕ ਨੂੰ ਫਿਰ ਤੋਂ ਫਰਾਈ ਕਰਕੇ, ਉਸ 'ਚ ਹੋਰ ਲੂਣ ਮਿਲਾ ਕੇ ਵੇਚਿਆ ਜਾਂਦਾ ਹੈ, ਜੋ ਕਿ ਡਬਲ ਫਰਾਈ ਹੋਣ ਕਾਰਨ ਕਾਫ਼ੀ ਖਤਰਨਾਕ ਹੋ ਜਾਂਦਾ ਹੈ

# ਹਰਦੀਪ ਸਿੰਘ ਨਿੱਝਰ ਕਤਲ ਕੇਸ ਉੱਤੇ ਭਾਰਤ ਦਾ ਨਵਾਂ ਦਾਅਵਾ, ਟਰੂਡੋ ਉੱਤੇ ਲਾਇਆ ਇਹ ਇਲਜ਼ਾਮ

ਭਾਰਤ ਅਤੇ ਕੈਨੇਡਾ ਵਿਚਕਾਰ ਚੱਲ ਰਹੇ ਤਣਾਅ ਨੂੰ ਸ਼ੁਰੂ ਹੋਏ ਦੋ ਮਹੀਨੇ ਦੇ ਕਰੀਬ ਹੋ ਚੁੱਕੇ ਹਨ, ਪਰ ਅਜੇ ਵੀ ਇਹ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ, ਭਾਰਤ ਨੇ ਕੈਨੇਡਾ ਉੱਤੇ ਹੁਣ ਨਵੇਂ ਇਲਜ਼ਾਮ ਲਾਏ ਹਨ।ਇਸੇ ਮਾਮਲੇ ਬਾਰੇ ਕੈਨੇਡਾ ਦੇ ਇੱਕ ਅਖ਼ਬਾਰ ਨੂੰ ਦਿੱਤੇ ਆਪਣੇ ਇੰਟਰਵਿਊ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੇ ਇਹ ਦਾਅਵਾ ਕੀਤਾ ਹੈ ਕਿ ਭਾਰਤ ਦੀ ਸ਼ਮੂਲੀਅਤ ਬਾਰੇ ਇਲਜ਼ਾਮ ਲਾਉਣ ਦੀ ਹਦਾਇਤ ਕਿਸੇ ਉੱਚੇ ਅਹੁਦੇ ’ਤੇ ਤੈਨਾਤ ਵਿਅਕਤੀ ਵੱਲੋਂ ਆਈ ਸੀ।ਉਨ੍ਹਾਂ ਇਹ ਵੀ ਕਿਹਾ ਜਸਟਿਨ ਟਰੂਡੋ ਵੱਲੋਂ ਜਨਤਕ ਤੌਰ ‘ਤੇ ਦਿੱਤੇ ਬਿਆਨਾਂ ਕਾਰਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਨੂੰ ਨੁਕਸਾਨ ਪਹੁੰਚਿਆ ਹੈ।ਉਨ੍ਹਾਂ ਨੇ ਇਹ ਇੰਟਰਵਿਊ ਕੈਨੇਡਾ ਦੇ ‘ਦ ਗਲੋਬ ਐਂਡ ਮੇਲ’ ਅਖ਼ਬਾਰ ਨੂੰ ਹਾਲ ਹੀ ਵਿੱਚ ਦਿੱਤਾ ਹੈ।ਭਾਰਤ- ਕੈਨੇਡਾ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ 18 ਸਤੰਬਰ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਸੰਸਦ ਵਿੱਚ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਸੀਆਂ ਦੀ ਸ਼ਮੂਲੀਅਤ ਹੋਣ ਬਾਰੇ ਖ਼ਦਸ਼ਾ ਜ਼ਾਹਰ ਕੀਤਾ ਸੀ।ਭਾਰਤ ਸਰਕਾਰ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਲਜ਼ਾਮਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ।

**ਨਿੱਝਰ ਦੇ ਕਤਲ ਤੋਂ ਸ਼ੁਰੂ ਹੋਇਆ ਕੈਨੇਡਾ-ਭਾਰਤ ਤਣਾਅ**

13 ਜੂਨ 2023 ਨੂੰ ਹਰਦੀਪ ਸਿੰਘ ਨਿੱਝਰ ਦਾ ਕੈਨੇਡਾ ਦੇ ਸਰੀ ਵਿੱਚ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।

ਜਿਸ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਮਾਮਲਾ ਭਖ਼ਦਾ ਗਿਆ ਅਤੇ ਦੋਵਾਂ ਮੁਲਕਾਂ ਨੇ ਇੱਕ-ਦੂਜੇ ਦੇ ਕੂਟਨੀਤਕਾਂ ਨੂੰ ਮੁਲਕ ਛੱਡ ਕੇ ਜਾਣ ਲਈ ਕਹਿ ਦਿੱਤਾ।ਇੰਨਾਂ ਨਹੀਂ ਭਾਰਤ ਨੇ ਕੈਨੇਡਾ ਦੇ ਨਾਗਰਿਕ ਲਈ ਵੀਜ਼ਾ ਸੇਵਾਵਾਂ @ਤੇ ਵੀ ਅਸਥਾਈ ਤੌਰ @ਤੇ ਰੋਕ ਲਗਾ ਦਿੱਤੀ ਸੀ, 25 ਅਕਤੂਬਰ ਨੂੰ ਭਾਰਤ ਨੈ ਕੈਨੇਡੀਆਈ ਨਾਗਰਿਕਾਂ ਲਈ ਬੰਦ ਕੀਤੀਆਂ ਸੇਵਾਵਾਂ ਵਿੱਚੋਂ ਚਾਰ ਸੇਵਾਵਾਂ ਨੂੰ ਮੁੜ ਚਾਲੂ ਕਰਨ ਲਈ ਐਲਾਨ ਕੀਤਾ ਹੈ।ਭਾਰਤ ਨੇ ਕੈਨੇਡਾ ਦੇ 21 ਕੂਟਨੀਤਕਾਂ ਨੂੰ ਛੱਡ ਕੇ ਬਾਕੀਆਂ ਨੂੰ ਦੇਸ਼ ਛੱਡ ਜਾਣ ਲਈ ਕਿਹਾ ਸੀ, ਜਿਸ ਮਗਰੋਂ ਕੈਨੇਡਾ ਨੇ ਆਪਣੇ 41 ਦੇ ਕਰੀਬ ਕੂਟਨੀਤਕਾਂ ਨੂੰ ਵਾਪਸ ਬੁਲਾ ਲਿਆ ਸੀ।ਕੈਨੇਡਾ ਸਰਕਾਰ ਨੇ ਕਿਹਾ ਸੀ ਕਿ ਇਸ ਨਾਲ ਚੰਡੀਗੜ੍ਹ, ਮੁੰਬਈ ਸਮੇਤ ਹੋਰ ਥਾਵਾਂ ਵਿੱਚ ਕੰਮਕਾਜ ਪ੍ਰਭਾਵਿਤ ਹੋਵੇਗਾ ਅਤੇ ਵੀਜ਼ਾ ਅਰਜੀਆਂ ਦੀ ਪ੍ਰਕਿਰਿਆ ਹੌਲੀ ਹੋਵੇਗੀ।ਪੰਜਾਬ ਦੇ ਸਮੇਤ ਭਾਰਤ ਦੇ ਹੋਰ ਸੂਬਿਆਂ ਵੱਚੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਪੜ੍ਹਨ ਲਈ ਕੈਨੇਡਾ ਜਾਣ ਦੀ ਚਾਹ ਰੱਖਦੇ ਹਨ, ਇਸ ਤਣਾਅ ਕਾਰਨ ਕੌਮਾਂਤਰੀ ਵਿਦਿਆਰਥੀਆਂ ਦੇ ਪ੍ਰਭਾਵਿਤ ਹੋਣ ਦੀ ਗੱਲ ਵੀ ਕਹੀ ਗਈ ਸੀ।






**‘ਕੇਸ ਦੀ ਜਾਂਚ ਨੂੰ ਨੁਕਸਾਨ ਪਹੁੰਚ ਚੁੱਕਿਆ ਹੈ’**

ਕੈਨੇਡਾ ਦੇ ਅਖ਼ਬਾਰ ‘ਦ ਗਲੋਬ ਐਂਡ ਮੇਲ’ ਨੂੰ ਹਾਲ ਹੀ ਵਿੱਚ ਦਿੱਤੇ ਆਪਣੇ ਇੰਟਰਵਿਊ ਵਿੱਚ ਕੈਨੇਡਾ ਦੇ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੇ ਕਿਹਾ ਕਿ ਜਾਂਚ ਨੂੰ ਨੁਕਸਾਨ ਪਹੁੰਚ ਚੁੱਕਿਆ ਹੈ।ਉਨ੍ਹਾਂ ਕਿਹਾ, ਸਾਨੂੰ ਇਸ ਕੇਸ ਨਾਲ ਸਬੰਧਤ ਕੋਈ ਵੀ ਵਿਸ਼ੇਸ਼ ਜਾਣਕਾਰੀ ਨਹੀਂ ਦਿੱਤੀ ਗਈ ਹੈ ਤਾਂ ਜੋ ਅਸੀਂ ਜਾਂਚ ਵਿੱਚ ਸਹਿਯੋਗ ਕਰ ਸਕੀਏ। ਸਬੂਤ ਕਿੱਥੇ ਹਨ ? ਜਾਂਚ ਦਾ ਕੀ ਸਿੱਟਾ ਨਿਕਲਿਆ ? ਮੈਂ ਇਸ ਤੋਂ ਅੱਗੇ ਵੱਧ ਕੇ ਕਹਾਂਗਾ ਕੇ ਜਾਂਚ ਨੂੰ ਪਹਿਲਾਂ ਹੀ ਨੁਕਸਾਨ ਪਹੁੰਚ ਚੁੱਕਿਆ ਹੈ। ਉੱਚ ਪੱਧਰ ‘ਤੇ ਤੈਨਾਤ ਕਿਸੇ ਵਿਅਕਤੀ ਵੱਲੋਂ ਇਹ ਹਦਾਇਤ ਆਈ ਹੈ ਕਿ ਇਹ ਕਿਹਾ ਜਾਵੇ ਕਿ ਭਾਰਤ ਜਾਂ ਭਾਰਤ ਦੇ ਏਜੰਟ ਇਸਦੇ ਪਿੱਛੇ ਹਨ। ਕੈਨੇਡਾ ਦੀ ਸਰਕਾਰ ਦੇ ਵੱਲੋਂ ਇਹ ਵੀ ਕਿਹਾ ਗਿਆ ਸੀ ਕਿ ਭਾਰਤੀ ਏਜੰਸੀਆਂ ਦੀ ਸ਼ਮੂਲੀਅਤ ਬਾਰੇ ਇਲਜ਼ਾਮ ਕੈਨੇਡੀਆਈ ਖ਼ੁਫੀਆ ਏਜੰਸੀਆਂ ਅਤੇ ਫਾਈਵ ਆਈਜ਼ ਸਮਝੌਤੇ ਵਿੱਚ ਸ਼ਾਮਲ ਇੱਕ ਮੁਲਕ ਵੱਲੋਂ ਦਿੱਤੀ ਗਈ ਸੂਚਨਾ ਉੱਤੇ ਅਧਾਰਤ ਹਨ।

**‘ਕੂਟਨੀਤਕਾਂ ਵਿਚਾਲੇ ਹੋਈ ਗੱਲਬਾਤ ਸਬੂਤ ਨਹੀਂ’**

ਸੰਜੈ ਕੁਮਾਰ ਵਰਮਾ ਨੇ ਕੈਨੇਡਾ ਦੇ ਇਲਜ਼ਾਮਾਂ ਦੇ ਆਧਾਰ ਬਾਰੇ ਵੀ ਇਸ ਇੰਟਰਵਿਊ ਵਿੱਚ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਦੋ ਕੂਟਨੀਤਕਾਂ ਵਿਚਕਾਰ ਹੋਈ ਗੱਲਬਾਤ ਨੂੰ ਅਦਾਲਤ ਦੇ ਵਿੱਚ ਸਬੂਤ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਨੂੰ ਜਨਤਕ ਕੀਤਾ ਜਾ ਸਕਦਾ ਹੈ।ਤੁਸੀਂ ਗੈਰ-ਕਾਨੂੰਨੀ ਤਰੀਕੇ ਨਾਲ ਗੱਲਬਾਤ ਰਿਕਾਰਡ ਕਰਨ ਦੀ ਗੱਲ ਕਰ ਰਹੇ ਹੋ ਅਤੇ ਸਬੂਤਾਂ ਬਾਰੇ ਗੱਲ ਕਰ ਰਹੇ ਹੋ।ਦੋ ਕੂਟਨੀਤਕਾਂ ਵਿਚਕਾਰ ਹੋਈ ਗੱਲਬਾਤ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਸੁਰੱਖਿਅਤ ਹੈ, ਉਨ੍ਹਾਂ ਕਿਹਾ, ਮੈਨੂੰ ਵਿਖਾਓ ਕਿ ਤੁਸੀਂ ਗੱਲਬਾਤ ਕਿਵੇਂ ਰਿਕਾਰਡ ਕੀਤੀ,ਮੈਨੂੰ ਦਿਖਾਓ ਕਿ ਕਿਸੇ ਨੇ ਆਵਾਜ਼ ਦੀ ਨਕਲ ਨਹੀਂ ਕੀਤੀ ਹੈ।

**‘ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਾਂ’**

ਇਸ ਸਵਾਲ ਦੇ ਜਵਾਬ ਵਿੱਚ ਕਿ ਓਟਾਵਾ ਦੇ ਵੱਲੋਂ ਭਾਰਤ ਨੂੰ ਕਿਸੇ ਨਿੱਝਰ ਦੇ ਕਤਲ ਵਿੱਚ ਸ਼ਾਮਲ ਕਿਸੇ ਸ਼ਖ਼ਸ ਨੂੰ ਹਵਾਲੇ ਕਰਨ ਲਈ ਕਿਹਾ ਗਿਆ ਹੈ ਤਾਂ ਉਨ੍ਹਾਂ ਜਵਾਬ ਦਿੱਤਾ, ਇਹ ਗੱਲਬਾਤ ਦੋ ਸਰਕਾਰਾਂ ਵਿਚਾਲੇ ਹੈ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਵੱਲੋਂ ਓਟਾਵਾਂ ਨੂੰ ਪਿਛਲੇ 5 ਤੋਂ 6 ਸਾਲਾਂ ਵਿੱਚ 26 ਵਾਰੀ ਲੋੜੀਂਦੇ ਵਿਅਕਤੀ ਨੂੰ ਹਵਾਲੇ ਕਰਨ ਲਈ ਕਿਹਾ ਹੈ ਗਿਆ। ਉਨ੍ਹਾਂ ਕਿਹਾ, ਅਸੀਂ ਕਾਰਵਾਈ ਉਡੀਕ ਰਹੇ ਹਾਂ। ਹਾਈ ਕਮਿਸ਼ਨਰ ਸੰਜੇ ਵਰਮਾ ਨੇ ਕਿਾਹ ਕਿ ਉਨ੍ਹਾਂ ਨੂੰ ਕੈਨੇਡਾ ਦੀ ਰੋਇਲ ਕੈਨੇਡੀਅਨ ਮਾਊਂਟ ਪੁਲਿਸ ਵੱਲੋਂ ਉਨ੍ਹਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਸੁਰੱਖਿਆ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਮੈਂ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਾਂ।ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦੇ ਬਾਵਜੂਦ ਉਹ ਦੋਵਾਂ ਦੇ ਵਪਾਰਕ ਸਬੰਧਾਂ ਨੂੰ ਵਧਾਉਣਾ ਚਾਹੁਣਗੇ।ਉਨ੍ਹਾਂ ਕਿਹਾ ਕਿ ਇਹ ਵਪਾਰਕ ਸੰਧੀ ਜਲਦੀ ਤੋਂ ਜਲਦੀ ਸਿਰੇ ਚੜ੍ਹਨੀ ਚਾਹੀਦੀ ਹੈ ਤਾਂ ਜੋ ਨਿਵੇਸ਼ਕਾਂ ਨੂੰ ਇਸਦਾ ਲਾਭ ਮਿਲ ਸਕੇ।ਉਨ੍ਹਾਂ ਕਿਹਾ ਕਿ ਭਾਰਤ ਕੈਨੇਡਾ ਦੇ ਨਿਵੇਸ਼ਕਾਂ ਦਾ ਸਵਾਗਤ ਕਰੇਗਾ।ਉਨ੍ਹਾਂ ਕਿ ਦੋਵਾਂ ਦੇਸ਼ਾਂ ਨੂੰ ਆਪਣੇ ਸਬੰਧਾਂ ਨੂੰ ਪੇਸ਼ੇਵਰ ਢੰਗ ਨਾਲ ਸੰਵਾਦ ਰਾਹੀਂ ਸੁਧਾਰਨਾ ਚਾਹੀਦਾ ਹੈ।

**‘ਕੈਨੇਡਾ ਖਾਲਿਸਤਾਨ ਹਮਾਇਤੀਆਂ ਨੂੰ ਕਾਬੂ ਵਿੱਚ ਰੱਖੇ’**

ਉਨ੍ਹਾਂ ਕਿਹਾ ਕਿ ਭਾਰਤ ਇਹ ਉਮੀਦ ਰੱਖਦਾ ਹੈ ਕੈਨੇਡਾ ਇੱਥੇ ਰਹਿੰਦੇ ਖਾਲਿਸਤਾਨ ਹਮਾਇਤੀਆਂ ਨੂੰ ਕਾਬੂ ਵਿੱਚ ਰੱਖੇ।ਉਨ੍ਹਾਂ ਕਿਹਾ ਕਿ ਨਿੱਝਰ ਕਤਲ ਕੇਸ ਦੀ ਜਾਂਚ ਜਾਰੀ ਰਹਿਣੀ ਚਾਹੀਦੀ ਹੈ ਅਤੇ ਕੈਨੇਡਾ ਨੂੰ ਮੁੱਖ ਮਸਲੇ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਕੈਨੇਡਾ ਨੂੰ ਆਪਣੀ ਧਰਤੀ ਨੂੰ ਭਾਰਤ ਨੂੰ ਤੋੜਨ ਦਾ ਸਮਰਥਨ ਕਰਨ ਵਾਲੇ ਕੈਨੇਡੀਆਈ ਨਾਗਰਿਕਾਂ ਨੂੰ ਵਰਤਣ ਨਹੀਂ ਦੇਣਾ ਚਾਹੀਦਾ।

ਇੰਟਰਵਿਊ ਵਿੱਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਪੰਜਾਬ ਨੂੰ ਕੈਨੇਡਾ ਨਾਲੋਂ ਵੱਖ ਕਰਨ ਦਾ ਸਮਰਥਨ ਕਰਨ ਵਾਲੇ ਕੈਨੇਡੀਆਈ ਨਾਗਰਿਕਾਂ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡੀਆਈ ਕਾਨੂੰਨ ਦੇ ਮਾਹਰ ਨਹੀਂ ਹਨ। ਉਹ ਕਹਿੰਦੇ ਹਨ ਕਿ ਕੁਝ ਨਿਯਮ ਅਤੇ ਕਾਨੂੰਨ ਲਾਗੂ ਹੋਣੇ ਚਾਹੀਦੇ ਹਨ।

**‘ਦੋਵੇਂ ਧਿਰਾਂ ਇੱਕ ਦੂਜੇ ਦੇ ਸੰਪਰਕ ਵਿੱਚ ਹਨ’- ਐੱਸ ਜੈਸ਼ੰਕਰ**

ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਨੀਵਾਰ ਨੂੰ ਦਿੱਲੀ ਵਿੱਚ ਇੱਕ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਦੋਵੇਂ ਮੁਲਕ ਇੱਕ ਦੂਜੇ ਦੇ ਸਬੰਧ ਵਿੱਚ ਹਨ ਅਤੇ ਉਮੀਦ ਹੈ ਕਿ ਇਕ ਮਾਮਲੇ ਨੂੰ ਸੁਲਝਾਉਣ ਦਾ ਤਰੀਕਾ ਲੱਭ ਜਾਵੇਗਾ।ਉਨ੍ਹਾਂ ਕਿਹਾ ਕਿ, ਪ੍ਰਭੂਸੱਤਾ ਅਤੇ ਸੈਨਸਿਟਿਵੀਟੀ ਇੱਕ ਧਿਰ ਦੀ ਨਹੀਂ ਹੋ ਸਕਦੀ। ਉਹ ਹਿੰਦੁਸਤਾਨ ਟਾਈਮਜ਼ ਦੇ ਲੀਡਸ਼ਿਪ ਸਮਿੱਟ ਵਿੱਚ ਕਹੀ। ਬਹੁਤ ਦੇਸ਼ ਹਨ ਜਿੱਥੇ ਬੋਲਣ ਦੀ ਆਜ਼ਾਦੀ ਹੈ, ਪਰ ਇਹ ਕਿਸੇ ਲਈ ਹਿੰਸਾ ਦੀ ਵਕਾਲਤ ਅਤੇ ਵੱਖਵਾਦ ਜਾਂ ਕੱਟੜਪੰਥ ਲਈ ਲਾਇਸਿੰਸ ਨਹੀਂ ਹੋ ਸਕਦਾ। ਇਸ ਲਈ ਸਾਡੇ ਸਾਹਮਣੇ ਜੋ ਮੁਸ਼ਕਲ ਆਈ ਹੈ ਉਹ ਇਹ ਹੈ ਕਿ ਅਸੀਂ ਉਹ ਕਾਰਵਾਈਆਂ ਵੇਖੀਆਂ ਹਨ ਜਿਹੜੀਆਂ ਬੋਲਣ ਦੀ ਆਜ਼ਾਦੀ ਦੇ ਨਾਂਅ ਉੱਤੇ ਜਾਇਜ਼ ਠਹਿਰਾਈਆਂ ਗਈਆਂ ਹਨ। ਹੁਣ ਮੇਰਾ ਹਰੇਕ ਉਸ ਦੇਸ਼ ਨੂੰ ਇਹ ਸਵਾਲ ਹੈ ਕਿ ਕੀ ਤੁਸੀਂ ਚਾਹੋਗੇ ਕਿ ਤੁਹਾਡੇ ਨਾਲ ਵੀ ਅਜਿਹਾ ਹੋਵੇ ਅਤੇ ਬਹੁਤ ਵਾਰੀ ਮੈਨੂੰ ਕੋਈ ਜਵਾਬ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਇੱਕ ਦੂਜੇ ਦੇ ਸੰਪਰਕ ਵਿੱਚ ਹਨ।

## ਭਾਰਤ-ਕੈਨੇਡਾ ਮਸਲਾ: ਹੁਣ ਤੱਕ ਕੀ ਕੁਝ ਹੋਇਆ

- ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਏਜੰਸੀਆਂ ਦੇ ਹਵਾਲੇ ਨਾਲ ਨਿੱਝਰ ਕਤਲ ਕੇਸ ਅਤੇ ਭਾਰਤ ਸਰਕਾਰ ਵਿਚਾਲੇ ਪ੍ਰਤੱਖ਼ ਲਿੰਕ ਹੋਣ ਦੀ ਗੱਲ ਕਹੀ ਸੀ।
- ਇਸ ਬਿਆਨ ਤੋਂ ਬਾਅਦ ਕੈਨੇਡਾ ਨੇ ਭਾਰਤ ਦੇ ਸੀਨੀਅਰ ਡਿਪਲੋਮੇਟ ਪਵਨ ਕੁਮਾਰ ਰਾਏ ਨੂੰ ਮੁਲਕ ਵਿੱਚੋਂ ਕੱਢ ਦਿੱਤਾ।
- ਭਾਰਤ ਨੇ ਵੀ ਮੰਗਲਵਾਰ ਕੈਨੇਡਾ ਦੇ ਸੀਨੀਅਰ ਡਿਪਲੋਮੇਟ ਨੂੰ ਪੰਜ ਦਿਨਾਂ ਦੇ ਅੰਦਰ ਭਾਰਤ ਛੱਡਣ ਦਾ ਹੁਕਮ ਦਿੱਤਾ ਹੈ।
- ਭਾਰਤ ਸਰਕਾਰ ਨੇ ਇਸ ਬਿਆਨ ਨੂੰ ਬੇ-ਬੁਨਿਆਦ ਅਤੇ ਸਿਆਸੀ ਤੌਰ ਉੱਤੇ ਪ੍ਰੇਰਿਤ ਕਰਾਰ ਦਿੱਤਾ ਸੀ।
- 21 ਸਤੰਬਰ ਨੂੰ ਨਿਊਯਾਰਕ ਵਿੱਚ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣੇ ਇਲਜ਼ਾਮ ਦੁਹਰਾਏ, ਇਸ ਗੱਲ ਉੱਤੇ ਭਰੋਸਾ ਕਰਨ ਲਈ ਪੁਖ਼ਤਾ ਕਾਰਨ ਹਨ ਕਿ ਭਾਰਤੀ ਏਜੰਟ ਇੱਕ ਕੈਨੇਡੀਅਨ ਨਾਗਰਿਕ ਦੇ ਕੈਨੇਡੀਅਨ ਧਰਤੀ ਉੱਤੇ ਹੋਏ ਕਤਲ ਵਿੱਚ ਸ਼ਾਮਿਲ ਹਨ।
- ਇਸ ਵਿਵਾਦ ਦੇ ਚਲਦਿਆਂ ਦੋਵੇਂ ਦੇਸ਼ਾਂ ਨੇ ਆਪਣੇ-ਆਪਣੇ ਨਾਗਰਿਕਾਂ ਨੂੰ ਇੱਕ-ਦੂਜੇ ਦੇ ਦੇਸ਼ ’ਚ ਰਹਿਣ ਜਾਂ ਯਾਤਰਾ ਦੌਰਾਨ ਵਧੇਰੇ ਸਾਵਧਾਨ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਹਨ।
- ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਟਰੂ ?ਡੋ ਵਲੋਂ ਲਾਏ ਇਲਜ਼ਾਮਾਂ ਦੀ ਵਿਸਥਾਰਤ ਜਾਂਚ ਦਾ ਸਮਰਥਕ ਹੈ ਅਤੇ ਭਾਰਤ ਨੂੰ ਇਸ ਮਸਲੇ ਉੱਤੇ ਸਹਿਯੋਗ ਕਰਨਾ ਚਾਹੀਦਾ ਹੈ।
- ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਮਹਿਲਾ ਬੁਲਾਰੇ ਮੁਮਤਾਜ਼ ਜ਼ਾਹਰਾ ਬਲੋਚ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, ਇਹ ਇੱਕ ਲਾਪਰਵਾਹ ਅਤੇ ਗ਼ੈਰ-ਜ਼ਿੰਮੇਦਾਰ ਹਰਕਤ ਹੈ ਜੋ ਇੱਕ ਭਰੋਸੇਯੋਗ ਅੰਤਰ-ਰਾਸ਼ਟਰੀ ਸਹਿਯੋਗੀ ਦੇ ਰੂਪ ’ਚ ਭਾਰਤ ਦੀ ਭਰੋਸੇਯੋਗਤਾ ’ਤੇ ਸਵਾਲ ਹੈ।”
- 20 ਅਕਤੂਬਰ ਨੂੰ ਕੈਨੇਡਾ ਵੱਲੋਂ ਭਾਰਤ ਵਿੱਚਲੇ ਆਪਣੇ 41 ਕੂਟਨੀਤਕਾਂ ਨੂੰ ਵਾਪਸ ਬੁਲਾਇਆ ਗਿਆ।
- 25 ਅਕਤੂਬਰ ਨੂੰ ਭਾਰਤ ਦੇ ਕੈਨੇਡਾ ਦੇ ਨਾਗਰਿਕਾਂ ਲਈ ਚਾਰ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ।

# ਕੈਨੇਡਾ ’ਚ ‘ਸਿੱਖਸ ਫਾਰ ਜਸਟਿਸ’ ’ਤੇ ਪਾਬੰਦੀ ਦੀ ਮੰਗ, ਪ੍ਰਧਾਨ ਮੰਤਰੀ ਟਰੂਡੋ ਨੂੰ ਲਿਖੀ ਗਈ ਭਾਵੁਕ ਚਿੱਠੀ

ਕੈਨੇਡਾ : ਨਾਮਵਰ ਮੀਡੀਆ ਅਦਾਰਾ ਰੇਡੀਓ ਇੰਡੀਆ ਸਰੀ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਗਿੱਲ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੱਤਰ ਲਿਖ ਕੇ ਕਿਸੇ ਖ਼ਾਸ ਧਿਰ ਦੀ ਬਜਾਏ ਪੂਰੇ ਪੰਜਾਬੀ ਸਿੱਖ ਭਾਈਚਾਰੇ ਦੇ ਹਿਤਾਂ ਵੱਲ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਕ ਮੀਡੀਆ ਸ਼ਖਸੀਅਤ ਹੋਣ ਦੇ ਨਾਤੇ ਕੈਨੇਡਾ ’ਚ ਇੰਡੋ-ਕੈਨੇਡੀਅਨ ਭਾਈਚਾਰੇ ਨੂੰ ਦਰਪੇਸ਼ ਸੁਰੱਖਿਆ ਚਿੰਤਾਵਾਂ ਨੂੰ ਸਮਰੱਥ ਸਰਕਾਰ ਦੇ ਧਿਆਨ @ਚ ਲਿਆਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ। ਗਿੱਲ ਨੇ ਕਿਹਾ ਕਿ ਕੈਨੇਡਾ ’ਚ ਇੰਡੋ-ਕੈਨੇਡੀਅਨ ਭਾਈਚਾਰੇ ਖ਼ਿਲਾਫ਼ ਨ.ਫਰਤ ਅਤੇ ਡਰਾਉਣੀਆਂ ਕਾਰਵਾਈਆਂ ਚਿੰਤਾਜਨਕ ਪੱਧਰ ’ਤੇ ਪਹੁੰਚ ਗਈਆਂ ਹਨ। ਇੰਡੋ-ਕੈਨੇਡੀਅਨ ਭਾਈਚਾਰੇ ’ਤੇ ਦਿਨ-ਦਿਹਾੜੇ ਸਰੀਰਕ ਹਮਲੇ ਕੈਨੇਡਾ ’ਚ ਆਮ ਗੱਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰੀ ’ਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਦੇ ਸਨਮਾਨ ’ਚ ਰੱਖੇ ਸਮਾਗਮ ਲਈ ਮੈਨੂੰ ਖ਼ੁਦ ਸਰੀਰਕ ਹਮਲੇ ਅਤੇ ਜਾਨਲੇਵਾ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਕਨੂੰਨ ਦੇ ਰਾਜ ਵਾਲੇ ਦੇਸ਼ ’ਚ ਅਜੇ ਤੱਕ ਉਸ ਨੂੰ ਕੋਈ ਇਨਸਾਫ਼ ਨਹੀਂ ਮਿਲਿਆ ਹੈ, ਜਦੋਂ ਕਿ ਇਹ ਹਮਲੇ 19 ਮਾਰਚ, 2023 ਨੂੰ ਪੁਲਸ ਅਧਿਕਾਰੀਆਂ ਦੀ ਮੌਜੂਦਗੀ @ਚ ਹੋਏ ਸਨ। ਉਨ੍ਹਾਂ ਅੱਗੇ ਕਿਹਾ ਕਿ ਸੁਰੱਖਿਆ ਖ਼ਤਰੇ ਹੁਣ ਖੁੱਲ੍ਹੇਆਮ ਅੱਤਵਾਦ ਬਣ ਗਏ ਹਨ ਕਿਉਂਕਿ ਸਿੱਖਸ ਫਾਰ ਜਸਟਿਸ (SFJ) ਦੇ ਗੁਰਪਤਵੰਤ ਪੰਨੂ ਨੇ ਭਾਰਤੀ ਭਾਈਚਾਰੇ ਨੂੰ ਏਅਰ ਇੰਡੀਆ ’ਤੇ ਹਮਲਾ ਕਰਨ ਦੀ ਖੁੱਲ੍ਹੀ ਧਮਕੀ ਦਿੱਤੀ ਹੈ। ਪੰਨੂ ਨੇ ਸ਼ਰ੍ਹੇਆਮ ਸਿੱਖ ਭਾਈਚਾਰੇ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਏਅਰ ਇੰਡੀਆ ਦੀ ਯਾਤਰਾ ਨਾ ਕਰਨ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਇਹ ਅੱਤਵਾਦੀ ਧਮਕੀ ਗੁਰਪਤਵੰਤ ਪੰਨੂ ਵੱਲੋਂ ਹਿੰਦੂ ਭਾਈਚਾਰੇ ਨੂੰ ਦਿੱਤੀ ਗਈ ਧਮਕੀ ਤੋਂ ਬਾਅਦ ਦਿੱਤੀ ਗਈ ਹੈ, ਜਿੱਥੇ ਉਸਨੇ ਹਿੰਦੂ ਭਾਈਚਾਰੇ ਨੂੰ ਕੈਨੇਡਾ ਛੱਡ ਕੇ ਭਾਰਤ ਵਾਪਸ ਜਾਣ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਇਹ ਦਹਿਸ਼ਤਗਰਦ ਧਮਕੀਆਂ ਏਅਰ ਇੰਡੀਆ ਦੇ ਅੱਤਵਾਦੀ ਹਮਲੇ ਦੇ 329 ਪੀੜਤ ਕੈਨੇਡੀਅਨਾਂ ਨੂੰ ਸਤਾਉਂਦੀ ਹੈ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਸ ਘਟਨਾ ’ਚ ਮਾਰੇ ਗਏ ਸਨ। ਗਿੱਲ ਨੇ ਕਿਹਾ ਕਿ ਪੰਨੂ ਦੀਆਂ ਤਾਜ਼ਾ ਧਮਕੀਆਂ ਉਨ੍ਹਾਂ ਪਰਿਵਾਰਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਦੇ ਬਰਾਬਰ ਹੈ, ਜਿਨ੍ਹਾਂ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ ਹੈ। ਕਾਨੂੰਨ ਦੀ ਗੱਲ ਕਰਦਿਆਂ ਗਿੱਲ ਨੇ ਕਿਹਾ ਕਿ ਗਲਤ ਜਾਣਕਾਰੀ ਫੈਲਾਅ ਕੇ ਜਹਾਜ਼ ਦੀ ਸੁਰੱਖਿਆ ਨੂੰ ਖ਼ਤਰੇ ’ਚ ਪਾਉਣਾ ਕੈਨੇਡੀਅਨ ਕ੍ਰਿਮੀਨਲ ਕੋਡ ਦੀ ਧਾਰਾ 77 ਦੇ ਤਹਿਤ ਉਮਰ ਕੈਦ ਦੀ ਸਜ਼ਾ ਵਾਲਾ ਜ਼ੁਰਮ ਹੈ। ਕੈਨੇਡਾ ਦੇ ਕ੍ਰਿਮੀਨਲ ਕੋਡ ਦੀ ਧਾਰਾ 319(2) ਦੇ ਤਹਿਤ ਲੋਕਾਂ ਦੇ ਸਮੂਹ ਦੇ ਖ਼ਿਲਾਫ਼ ਜਾਣਬੁੱਝ ਕੇ ਨ.ਫਰਤ ਨੂੰ ਉਤਸ਼ਾਹਿਤ ਕਰਨਾ ਇੱਕ ਗੰਭੀਰ ਅਪਰਾਧ ਹੈ। ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰਾ ਇਸ ਗੱਲ ਤੋਂ ਦੁਖੀ ਹੈ ਕਿ ਗੁਰਪਤਵੰਤ ਪੰਨੂ ਵਰਗੇ ਲੋਕ ਕੈਨੇਡਾ ’ਚ ਕਾਨੂੰਨੀ ਛੋਟ ਦਾ ਆਨੰਦ ਕਿਉਂ ਮਾਣ ਰਹੇ ਹਨ, ਜਿੱਥੇ ਉਨ੍ਹਾਂ ਨੂੰ ਆਪਣੇ ਨ.ਫਰਤ ਭਰੇ ਅਤੇ ਅੱਤਵਾਦੀ ਬਿਆਨਾਂ ਦਾ ਕੋਈ ਨਤੀਜਾ ਨਹੀਂ ਭੁਗਤਣਾ ਪੈ ਰਿਹਾ। ਅਖ਼ੀਰ ’ਚ ਗਿੱਲ ਨੇ ਮੰਗ ਕੀਤੀ ਕਿ ਕਾਨੂੰਨ ਦੇ ਰਾਜ ਵਾਲੇ ਕੈਨੇਡਾ ’ਚ ਜਿੱਥੇ ਸਿੱਖਸ ਫਾਰ ਜਸਟਿਸ ’ਤੇ ਅੱਤਵਾਦੀ ਸੰਗਠਨ ਵਜੋਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ, ਉੱਥੇ ਸਰਕਾਰ ਨੂੰ ਨ.ਫਰਤ ਭਰੇ ਭਾਸ਼ਣ ਅਤੇ ਅੱਤਵਾਦੀ ਧਮਕੀਆਂ ਦੇ ਕੇ ਏਅਰ ਇੰਡੀਆ ਦੇ ਯਾਤਰੀਆਂ ਦੀ ਸੁਰੱਖਿਆ ਨੂੰ ਖ਼ਤਰੇ ’ਚ ਪਾਉਣ ਦੇ ਦੋਸ਼ ਅਧੀਨ ਗੁਰਪਤਵੰਤ ਪੰਨੂ ’ਤੇ ਮੁਕੱਦਮਾ ਚਲਾ ਕੇ ਭਾਰਤੀ ਭਾਈਚਾਰੇ ’ਚ ਸੁਰੱਖਿਆ ਭਾਵਨਾ ਬਹਾਲ ਕਰਨੀ ਚਾਹੀਦੀ ਹੈ।

# ਲੱਖਾ ਸਿਧਾਣਾ ਨੇ ਪੁਲਿਸ ਹਿਰਾਸਤ ਚੋਂ ਬਾਹਰ ਆਉਂਦਿਆਂ ਹੀ ਨਵੀਂ ਵੀਡੀਓ ਕੀਤੀ ਜਾਰੀ, ਕੀ-ਕੀ ਕਿਹਾ



ਮੰਗਲਵਾਰ ਦੇਰ ਸ਼ਾਮ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਲੱਖਾ ਸਿਧਾਣਾ ਨੇ ਦੱਸਿਆ ਕਿ ਉਨ੍ਹਾਂ ਨੂੰ 107/51 ਦਾ ਮੁਚੱਲਕਾ ਭਰ ਕੇ ਛੱਡ ਦਿੱਤਾ ਗਿਆ ਹੈ। ਇੱਕ ਵੀਡੀਓ ਸੰਦੇਸ਼ ਰਾਹੀ ਲੱਖਾ ਨੇ ਦੱਸਿਆ ਕਿ ਉਨ੍ਹਾਂ ਨੂੰ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਜਿਵੇਂ ਸੋਸ਼ਲ ਮੀਡੀਆ ਉੱਤੇ ਲੋਕਾਂ ਨੇ ਲਹਿਰ ਬਣਾਈ ਉਸ ਦੇ ਦਬਾਅ ਹੇਠ ਆ ਕੇ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ ਹੈ। ਲੱਖਾ ਨੇ ਦਾਅਵਾ ਕੀਤਾ ਕਿ ਉਹ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਮਾਣ ਦੁਆਉਣ ਦੀ ਲੜਾਈ ਲੜ ਰਹੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਜੋ ਵੀ ਕੁਰਬਾਨੀ ਕਰਨੀ ਪਈ ਉਹ ਕਰਨਗੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਵੇਂ ਉਹ ਸੋਸ਼ਲ ਮੀਡੀਆ ਉੱਤੇ ਲਹਿਰ ਬਣਾਉਂਦੇ ਹਨ ਉਵੇਂ ਹੀ ਉਨ੍ਹਾਂ ਸਕੂਲਾਂ ਅੱਗੇ ਆ ਕੇ ਸੰਘਰਸ਼ ਕਰਨ ਜੋ ਬੱਚਿਆਂ ਨੂੰ ਪੰਜਾਬੀ ਨਹੀਂ ਬੋਲਣ ਦਿੰਦੇ ਅਤੇ ਪੰਜਾਬੀ ਭਾਸ਼ਾ ਨੂੰ ਅਣਗੌਲ਼ਿਆ ਕਰਦੇ ਹਨ। ਲੱਖਾ ਨੇ ਕਿਹਾ, "ਪੰਜਾਬ ਵਿੱਚ ਕਿਸੇ ਵੀ ਵਿਚਾਰਧਾਰਾ ਦੇ ਸਕੂਲ ਹੋਣ, ਹਜ਼ਾਰਾਂ ਸਕੂਲ ਹਨ, ਇਹ ਲਹਿਰ ਉਨ੍ਹਾਂ ਸਕੂਲਾਂ ਅੱਗੇ ਚਾਹੀਦੀ ਹੈ। ਮੈਂ ਤੁਹਾਡੇ ਅੱਗੇ ਹੱਥ ਬੰਨ੍ਹ ਕੇ ਵਾਰ-ਵਾਰ ਬੇਨਤੀ ਕਰਦਾਂ ਹਾਂ ਕਿ ਅਸੀਂ ਤਾਂ ਆਪਣੀ ਮਾਂ ਲ਼ਈ ਲੜ ਰਹੇ ਹਾਂ।" ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਾਡੇ ਅੱਖਾਂ ਸਾਹਮਣੇ ਇਹ ਗੱਲ ਸਵਿਕਾਰ ਨਹੀਂ ਕਰ ਸਕਦੇ ਕਿ ਕੋਈ ਸਾਡੀ ਮਾਂ ਬੋਲੀ ਨੂੰ ਮਾਰੇ, ਵੈਸੇ ਇਹ ਕੰਮ ਸਰਕਾਰ ਦਾ ਹੈ, ਪਰ ਜੇਕਰ ਸਰਕਾਰ ਇਹ ਕੰਮ ਨਹੀਂ ਕਰੇਗੀ ਤਾਂ ਅਸੀਂ ਚੁੱਪ ਕਰ ਕੇ ਨਹੀਂ ਬੈਠਾਂਗੇ। ਲੱਖਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਪੀਲ ਕਰਦਿਆਂ ਕਿਹਾ, "ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਕਾਰਨ ਹੀ ਇੰਨਾ ਵੱਡਾ ਮਾਣ-ਸਨਮਾਨ ਮਿਲਿਆ ਹੈ। ਉਨ੍ਹਾਂ ਦੀ ਸੱਤਾ ਦੇ ਸਵਾ ਤਿੰਨ ਸਾਲ ਬਚੇ ਹਨ, ਉਹ ਪੰਜਾਬੀ ਮਾਂ ਬੋਲੀ ਦਾ ਭਲਾ ਕਰਕੇ ਜਸ ਖੱਟ ਲੈਣ।" ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਸਾਬਕਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵਾਂਗ ਪੰਜਾਬੀ ਲਈ ਕਦਮ ਚੁੱਕਣੇ ਚਾਹੀਦੇ ਹਨ। ਇਹ ਸੱਤਾ ਸਦਾ ਲਈ ਨਹੀਂ ਰਹਿੰਦੀ, ਜੇਕਰ ਮੁੱਖ ਮੰਤਰੀ ਅਜਿਹੇ ਕਦਮ ਚੁੱਕਣਗੇ ਤਾਂ ਉਨ੍ਹਾਂ ਦਾ ਨਾਂ ਇਤਿਹਾਸ ਵਿੱਚ ਦਰਜ ਹੋਵੇਗੇ।

**ਮੰਗਲਵਾਰ ਨੂੰ ਹਿਰਾਸਤ ਵਿੱਚ ਲਿਆ ਸੀ**

ਸਮਾਜਿਕ ਕਾਰਕੁੰਨ ਲੱਖਾ ਸਿਧਾਣਾ ਨੂੰ ਮੰਗਲਵਾਰ ਨੂੰ ਪੰਜਾਬ ਪੁਲਿਸ ਨੇ ਆਪਣੀ ਹਿਰਾਸਤ ਵਿਚ ਲਿਆ ਸੀ। ਬੀਬੀਸੀ ਸਹਿਯੋਗੀ ਸੁਰਿੰਦਰ ਮਾਨ ਦੀ ਰਿਪੋਰਟ ਮੁਤਾਬਕ ਮਾਮਲਾ ਲੰਘੇ ਸੋਮਵਾਰ ਨੂੰ ਉਸ ਵੇਲੇ ਭਖ ਗਿਆ ਸੀ, ਜਦੋਂ ਲੱਖਾ ਸਿਧਾਣਾ ਨੇ ਰਾਮਪੁਰਾ ਸ਼ਹਿਰ ਵਿਚ ਚੱਲ ਰਹੇ ਇੱਕ ਸਕੂਲ ਵਿਚ ਪੰਜਾਬੀ ਬੋਲਣ ਨੂੰ ਲੈ ਕੇ ਮੁੱਦਾ ਸਕੂਲ ਪ੍ਰਬੰਧਕਾਂ ਕੋਲ ਚੁੱਕਿਆ ਸੀ। ਦਰਅਸਲ, ਲੱਖਾ ਸਿਧਾਣਾ ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਕਸਬਾ ਰਾਮਪੁਰਾ ਫੂਲ ਵਿਚ ਚੱਲ ਰਹੇ ਸਰਵ ਹਿੱਤਕਾਰੀ ਸਕੂਲ ਦੇ ਪ੍ਰਬੰਧਕਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਆਪਣੇ ਸਮਰਥਕਾਂ ਸਮੇਤ ਸਕੂਲ ਦੇ ਸਾਹਮਣੇ ਇਕੱਠੇ ਹੋਏ ਸਨ।ਲੱਖਾ ਸਿਧਾਣਾ ਨੇ ਬੀਤੇ ਦਿਨ ਕਿਹਾ ਸੀ ਕਿ ਉਹ ਇਸ ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੂੰ ਨਾਲ ਲੈ ਕੇ ਸਕੂਲ ਵਿਰੁੱਧ ਪ੍ਰਦਰਸ਼ਨ ਕਰਨਗੇ।ਅੱਜ ਜਿਵੇਂ ਹੀ ਲੱਖਾ ਸਿਧਾਣਾ ਤੇ ਉਨ੍ਹਾਂ ਦੇ ਸਮਰਥਕ ਸਕੂਲ ਨੇੜੇ ਇਕੱਠੇ ਹੋਏ ਤਾਂ ਪੁਲਿਸ ਨੇ ਲੱਖਾ ਸਿਧਾਣਾ ਨੂੰ ਹਿਰਾਸਤ ਵਿਚ ਲੈ ਲਿਆ। ਇਸ ਤੋਂ ਪਹਿਲਾਂ ਅੱਜ ਸਵੇਰੇ ਸਿੱਖਿਆ ਵਿਭਾਗ ਦੇ ਅਫਸਰਾਂ ਨੇ ਲੱਖਾ ਸਿਧਾਣਾ ਤੇ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਸੀ, ਜੋ ਬੇ-ਸਿੱਟਾ ਰਹੀ ਸੀ। ਸਕੂਲ ਵਾਲਿਆਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਸੀਬੀਐੱਸਈ ਦੇ ਸਿਲੇਬਸ ਮੁਤਾਬਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਾਜ਼ਮੀ ਵਿਸ਼ੇ ਵਜੋਂ ਕਰਵਾਈ ਜਾ ਰਹੀ ਹੈ। ਲੱਖਾ ਸਿੰਘ ਸਿਧਾਣਾ ਦੇ ਆਪਣੇ ਫੇਸਬੁਕ 'ਤੇ ਬੀਤੇ ਦਿਨ ਸਕੂਲ ਪ੍ਰਸ਼ਾਸਨ ਨਾਲ ਗੱਲ ਕਰਦੇ ਹੋਏ ਇੱਕ ਵੀਡੀਓ ਪਾਈ ਹੈ। ਜਿਸ ਵਿੱਚ ਉਹ ਸਕੂਲ ਪ੍ਰਸ਼ਾਸਨ ਅਤੇ ਪ੍ਰਿੰਸੀਪਲ ਨਾਲ ਗੱਲਬਾਤ ਕਰਦੇ ਨਜ਼ਰ ਆ ਰਹੇ ਹਨ।ਉਹ ਪ੍ਰਿੰਸੀਪਲ ਦਾ ਜ਼ਿਕਰ ਕਰਦੇ ਹੋਏ ਆਖਦੇ ਸੁਣਾਈ ਦਿੰਦੇ ਹਨ ਕਿ ਉਨ੍ਹਾਂ (ਪ੍ਰਿੰਸੀਪਲ) ਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ ਹੈ ਅਤੇ ਇਸੇ ਤੇ ਸਵਾਲ ਚੁੱਕਦਿਆਂ ਹੋਇਆ ਉਹ ਕਹਿੰਦੇ ਹਨ ਅਜਿਹਾ ਕਿਉਂ ਹੈ ਕਿ ਪੰਜਾਬ ਦੇ ਸਕੂਲ ਵਿੱਚ ਲੱਗੇ ਪ੍ਰਿੰਸੀਪਲ ਨੂੰ ਪੰਜਾਬੀ ਨਾ ਆਉਂਦੀ ਹੋਵੇ। ਉਹ ਅੱਗੇ ਬੱਚਿਆਂ ਨੂੰ ਪੁੱਛਦੇ ਹਨ ਕਿ ਤੁਹਾਨੰ ਪੰਜਾਬੀ ਬੋਲਣ ਦਿੱਤੀ ਜਾਂਦੀ ਹੈ ਤਾਂ ਅੱਗੋਂ ਬੱਚੇ ਜਵਾਬ ਦਿੰਦੇ ਹਨ ਕਿ ਨਹੀਂ।ਇਸ ਦੌਰਾਨ ਵੀਡੀਓ ਵਿੱਚ ਮਾਮਲਾ ਕਾਫੀ ਭਖਦਾ ਨਜ਼ਰ ਆ ਰਿਹਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਸਵਾਲ ਇਹ ਚੁੱਕਿਆ ਕਿ ਸਕੂਲ ਵਿੱਚ ਆਰਐੱਸਐੱਸ ਆਗੂਆਂ ਦੀਆਂ ਤਸਵੀਰਾਂ ਕਿਉਂ ਲਗਾਈਆਂ ਗਈਆਂ ਹਨ।ਸਕੂਲ ਦੇ ਅਧਿਆਪਕਾਂ ਨੂੰ ਲਗਾਈਆਂ ਗਈਆਂ ਵਰਦੀਆਂ ਦੇ ਰੰਗ 'ਤੇ ਵੀ ਸਵਾਲ ਚੁੱਕਦੇ ਨਜ਼ਰ ਆ ਰਹੇ ਹਨ।

**ਪੁਲਿਸ ਦਾ ਕੀ ਕਹਿਣਾ ਹੈ**

ਇਸ ਦੌਰਾਨ ਪੁਲਿਸ ਅਧਿਕਾਰੀ ਨੇ ਕਿਹਾ ਕਿ ਸਕੂਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਲਾਜ਼ਮੀ ਹੈ ਅਤੇ ਬਾਕੀ ਹੋਰ ਵੀ ਪੜ੍ਹਾਈਆਂ ਜਾ ਰਹੀਆਂ ਹਨ। ਮੈਨੇਜੈਂਟ ਬੱਚਿਆਂ ਅਤੇ ਮਾਪਿਆਂ ਦੀ ਗੱਲ ਸੁਣੇਗਾ।ਰਾਮਪੁਰਾ ਫੂਲ ਸਬ-ਡਵੀਜ਼ਨ ਦੇ ਡੀਐੱਸਪੀ ਮੋਹਿਤ ਅਗਰਵਾਲ ਦਾ ਕਹਿਣਾ ਸੀ ਕਿ ਸਕੂਲ ਵਿਚ ਪੰਜਾਬੀ ਬਾਰੇ ਕੀ ਵਿਵਾਦ ਹੈ ਤੇ ਸੀਬੀਐੱਸਈ ਦੇ ਨਿਯਮ ਕੀ ਹਨ, ਇਸ ਬਾਰੇ ਜ਼ਿਲ੍ਹਾ ਬਠਿੰਡਾ ਦਾ ਸਿੱਖਿਆ ਵਿਭਾਗ ਸਾਰੀ ਗੱਲ ਦੱਸ ਸਕਦਾ ਹੈ।ਉਨ੍ਹਾਂ ਨੇ ਕਿਹਾ, ਅਸੀਂ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਕਿਹਾ ਹੈ ਕਿ ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਦਾ ਇੱਕ 5 ਮੈਂਬਰੀ ਵਫਦ ਸਕੂਲਦੇ ਪ੍ਰਬੰਧਕਾਂ ਨੂੰ ਮਿਲ ਕੇ ਆਪਣੀ ਸ਼ਿਕਾਇਤ ਲਿਖਤੀ ਰੂਪ ਵਿਚ ਦੱਸ ਸਕਦਾ ਹੈ. ਇਹ ਗੱਲ ਮੰਨਣ ਦੀ ਥਾਂ ਕੁੱਝ ਲੋਕ ਹੰਗਾਮਾ ਕਰਨ ਦੀ ਸਕੀਮ ਵਿਚ ਸਨ. ਸਾਡੀ ਕਰਵਾਈ ਮਾਹੌਲ ਨੂੰ ਸ਼ਾਂਤ ਰੱਖਣ ਲਈ ਹੈ।ਪਰ ਇਸ ਤਰ੍ਹਾਂ ਰੋਡ ਬੰਦ ਕਰ ਕੇ ਲੋਕਾਂ ਨੂੰ ਖੱਜਲ ਖੁਆਰ ਕਰਨਾ ਅਤੇ ਰੌਲ਼ੇ-ਰੱਪੇ ਨਾਲ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ। ਸਾਨੂੰ ਕਈ ਬੱਚਿਆਂ ਦੇ ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਦਾ ਫੋਨ ਆਇਆ ਹੈ।ਉਹ ਕਹਿੰਦੇ ਹਨ ਕਿ ਬੱਚਿਆਂ ਅਤੇ ਮਾਪਿਆਂ ਦੀਆਂ ਸ਼ਿਕਾਇਤਾਂ ਹੋਰ ਤਰੀਕੇ ਨਾਲ ਵੀ ਸੁਣੀਆਂ ਜਾ ਸਕਦੀਆਂ ਹਨ।ਉਧਰ ਇੱਕ ਨਿੱਜੀ ਟੀਵੀ ਚੈਨਲ ਨਾਲ ਗੱਲ ਕਰਦਿਆਂ ਹੋਇਆ ਮਾਪਿਆਂ ਨੇ ਕਿਹਾ ਕਿ ਬੱਚਿਆਂ ਦੇ ਪੰਜਾਬੀ ਬੋਲਣ 'ਤੇ ਰੋਕ ਲਗਾ ਦਿੱਤੀ ਹੈ। ਕੜੇ ਪਾਉਣ ਤੋਂ ਰੋਕਿਆ ਜਾ ਰਿਹਾ ਹੈ। ਇੱਥੋਂ ਤੱਕ ਪੱਗ ਵੀ ਨਹੀਂ ਬੰਨ੍ਹਣ ਦੇ ਰਹੇ ਹਨ। ਇਸੇ ਵਿਚਾਲੇ ਕਈਆਂ ਦਾ ਕਹਿਣਾ ਹੈ ਕਿ ਸਕੂਲ ਦੇ ਇਸ ਤੋਂ ਪਹਿਲੇ ਪ੍ਰਿੰਸੀਪਲ ਦਾ ਵੀ ਚਾਰ ਦਿਨਾਂ ਦੇ ਅੰਦਰ-ਅੰਦਰ ਅਸਤੀਫ਼ਾ ਲੈ ਲਿਆ ਗਿਆ ਸੀ। ਉਸ ਬਾਰੇ ਕੋਈ ਜ਼ਿਆਦਾ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

**ਕੀ ਕਹਿੰਦਾ ਹੈ ਜ਼ਿਲ੍ਹਾ ਸਿੱਖਿਆ ਵਿਭਾਗ**

ਇਸ ਮਾਮਲੇ ਬਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਿਵਪਾਲ ਨੇ ਕਿਹਾ ਕਿ ਉਪ ਸਿੱਖਿਆ ਅਫ਼ਸਰ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਨੇ ਕਿਹਾ, ਬੱਚਿਆਂ ਦੇ ਪੰਜਾਬੀ ਬੋਲਣ 'ਤੇ ਜੇਕਰ ਜੁਰਮਾਨਾ ਲਗਾਇਆ ਜਾਂਦਾ ਹੈ ਤਾਂ ਇਹ ਪੂਰਨ ਤੌਰ @ਤੇ ਗ਼ਲਤ ਹੈ। ਇਸ ਬਾਬਤ ਜੇਕਰ ਕੋਈ ਲਿਖਤੀ ਸ਼ਿਕਾਇਤ ਮੇਰੇ ਕੋਲ ਆਉਂਦੀ ਹੈ ਤਾਂ ਸਿੱਖਿਆ ਵਿਭਾਗ ਦੇ ਨਿਯਮਾਂ ਤਹਿਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

**ਕੌਣ ਹੈ ਲੱਖਾ ਸਿਧਾਣਾ**

ਪਿਛਲੇ ਕੁਝ ਸਾਲਾਂ ਤੋਂ ਲੱਖਾ ਸਿਧਾਣਾ ਦੀ ਪਛਾਣ ਇੱਕ ਅਜਿਹੇ ਸਾਬਕਾ ਗੈਂਗਸਟਰ ਵਜੋਂ ਹੁੰਦੀ ਰਹੀ ਹੈ ਜੋ ਪਹਿਲਾਂ ਸਿਆਸਤ ਵਿੱਚ ਆਇਆ ਤੇ ਫਿਰ ਸਮਾਜਿਕ ਕਾਰਜਾਂ ਵਿੱਚ ਸਰਗਰਮ ਹੋ ਗਏ ਸੀ। ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਾਰੀ ਕਿਸਾਨ ਅੰਦੋਲਨ ਵਿੱਚ ਉਹ ਸ਼ੁਰੂ ਤੋਂ ਹੀ ਸੁਰਖ਼ੀਆਂ ਵਿੱਚ ਰਹੇ ਸੀ।ਉਸ ਨੇ ਕਿਸਾਨ ਮੋਰਚੇ ਵਲੋਂ ਹਲਕਾ ਰਾਮਪੁਰਾ ਫੂਲ ਤੋਂ 2022 ਦੀ ਵਿਧਾਨ ਸਭਾ ਚੋਣ ਵੀ ਲੜੀ ਪਰ ਉਹ ਹਾਰ ਗਿਆ ਸੀ।ਕਬੱਡੀ ਨਾਲ ਵੀ ਜੁੜੇ ਰਹੇ ਲੱਖਾ ਸਿਧਾਣਾ ਨੇ ਪਿਛਲੇ ਸਾਲਾਂ ਦੌਰਾਨ ਪੰਜਾਬੀ ਸਤਿਕਾਰ ਕਮੇਟੀ ਵਿੱਚ ਸ਼ਾਮਲ ਹੋ ਕੇ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਸੰਘਰਸ਼ ਵੀ ਕੀਤਾ।ਨੈਸ਼ਨਲ ਹਾਈਵੇ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਤੀਜੇ ਨੰਬਰ 'ਤੇ ਲਿਖੇ ਜਾਣ ਜਾਂ ਨਾ ਲਿਖੇ ਜਾਣ ਕਾਰਨ ਅੰਗਰੇਜ਼ੀ ਤੇ ਹਿੰਦੀ ਅੱਖਰਾਂ 'ਤੇ ਕਾਲਖ਼ ਪੋਤਣ ਦੀ ਮੁਹਿੰਮ ਵੀ ਲੱਖਾ ਸਿਧਾਣਾ ਨੇ ਹੀ ਚਲਾਈ ਸੀ । ਉਸ ਦੀ ਇਸ ਪੋਚਾਮਾਰ ਮੁਹਿੰਮ ਕਾਫ਼ੀ ਚਰਚਾ ਵਿਚ ਰਹੀ ਸੀ।ਲੱਖਾ ਸਿਧਾਣਾ ਉਰਫ਼ ਲਖ਼ਬੀਰ ਸਿੰਘ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਸਿਧਾਣਾ ਪਿੰਡ ਨਾਲ ਸਬੰਧ ਰੱਖਦਾ ਹੈ। ਇੱਕ ਸਮੇਂ ਪੰਜਾਬ ਦੇ ਗੈਂਗਸਟਰਾਂ ਵਿੱਚ ਸ਼ੁਮਾਰ, ਲੱਖਾ ਸਿਧਾਣਾ ਖ਼ਿਲਾਫ਼ ਬੂਥਾਂ 'ਤੇ ਕਬਜ਼ਾ ਕਰਨ, ਕਤਲ ਦੀ ਕੋਸ਼ਿਸ਼, ਆਰਮਜ਼ ਐਕਟ ਦੀ ਉਲੰਘਣਾ ਸਮੇਤ ਕਈ ਮਾਮਲੇ ਦਰਜ ਕੀਤੇ ਗਏ ਹਨ।ਉਸ ਨੇ ਇੱਕ ਇੰਟਰਵਿਊ ਵਿੱਚ ਬੀਬੀਸੀ ਪੰਜਾਬੀ ਨੂੰ ਦੱਸਿਆ ਸੀ ਕਿ ਉਹ ਵਿਦਿਆਰਥੀ ਆਗੂ ਵਜੋਂ ਛੋਟੇ ਝਗੜਿਆਂ ਵਿੱਚ ਸ਼ਾਮਲ ਸੀ ਪਰ ਬਾਅਦ ਵਿੱਚ ਵੱਡੇ ਮਾਮਲਿਆਂ ਵਿਚ ਉਲਝ ਗਿਆ ਅਤੇ ਫਿਰ ਇੱਕ ਗੈਂਗਸਟਰ ਬਣ ਗਿਆ।ਉਸ ਨੇ ਇਹ ਵੀ ਦੱਸਿਆ ਸੀ ਕਿ ਉਸ ਉੱਤੇ ਹਮਲਾ ਵੀ ਹੋਇਆ ਸੀ। ਕਈ ਵਾਰ ਉਹ ਜੇਲ੍ਹ ਵੀ ਗਿਆ ਪਰ ਉਸ ਨੇ ਦਾਅਵਾ ਕੀਤਾ ਸੀ ਕਿ ਫਿਰ ਉਸ ਨੇ ਅਪਰਾਧ ਦੀ ਦੁਨੀਆਂ ਨੂੰ ਛੱਡ ਦਿੱਤਾ ਸੀ।ਲੱਖਾ ਸਿਧਾਣਾ ਦਾ ਸਿਆਸੀ ਪਾਰਟੀਆਂ ਨਾਲ ਵੀ ਸੰਬੰਧ ਰਿਹਾ ਹੈ। ਪਿਛਲੇ ਕੁੱਝ ਸਾਲਾਂ ਤੋਂ ਉਹ ਸਮਾਜਿਕ ਕੰਮਾਂ ਵਿੱਚ ਸ਼ਾਮਲ ਰਿਹਾ ਸੀ। ਲੱਖਾ ਸਿਧਾਣਾ ਨੇ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਤੋਂ ਪੰਜਾਬ ਪੀਪਲਜ਼ ਪਾਰਟੀ (ਪੀਪੀਪੀ) ਦੀ ਟਿਕਟ 'ਤੇ ਵਿਧਾਨ ਸਭਾ ਚੋਣ ਵੀ ਲੜੀ ਜਿਸ ਵਿੱਚ ਉਹ ਹਾਰ ਗਿਆ ਸੀ।

## ਮਾਮਲੇ ਬਾਰੇ ਸਕੂਲ ਦਾ ਪੱਖ਼

ਉਧਰ ਸਕੂਲ ਦਾ ਪ੍ਰਸ਼ਾਸਨ ਇਸ ਮਾਮਲੇ ਵਿੱਚ ਕੋਈ ਹੋਰ ਹੀ ਪੱਖ ਸਾਹਮਣੇ ਲਿਆ ਰਿਹਾ ਹੈ। ਇਹ ਸਕੂਲ ਵਿਦਿਆ ਭਾਰਤੀ ਸੁਸਾਇਟੀ ਚਲਾ ਰਹੀ ਹੈ, ਜਿਸ ਦੇ ਪੰਜਾਬ ਵਿੱਚ ਦਰਜਨਾਂ ਸਕੂਲ ਹਨ। ਇਹ ਸੁਸਾਇਟੀ ਰਾਸ਼ਟਰੀ ਸਵੈਮ ਸੇਵਕ ਸੰਘ ਨਾਲ ਜੁੜਿਆ ਸੰਗਠਨ ਹੈ। ਵਿੱਦਿਆ ਭਾਰਤੀ ਦੇ ਪ੍ਰਬੰਧ ਹੇਠ ਚਲਦੇ ਸਰਬ ਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਰਾਮਪੁਰਾ ਫੂਲ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਵਰਿੰਦਰ ਗਰਗ ਕਹਿੰਦੇ ਹਨ ਕਿ ਸਕੂਲ ਵਿਚ ਸੀਬੀਐੱਸਸੀ ਦੇ ਸਿਲੇਬਸ ਮੁਤਾਬਕ ਪੰਜਾਬੀ ਪੜ੍ਹਾਈ ਜਾ ਰਹੀ ਹੈ। ਸਵੇਰ ਦੀ ਪ੍ਰਾਰਥਨਾ ਵੇਲੇ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਂਦੇ ਹਨ ਤੇ ਸਿਰ ਉੱਪਰ ਪੱਗ ਬੰਨ੍ਹਣ ਵਾਲੇ ਬੱਚਿਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਬਕਾਇਦਾ ਧਿਆਨ ਰੱਖਿਆ ਜਾਂਦਾ ਹੈ।ਉਨ੍ਹਾਂ ਨੇ ਕਿਹਾ, ਬੱਚਿਆਂ ਦੇ ਪੰਜਾਬੀ ਬੋਲਣ 'ਤੇ ਕੋਈ ਪਾਬੰਦੀ ਨਹੀਂ ਹੈ। ਫਿਰ ਵੀ ਜੇਕਰ ਕਿਸੇ ਬੱਚੇ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਕਿਸੇ ਤਰ੍ਹਾਂ ਦੀ ਸ਼ਿਕਾਇਤ ਹੈ ਤਾਂ ਸਕੂਲ ਦੀ ਪ੍ਰਬੰਧਕੀ ਕਮੇਟੀ ਹਰ ਸ਼ਿਕਾਇਤ ਦਾ ਹੱਲ ਕਰਨ ਲਈ ਵਚਨਬੱਧ ਹੈ।ਵਰਿੰਦਰ ਗਰਗ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਮਸਲਾ ਅਸਲ ਵਿੱਚ ਚਾਰ ਡੀਪੀਜ਼ (ਡਾਇਰੈਕਟਰ ਆਫ਼ ਸਪੋਰਟਸ) ਦੇ ਅਸਤੀਫੇ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਦੱਸਿਆ ਕਿ ਸਕੂਲ ਵਿਚ 4 ਡੀਪੀਜ਼ ਕੰਮ ਕਰ ਰਹੇ ਸਨ, ਪਰ ਹੁਣ ਖੇਡਾਂ ਦਾ ਸੀਜ਼ਨ ਖ਼ਤਮ ਹੋਣ ਕਾਰਨ ਉਨ੍ਹਾਂ ਦੀ ਡਿਊਟੀ ਅਨੁਸਾਸ਼ਨ ਲਈ ਬਲਾਕ ਦੇ ਹੋਰ ਸਕੂਲਾਂ ਵਿੱਚ ਲਾਈ ਜਾ ਰਹੀ ਸੀ।ਜਿਸ ਨੂੰ ਉਹ ਕਰਨ ਲਈ ਤਿਆਰ ਨਹੀਂ ਸਨ, ਪਹਿਲਾਂ ਉਨ੍ਹਾਂ ਸਕੂਲ ਦੇ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਹੰਗਾਮਾ ਕੀਤਾ ਅਤੇ ਫੇਰ ਜਦੋਂ ਇਹ ਮਸਲਾ ਪ੍ਰਬੰਧਕੀ ਕਮੇਟੀ ਕੋਲ ਗਿਆ ਤਾਂ ਇਨ੍ਹਾਂ ਡੀਪੀਜ਼ ਨੇ ਆਪਣੇ ਅਸਤੀਫ਼ੇ ਦੇ ਦਿੱਤੇ। ਜਿਨ੍ਹਾਂ ਨੂੰ ਪ੍ਰਬੰਧਕੀ ਕਮੇਟੀ ਨੇ ਸਵਿਕਾਰ ਕਰ ਲਏ। ਇਸ ਤੋਂ ਬਾਅਦ ਇਨ੍ਹਾਂ ਡੀਪੀਜ਼ ਨੇ ਕਿਹਾ ਕਿ ਉਹ ਸਕੂਲ ਦਾ ਉਨ੍ਹਾਂ ਕੋਲ ਜੋ ਸਮਾਨ ਹੈ ਉਸਨੂੰ ਵਾਪਸ ਕਰਨ ਲਈ ਸਕੂਲ ਆਉਣਾ ਚਾਹੁੰਦੇ ਹਨ। ਉਹ ਜਦੋਂ ਆਏ ਤਾਂ ਹੋਰ ਕਈ ਜਣਿਆ ਨੂੰ ਨਾਲ ਲੈ ਆਏ ਜਿਨ੍ਹਾਂ ਨੇ ਸਕੂਲ ਵਿੱਚ ਆ ਕੇ ਹੰਗਾਮਾ ਕੀਤਾ।ਪੰਜਾਬੀ ਬੋਲਣ ਨਾ ਦੇਣ ਅਤੇ ਕੜੇ 'ਤੇ ਪਾਬੰਦੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਹਿੰਦੇ ਹਨ, ਅਜਿਹੀ ਕੋਈ ਗੱਲ ਨਹੀਂ ਹੈ। ਤੁਸੀਂ ਦੇਖ ਸਕਦੇ ਹੋ ਬੱਚਿਆਂ ਨੇ ਕੜੇ ਵੀ ਪਾਏ ਹੋਏ ਹਨ ਅਤੇ ਪੰਜਾਬੀ ਵੀ ਬੋਲਦੇ ਹਨ।ਸਕੂਲ ਵਿੱਚ ਪੰਜਾਬੀ ਭਾਸ਼ਾ ਨੂੰ ਰੇਗੂਲਰ ਲਾਜ਼ਮੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ ਅਤੇ ਦੂਜੀਆਂ ਭਾਸ਼ਾਵਾਂ ਵੀ ਪੜ੍ਹਾਈਆਂ ਜਾਂਦੀਆਂ ਹਨ।ਲੱਖਾ ਸਿਧਾਣਾ ਬਾਰੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਗਰਗ ਨੇ ਕਿਹਾ ਕਿ ਉਹ ਪਤਾ ਨਹੀਂ ਅਜਿਹਾ ਕਿਉਂ ਕਰ ਰਿਹਾ ਹੈ ਅਤੇ ਇਸ ਸਬੰਧੀ ਅਸੀਂ ਵਿਦਿਆ ਭਾਰਤੀ ਸੁਸਾਇਟੀ ਨੂੰ ਜਾਣਕਾਰੀ ਦੇ ਦਿੱਤੀ ਹੈ।

# ਖਾਲਿਸਤਾਨੀ ਅੱਤਵਾਦੀ ਪੰਨੂ ਦੀ ਧਮਕੀ ਦਾ ਮਾਮਲਾ ਕੈਨੇਡਾ ਕੋਲ ਉਠਾਵੇਗਾ ਭਾਰਤ

ਟੋਰਾਂਟੋ -ਖਾਲਿਸਤਾਨੀ ਕੱਟੜਪੰਥੀ ਸੰਗਠਨ 'ਸਿੱਖਸ ਫਾਰ ਜਸਟਿਸ' (ਐੱਸ.ਐੱਫ਼. ਜੇ.) ਦੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਏਅਰ ਇੰਡੀਆ ਦੀ ਫਲਾਈਟਾਂ 'ਚ 19 ਨਵੰਬਰ ਨੂੰ ਯਾਤਰਾ ਨਾ ਕਰਨ ਦੀ ਧਮਕੀ ਤੋਂ ਬਾਅਦ ਭਾਰਤ ਇਸ ਮੁੱਦੇ ਨੂੰ ਲੈ ਕੇ ਕੈਨੇਡਾ ਨੂੰ ਭਾਰਤੀ ਉਡਾਣਾਂ 'ਚ ਸੁਰੱਖਿਆ ਵਧਾਉਣ ਲਈ ਕਹੇਗਾ। ਇਕ ਮੀਡੀਆ ਰਿਪੋਰਟ ਮੁਤਾਬਕ ਭਾਰਤ ਕੈਨੇਡਾ 'ਚ ਸਬੰਧਤ ਅਧਿਕਾਰੀਆਂ ਨਾਲ ਖ਼ਤਰਿਆਂ ਦੇ ਸਬੰਧ 'ਚ ਚਰਚਾ ਕਰੇਗਾ। ਰਿਪੋਰਟ 'ਚ ਓਟਾਵਾ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਹ ਕੈਨੇਡਾ ਤੋਂ ਸ਼ੁਰੂ ਹੋਣ ਵਾਲੀਆਂ ਅਤੇ ਉੱਥੇ ਖ਼ਤਮ ਹੋਣ ਵਾਲੀਅ ਏਅਰ ਇੰਡੀਆ ਦੀਆਂ ਉਡਾਣਾਂ ਵਿਰੁੱਧ ਖ਼ਤਰੇ ਨੂੰ ਸਬੰਧਤ ਕੈਨੇਡੀਅਨ ਅਧਿਕਾਰੀਆਂ ਕੋਲ ਉਠਾਉਣਗੇ।



**ਸਮਝੌਤਿਆਂ 'ਚ ਖ਼ਤਰੇ ਨਾਲ ਨਜਿੱਠਣ ਦੀ ਵਿਵਸਥਾ**

ਵੀਡੀਓ ਬਾਰੇ ਭਾਰਤੀ ਅਧਿਕਾਰੀਆਂ ਨੇ ਕਿਹਾ ਹੈ ਕਿ ਅਸੀਂ ਵੀਡੀਓ ਦੀ ਸਮੱਗਰੀ ਦਾ ਅਧਿਐਨ ਕੀਤਾ ਹੈ, ਜੋ ਸ਼ਿਕਾਗੋ ਕਨਵੈਨਸ਼ਨ ਦੀ ਸਪੱਸ਼ਟ ਉਲੰਘਣਾ ਹੈ। ਇਕ ਅਧਿਕਾਰੀ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਕੈਨੇਡਾ ਦਰਮਿਆਨ ਨਾਗਰਿਕ ਹਵਾਈ ਸਮਝੌਤੇ 'ਚ ਅਜਿਹੇ ਖ਼ਤਰਿਆਂ ਨਾਲ ਨਜਿੱਠਣ ਦੀ ਵਿਵਸਥਾ ਹੈ ਅਤੇ ਇਸ ਮੁੱਦੇ 'ਤੇ ਅਧਿਕਾਰੀਆਂ ਨਾਲ ਤੁਰੰਤ ਚਰਚਾ ਕੀਤੀ ਜਾਵੇਗੀ। ਇਹ ਘਟਨਾਕ੍ਰਮ ਅਜਿਹੇ ਸਮੇਂ 'ਚ ਸਾਹਮਣੇ ਆਇਆ ਹੈ ਜਦ ਜੂਨ 'ਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਕਾਰਨ ਭਾਰਤ ਅਤੇ ਕੈਨੇਡਾ ਦੇ ਸਬੰਧ ਮੁਸ਼ਕਿਲ ਦੌਰ 'ਚੋਂ ਲੰਘ ਰਹੇ ਹਨ। ਸਤੰਬਰ 'ਚ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੇ ਦੋਸ਼ਾਂ ਤੋਂ ਬਾਅਦ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ ਅਤੇ ਓਟਾਵਾ ਨਾਲ ਬਰਾਬਰੀ ਯਕੀਨੀ ਬਣਾਉਣ ਲਈ ਦੇਸ਼ 'ਚ ਆਪਣੀ ਡਿਪਲੋਮੈਟਿਕ ਹਾਜ਼ਰੀ ਨੂੰ ਘੱਟ ਕਰਨ ਲਈ ਕਿਹਾ ਹੈ। ਕੈਨੇਡਾ ਪਹਿਲਾਂ ਹੀ 41 ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭਾਰਤ ਤੋਂ ਵਾਪਸ ਸੱਦ ਚੁੱਕਾ ਹੈ।

**ਪੰਨੂ ਨੇ ਦਿੱਤੀ ਹੈ ਇਹ ਚਿਤਾਵਨੀ**

ਦੱਸਣਯੋਗ ਹੈ ਕਿ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ 'ਚ 19 ਨਵੰਬਰ ਏਅਰ ਇੰਡੀਆ ਦੀਆਂ ਫਲਾਈਟਾਂ ਰਾਹੀਂ ਕੈਨੇਡਾ ਤੋਂ ਭਾਰਤ ਦੀ ਯਾਤਰਾ ਕਰਨ ਦੀ ਯੋਜਨਾ ਬਣੇ ਰਹੇ ਲੋਕਾਂ ਨੂੰ ਉਸ ਨੇ ਧਮਕੀ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਵੀਡੀਓ 'ਚ ਪੰਨੂ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਏਅਰ ਇੰਡੀਆ ਦੀ ਫਲਾਈਟ ਰਾਹੀਂ ਉਡਾਣ ਭਰਦੇ ਹਨ ਤਾਂ ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਖ਼ਤਰੇ 'ਚ ਪੈ ਸਕਦੀ ਹੈ। ਉਸ ਦਾ ਦਾਅਵਾ ਹੈ ਕਿ ਉਸ ਦਿਨ ਏਅਰ ਇੰਡੀਆ ਨਾਲ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਨੂੰ ਬੰਦ ਕਰ ਦਿੱਤਾ ਜਾਵੇਗਾ ਅਤੇ ਇਸ ਦਾ ਨਾਂ ਬਦਲ ਦਿੱਤਾ ਜਾਵੇਗਾ।

# 60 ਕੁੜੀਆਂ ਨਾਲ ਅਸ਼ਲੀਲ ਹਰਕਤਾਂ ਦੇ ਇਲਜ਼ਾਮ ’ਚ ਪ੍ਰਿੰਸੀਪਲ ਗ੍ਰਿਫ਼ਤਾਰ, ਪਰ ਬੱਚੀਆਂ ਅਜੇ ਵੀ ਡਰੀਆਂ ਹੋਈਆਂ

ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਇੱਕ ਸਰਕਾਰੀ ਸਕੂਲ ’ਚ ਮਾਹੌਲ ਤਣਾਅ ਭਰਿਆ ਹੈ ਅਤੇ ਵਿਦਿਆਰਥਣਾਂ ਦੇ ਚਿਹਰੇ ਸਹਿਮੇ ਨਜ਼ਰ ਆ ਰਹੇ ਹਨ। ਲਗਭਗ 2 ਮਹੀਨੇ ਪਹਿਲਾਂ, ਜ਼ਿਲ੍ਹੇ ਦੇ ਇੱਕ ਪਿੰਡ ਦੇ ਸਰਕਾਰੀ ਸਕੂਲ ਵਿੱਚ ਸੱਠ ਦੇ ਕਰੀਬ ਸਕੂਲੀ ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਸੀ।ਇਸ ਸਬੰਧੀ ਪ੍ਰਧਾਨ ਮੰਤਰੀ ਅਤੇ ਮਹਿਲਾ ਕਮਿਸ਼ਨ ਸਣੇ ਕਈ ਵੱਡੇ ਅਧਿਕਾਰੀਆਂ ਨੂੰ ਇੱਕ ਪੱਤਰ ਲਿਖਿਆ ਗਿਆ ਸੀ।ਇਲਜ਼ਾਮ ਹਨ ਕਿ ਸਕੂਲ ਦਾ ਪ੍ਰਿੰਸੀਪਲ ਵਿਦਿਆਰਥਣਾਂ ਨਾਲ ਅਸ਼ਲੀਲ ਹਰਕਤਾਂ ਕਰਦਾ ਸੀ। ਇਸ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ ਪਿਛਲੇ ਹਫ਼ਤੇ ਪ੍ਰਿੰਸੀਪਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ।

ਪਰ ਬੱਚੀਆਂ ਵਿੱਚ ਅਜੇ ਵੀ ਡਰ ਦਾ ਮਾਹੌਲ ਹੈ।

**ਇਸ ਵੇਲੇ ਕੀ ਹੈ ਸਕੂਲ ਦਾ ਮਾਹੌਲ**

ਕਰੀਬ 11 ਵਜੇ ਹਨ ਅਤੇ ਜੀਂਦ ਹੈੱਡਕੁਆਰਟਰ ਤੋਂ ਚਾਈਲਡ ਵੈਲਫੇਅਰ ਕਮੇਟੀ ਦੇ ਚਾਰ ਮੈਂਬਰ ਬੱਚਿਆਂ ਨੂੰ ਪੋਕਸੋ ਐਕਟ ਅਤੇ ਚਾਈਲਡ ਹੈਲਪਲਾਈਨ ਨੰਬਰ ਬਾਰੇ ਦੱਸਣ ਆਏ ਹਨ।ਜਿਸ ਸਕੂਲ ਦੀ ਇਹ ਘਟਨਾ ਹੈ, ਉਹ ਸਿਰਫ਼ ਕੁੜੀਆਂ ਦਾ ਸਕੂਲ ਹੈ, ਜਿੱਥੇ ਪਿੰਡ ਅਤੇ ਕਸਬੇ ਦੀਆਂ ਬੱਚੀਆਂ ਪੜ੍ਹਨ ਆਉਂਦੀਆਂ ਹਨ।ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੀ ਗਿਣਤੀ 40 ਹੈ, ਜਿਨ੍ਹਾਂ ਵਿੱਚੋਂ ਅੱਧੇ ਦੇ ਕਰੀਬ ਮਹਿਲਾ ਅਧਿਆਪਕ ਹਨ ਅਤੇ ਵਿਦਿਆਰਥਣਾਂ ਦੀ ਗਿਣਤੀ 1200 ਤੋਂ ਉਪਰ ਦੱਸੀ ਜਾਂਦੀ ਹੈ।ਇਸ ਸਮੇਂ ਸਕੂਲ ਦਾ ਮਾਹੌਲ ਅਜਿਹਾ ਹੈ ਕਿ ਵਿਦਿਆਰਥਣਾਂ ਨੂੰ ਕਿਸੇ ਨਾਲ ਵੀ ਗੱਲ ਕਰਨ ਦੀ ਮਨਾਹੀ ਹੈ।ਜਿਵੇਂ ਹੀ ਅਧਿਆਪਕਾਂ ਨੇ ਬਾਹਰੋਂ ਆਏ ਲੋਕਾਂ ਨੂੰ ਦੇਖਿਆ ਤਾਂ ਉਹ ਵਿਦਿਆਰਥਣਾਂ ਨੂੰ ਅੱਗੇ ਨਾ ਆਉਣ ਦਾ ਇਸ਼ਾਰਾ ਕਰਦੇ ਨਜ਼ਰ ਆਏ।ਪੂਰੇ ਸਕੂਲ ਵਿੱਚ ਸੀਸੀਟੀਵੀ ਕੈਮਰੇ ਲਗਾਏ ਗਏ ਹਨ, ਪ੍ਰਿੰਸੀਪਲ




ਦੇ ਕਮਰੇ ਵਿੱਚ ਇੱਕ ਕੈਮਰਾ ਵੀ ਲਗਾਇਆ ਗਿਆ ਹੈ ਅਤੇ ਪ੍ਰਿੰਸੀਪਲ ਦੇ ਕਮਰੇ ਵਿੱਚ ਇੱਕ ਮੋਨੀਟਰਿੰਗ ਪੈਨਲ ਵੀ ਲਗਾਇਆ ਗਿਆ ਹੈ।ਇੱਕ ਸਵਾਲ ਇਹ ਵੀ ਚੁੱਕਿਆ ਜਾ ਰਿਹਾ ਹੈ ਕਿ ਮੁਲਜ਼ਮ ਪ੍ਰਿੰਸੀਪਲ ਪਿਛਲੇ ਛੇ ਸਾਲਾਂ ਤੋਂ ਬਿਨਾਂ ਤਬਾਦਲੇ ਦੇ ਉਸੇ ਸਕੂਲ ਵਿੱਚ ਕਿਵੇਂ ਤਾਇਨਾਤ ਰਿਹਾ, ਜਦਕਿ ਬਾਕੀ ਸਟਾਫ਼ ਨੂੰ ਇਸ ਸਮੇਂ ਦੌਰਾਨ ਕਈ ਵਾਰ ਬਦਲਿਆ ਗਿਆ ਹੈ।ਦੱਬੀ ਜ਼ੁਬਾਨ ’ਚ ਕਿਹਾ ਜਾ ਰਿਹਾ ਹੈ ਕਿ ਮੁਲਜ਼ਮ ਦਾ ਇੱਕ ਸਿਆਸੀ ਪਰਿਵਾਰ ਤੋਂ ਹੋਣ ਕਾਰਨ ਦਬਦਬਾ ਕਾਇਮ ਰਿਹਾ ਹੈ। ਇਸ ਕਰਕੇ ਪਹਿਲਾਂ ਕਦੇ ਕੋਈ ਕਾਰਵਾਈ ਨਹੀਂ ਹੋਈ। ਲੋਕਾਂ ਨੇ ਇਹ ਵੀ ਕਿਹਾ ਕਿ ਮੁਲਜ਼ਮ ਦੀਆਂ ਹਰਕਤਾਂ ਕਾਰਨ ਕਈ ਕੁੜੀਆਂ ਸਕੂਲ ਛੱਡ ਗਈਆਂ।

**ਪ੍ਰਧਾਨ ਮੰਤਰੀ ਸਣੇ ਕਈਆਂ ਦੇ ਨਾਂ ਇੱਕ ਗੁਮਨਾਮ ਪੱਤਰ**

ਲੰਘੀ 31 ਅਗਸਤ ਨੂੰ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਭਾਰਤ ਦੇ ਚੀਫ਼ ਜਸਟਿਸ, ਕੇਂਦਰੀ ਮਹਿਲਾ ਕਮਿਸ਼ਨ, ਹਰਿਆਣਾ ਮਹਿਲਾ ਕਮਿਸ਼ਨ ਅਤੇ ਹਰਿਆਣਾ ਦੇ ਸਿੱਖਿਆ ਮੰਤਰੀ ਨੂੰ ਪੰਜ ਪੰਨਿਆਂ ਦਾ ਇੱਕ ਗੁਮਨਾਮ ਪੱਤਰ ਭੇਜਿਆ ਗਿਆ।ਇਸ ਵਿੱਚ ਵਿਦਿਆਰਥਣਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪੱਤਰ ਵਿੱਚ ਕਿਹਾ ਗਿਆ ਹੈ ਕਿ ਸਕੂਲ ਪ੍ਰਿੰਸੀਪਲ ਵਿਦਿਆਰਥਣਾਂ ਨੂੰ ਕਾਲੇ ਸ਼ੀਸ਼ੇ ਵਾਲੇ ਕੈਬਿਨ ਵਿੱਚ ਬੁਲਾਉਂਦਾ ਹੈ ਉਨ੍ਹਾਂ ਨਾਲ ਗਲਤ ਹਰਕਤਾਂ ਕਰਦਾ ਹੈ।ਪੱਤਰ ਵਿੱਚ ਇਤਰਾਜ਼ਯੋਗ ਢੰਗ ਨਾਲ ਛੂਹਣ ਦਾ ਵੀ ਜ਼ਿਕਰ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਅਜਿਹਾ ਕਰਦੇ ਹੋਏ ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਧਮਕੀਆਂ ਵੀ ਦਿੱਤੀਆਂ ਕਿ ਜੇਕਰ ਉਨ੍ਹਾਂ ਨੇ ਕਿਸੇ ਨੂੰ ਦੱਸਿਆ ਤਾਂ ਉਨ੍ਹਾਂ ਨੂੰ ਪ੍ਰੈਕਟੀਕਲ ਅਤੇ ਇਮਤਿਹਾਨਾਂ ਵਿੱਚ ਫੇਲ੍ਹ ਕਰ ਦਿੱਤਾ ਜਾਵੇਗਾ।

**ਕਾਲੇ ਸ਼ੀਸ਼ੇ ਵਾਲਾ ਕੈਬਿਨ**

ਪੱਤਰ ’ਚ ਲਿਖਿਆ ਗਿਆ ਹੈ ਕਿ ਕਾਲੇ ਸ਼ੀਸ਼ੇ ਵਾਲੇ ਇਸ ਕੈਬਿਨ ’ਚ ਬਾਹਰੋਂ ਅੰਦਰ ਕੁਝ ਦਿਖਾਈ ਨਹੀਂ ਦਿੰਦਾ, ਜਦਕਿ ਅੰਦਰੋਂ ਬਾਹਰ ਤੱਕ ਸਭ ਕੁਝ ਦਿਖਾਈ ਦਿੰਦਾ ਹੈ।ਜੇਕਰ ਅਧਿਕਾਰੀ ਸਕੂਲ ਦੇ ਬਾਹਰ ਆਕੇ ਵਿਦਿਆਰਥਣਾਂ ਨਾਲ ਗੱਲ ਕਰਨਗੇ ਤਾਂ ਉਹ ਉਨ੍ਹਾਂ ਨੂੰ ਪ੍ਰਿੰਸੀਪਲ ਦੀ ਸਾਰੀਆਂ ਹਰਕਤਾਂ ਦੱਸ ਦੇਣਗੀਆਂ।ਪੱਤਰ ਵਿੱਚ ਇੱਕ ਮਹਿਲਾ ਅਧਿਆਪਕ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਸ ਦਾ ਤਬਾਦਲਾ ਹੋ ਚੁੱਕਾ ਹੈ ਅਤੇ ਉਹ ਵੀ ਪ੍ਰਿੰਸੀਪਲ ਦੀਆਂ ਹਦਾਇਤਾਂ ’ਤੇ ਵਿਦਿਆਰਥਣਾਂ ਨੂੰ ਕਾਲੇ ਸ਼ੀਸ਼ੇ ਵਾਲੇ ਕੈਬਿਨ ਵਿੱਚ ਭੇਜਦੀ ਸੀ।ਪੱਤਰ ਮੁਤਾਬਕ, ਜਦੋਂ ਮੁਲਜ਼ਮ ਕੈਬਿਨ ਵਿੱਚ ਵਿਦਿਆਰਥਣਾਂ ਨਾਲ ਇਕੱਲਾ ਹੁੰਦਾ ਸੀ ਤਾਂ ਉਹ ਗਲਤ ਹਰਕਤਾਂ ਕਰਦਾ ਸੀ ਅਤੇ ਜਿਵੇਂ ਹੀ ਕੋਈ ਬਾਹਰੋਂ ਆਉਂਦਾ ਸੀ ਤਾਂ ਉਹ ਪੜ੍ਹਾਈ ਬਾਰੇ ਗੱਲਾਂ ਕਰਨ ਲੱਗ ਪੈਂਦਾ ਸੀ।ਹਾਲਾਂਕਿ ਇਸ ਘਟਨਾ ਤੋਂ ਬਾਅਦ ਕਾਲੇ ਸ਼ੀਸ਼ੇ ਵਾਲੇ ਕੈਬਿਨ ਨੂੰ ਹਟਾ ਦਿੱਤਾ ਗਿਆ ਹੈ।

**ਪ੍ਰਿੰਸੀਪਲ ਗ੍ਰਿਫ਼ਤਾਰ, ਇਹ ਲੱਗੀਆਂ ਧਾਰਾਵਾਂ**

ਪੱਤਰ ਮਿਲਣ ਤੋਂ ਬਾਅਦ 14 ਸਤੰਬਰ ਨੂੰ ਮਹਿਲਾ ਕਮਿਸ਼ਨ ਨੇ ਹਰਿਆਣਾ ਪੁਲਿਸ ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਕਿਹਾ। ਪਰ ਪੁਲਿਸ ਨੇ ਇਸ ਮਾਮਲੇ ਵਿੱਚ ਦੇਰੀ ਕੀਤੀ ਅਤੇ ਇੱਕ ਮਹੀਨੇ ਬਾਅਦ ਮੁਲਜ਼ਮ ਪ੍ਰਿੰਸੀਪਲ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਇਸ ਮਾਮਲੇ ਵਿੱਚ ਪਿਛਲੇ ਹਫਤੇ ਪ੍ਰਿੰਸੀਪਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜੀਂਦ ਪੁਲਿਸ ਨੇ ਦੱਸਿਆ ਕਿ ਮੁਲਜ਼ਮ ਪ੍ਰਿੰਸੀਪਲ ਦੇ ਖ਼ਿਲਾਫ਼ ਧਾਰਾ 354 (ਜਿਨਸੀ ਸ਼ੋਸ਼ਣ), 341, 342 ਆਈਪੀਸੀ ਅਤੇ ਪੋਕਸੋ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਪਰਾਲੀ ਸਾੜਨ ’ਤੇ ਲੱਗਦੀ ‘ਰੈੱਡ ਐਂਟਰੀ’ ਕੀ ਹੈ ਜੋ ਤੁਹਾਡੇ ਪਾਸਪੋਰਟ ਤੋਂ ਲੈ ਕੇ ਕਰਜ਼ ਲੈਣਾ ਵੀ ਪ੍ਰਭਾਵਿਤ ਕਰ ਸਕਦੀ ਹੈ

ਪਿਛਲੇ ਦਿਨੀਂ ਪਟਿਆਲਾ ਜ਼ਿਲ੍ਹੇ ਵਿਖੇ ਇੱਕ ਕਿਸਾਨ ਨੇ ਕਥਿਤ ਤੌਰ @ਤੇ ਪਰਾਲੀ ਸਾੜੀ ਤਾਂ ਜ਼ਿਲ੍ਹਾ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕਰਦੇ ਹੋਏ ਪਰਾਲੀ ਸਾੜਨ ਵਾਲੇ ਵਿਅਕਤੀ ਦਾ ਅਸਲਾ ਲਾਇਸੈਂਸ ਰੱਦ ਕਰ ਦਿੱਤਾ। ਇਹ ਕਾਰਵਾਈ ਵਧੀਕ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ @ਤੇ ਕੀਤੀ ਗਈ। ਮਾਮਲਾ ਸਮਾਣਾ ਦੇ ਪਿੰਡ ਤਲਵੰਡੀ ਮਲਿਕ ਦਾ ਹੈ। ਲੁਧਿਆਣਾ @ਚ ਪਰਾਲੀ ਸਾੜਨ ਦੇ ਇਲਜ਼ਾਮ @ਚ ਦੋ ਕਿਸਾਨਾਂ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ। ਦੋਵੇਂ ਕਿਸਾਨ ਜਗਰਾਉਂ ਬਲਾਕ ਦੇ ਪਿੰਡ ਮੱਲ੍ਹਾ ਦੇ ਰਹਿਣ ਵਾਲੇ ਹਨ। ਪਰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ, ਪ੍ਰਸ਼ਾਸਨ ਕਿਸਾਨਾਂ ਦੇ ਖ਼ਿਲਾਫ਼ ਰੈੱਡ ਜਾਂ ਲਾਲ ਐਂਟਰੀਆਂ ਕਰ ਰਿਹਾ ਹੈ, ਜਿਸ ਨੂੰ ਪਰਾਲੀ ਸਾੜਨ ਰੋਕਣ ਦੇ ਉਦੇਸ਼ ਨਾਲ ਇੱਕ ਸਖ਼ਤ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਜਿੱਥੇ ਇਸ ਦੇ ਤਹਿਤ ਪਰਾਲੀ ਸਾੜਨ ਵਾਲਿਆਂ ਦਾ ਪਾਸਪੋਰਟ ਅਤੇ ਅਸਲਾ ਲਾਇਸੈਂਸ ਰੱਦ ਹੋ ਸਕਦਾ ਹੈ, ਉੱਥੇ ਹੀ ਕਿਸਾਨਾਂ ਨੇ ਇਸ ਕਦਮ ਦੀ ਨਿਖੇਧੀ ਕੀਤੀ ਹੈ ਅਤੇ ਉਹ ਅਜਿਹੀ ਕਾਰਵਾਈ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਝੋਨੇ ਅਤੇ ਬਾਸਮਤੀ ਦੀ ਵਾਢੀ ਦਾ ਸੀਜ਼ਨ ਜ਼ੋਰਾਂ @ਤੇ ਹੈ ਅਤੇ ਪੰਜਾਬ ਸਰਕਾਰ ਇਸ ਵਾਰ ਪਰਾਲੀ ਸਾੜਨ ਦੇ ਖ਼ਿਲਾਫ਼ ਕਾਫ਼ੀ ਸਖ਼ਤ ਨਜ਼ਰ ਆ ਰਹੀ ਹੈ। ਲੁਧਿਆਣਾ ਦੇ ਮੁੱਖ ਖੇਤੀਬਾੜੀ ਅਫ਼ਸਰ ਨਰਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਨਹੀਂ ਹੈ ਜਦੋਂ ਪਰਾਲੀ ਸਾੜਨ ਵਾਲਿਆਂ ਖ਼ਿਲਾਫ਼ ‘ਰੈੱਡ’ ਐਂਟਰੀਆਂ ਕੀਤੀਆਂ ਜਾ ਰਹੀਆਂ ਹਨ। ਪਰ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਪ੍ਰਕਿਰਿਆ ਨੂੰ ਕਾਫ਼ੀ ਗੰਭੀਰਤਾ ਨਾਲ ਅਪਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਬਾਰੇ ਕਿਸਾਨਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਯਤਨਾਂ ਨਾਲ ਇਸ ਸਾਲ ਅੱਗ ਲੱਗਣ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਏ ਹਨ।

**ਰੈੱਡ ਐਂਟਰੀ ਕੀ ਹੈ**

ਰੈੱਡ ਐਂਟਰੀ ਦਾ ਮਤਲਬ ਇਹ ਹੈ ਕਿ ਜਿਸ ਦੇ ਖ਼ਿਲਾਫ਼ ਰੈੱਡ ਐਂਟਰੀ ਹੋਈ ਹੈ ਤਾਂ ਉਹ ਉਸ ਜ਼ਮੀਨ ਨੂੰ ਵੇਚ ਨਹੀਂ ਸਕਦਾ ਤੇ ਨਾਂ ਹੀ ਕੋਈ ਸਬਸਿਡੀ ਲੈ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਕਾਗ਼ਜ਼ੀ ਤੌਰ ਦੇ ਇਸ ਦਾ ਮਤਲਬ ਹੈ ਕਿ ਉਸ ਦੀ ਪਰਦੇ ਵਿੱਚ ਜਮਾਂ ਬੰਦੀ ਦੇ ਵਿੱਚ ਲਾਲ ਐਂਟਰੀ ਹੋ ਜਾਂਦੀ ਹੈ। ਇਸ ਤੋਂ ਮਗਰੋਂ ਉਹ ਜ਼ਮੀਨ ਵੇਚ ਨਹੀਂ ਸਕਦਾ, ਜੇ ਉਹ ਕੋਈ ਲੋਨ ਲੈਣਾ ਚਾਹੇ ਤਾਂ ਉਹ ਨਹੀਂ ਲੈ ਸਕਦਾ, ਜੇ ਕੋਈ




ਉਸ ਦੀ ਵਰਤੋਂ ਕਿਸੇ ਬੈਂਕ ਦੇ ਵਿੱਚ ਕਰਨੀ ਚਾਹੇ ਜਾਂ ਕੋਈ ਲਿਮਿਟ ਬਣਾਉਣੀ ਚਾਹੇ ਤਾਂ ਉਹ ਨਹੀਂ ਬਣ ਸਕਦੀ। ਇਹ ਪੁੱਛਣ @ਤੇ ਕੀ ਲਾਇਸੈਂਸ ਵਗ਼ੈਰਾ ਵੀ ਇਸ ਨਾਲ ਪ੍ਰਭਾਵਿਤ ਹੁੰਦੇ ਹਨ ਤੇ ਕੀ ਜੋ ਅਸਲਾ ਲਾਇਸੈਂਸ ਰੱਦ ਹੋ ਰਹੇ ਹਨ ਕੀ ਉਹ ਵੀ ਇਸ ਰੈੱਡ ਐਂਟਰੀ ਦਾ ਹੀ ਹਿੱਸਾ ਹੈ ਤਾਂ ਨਰਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਬਿਲਕੁਲ। ਉਹ ਦੱਸਦੇ ਹਨ, ਉਹ ਵੀ ਕੈਂਸਲ ਹੋ ਜਾਂਦੇ ਹਨ ਤੇ ਅਸੀਂ ਉਹ ਵੀ ਕਰ ਰਹੇ ਹਾਂ। ਜਿਹੜੇ ਲੋਕ ਅੱਗ ਲਾ ਰਹੇ ਹਨ ਅਸੀਂ ਉਨ੍ਹਾਂ ਦੀ ਲਿਸਟਾਂ ਭੇਜ ਦਿੱਤੀਆਂ ਹਨ ਤਾਂ ਕਿ ਅਸਲਾ ਲਾਇਸੈਂਸ ਰੱਦ ਕੀਤੇ ਜਾਣ।÷ ਉਨ੍ਹਾਂ ਨੇ ਕਿਹਾ ਕਿ ਪਾਸਪੋਰਟ @ਤੇ ਵੀ ਇਸ ਜਾ ਅਸਰ ਪੈਂਦਾ ਹੈ ਕਿਉਂਕਿ ਲਾਲ ਐਂਟਰੀ ਦੇ ਕਾਰਨ ਪਾਸਪੋਰਟ ਲਈ ਜੋ ਵੈਰੀਫਿਕੇਸ਼ਨ ਲਈ ਇਨਕੁਆਰੀ ਹੋਣੀ ਹੈ ਉਹ ਨਹੀਂ ਹੋ ਸਕੇਗੀ। ਉਨ੍ਹਾਂ ਨੇ ਕਿਹਾ ਕਿ ਸਖ਼ਤੀ ਤਾਂ ਪਿਛਲੇ ਸਾਲ ਵੀ ਸੀ ਪਰ ਇਸ ਵਾਰ ਇਸ ਨੂੰ ਜ਼ਿਆਦਾ ਗੰਭੀਰਤਾ ਨਾਲ ਕੀਤਾ ਜਾ ਰਿਹਾ ਹੈ।

**ਪਰਾਲੀ ਸਾੜਨ ਦਾ ਅਸਰ**

ਹਰ ਸਾਲ ਜਦੋਂ ਪੰਜਾਬ ਵਿੱਚ ਝੋਨੇ ਦੀ ਕਟਾਈ ਸ਼ੁਰੂ ਹੁੰਦੀ ਹੈ ਤਾਂ ਪਰਾਲੀ ਦੀ ਸਾਂਭ-ਸੰਭਾਲ ਦੇ ਮਸਲੇ ਦੇ ਨਾਲ-ਨਾਲ ਪ੍ਰਦੂਸ਼ਣ ਨਾਲ ਨਜਿੱਠਣ ਨੂੰ ਲੈ ਕੇ ਚੁੱਕੇ ਜਾਣ ਵਾਲੇ ਕਦਮਾਂ ਦਾ ਮਸਲਾ ਵੀ ਚਰਚਾ ਦਾ ਵਿਸ਼ਾ ਬਣਾ ਜਾਂਦਾ ਹੈ। ਬੀਤੇ ਕਰੀਬ ਇੱਕ ਦਹਾਕੇ ਤੋਂ ਇਨੀਂ ਦਿਨੀਂ ਦਿੱਲੀ ਵਿੱਚ ਵੱਧਣ ਵਾਲੇ ਪ੍ਰਦੂਸ਼ਣ ਦੇ ਪੱਧਰ ਨੂੰ ਵੀ ਪੰਜਾਬ ਵਿੱਚ ਪਰਾਲੀ ਸਾੜਨ ਦੇ ਮਾਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਅਤੇ ਦਿੱਲੀ ਸਰਕਾਰ ਵੱਲੋਂ ਸਮੇਂ-ਸਮੇਂ ਅਜਿਹੇ ਦਾਅਵੇ ਵੀ ਕੀਤੇ ਜਾਂਦੇ ਰਹੇ ਹਨ। ਪਰਾਲੀ ਸਾੜਨ ਨਾਲ ਉੱਠਣ ਵਾਲੇ ਧੂੰਏਂ ਸਬੰਧੀ ਹਰ ਸਾਲ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੀ ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕਰਦਾ ਹੈ। ਹਾਲਾਂਕਿ, ਹਾਲੇ ਤੱਕ ਇਸ ਮਸਲੇ ਦਾ ਕੋਈ ਸਥਾਈ ਹੱਲ ਨਹੀਂ ਨਿਕਲ ਸਕਿਆ ਹੈ। ਸੂਬਾ ਸਰਕਾਰਾਂ ਵੀ ਹਰ ਵਾਰ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਠੋਸ ਕਦਮ ਚੁੱਕਣ ਦਾ ਦਾਅਵਾ ਕਰਦੀਆਂ ਹਨ, ਪਰ ਜ਼ਮੀਨੀ ਹਕੀਕਤ ਕੁਝ ਵੱਖਰੀ ਤਸਵੀਰ ਪੇਸ਼ ਕਰਦੀ ਹੈ।

**ਕਿਸਾਨ ਆਗੂਆਂ ਵਿਚ ਰੋਸ**

ਪਰਾਲੀ ਨੂੰ ਲੈ ਕੇ ਸਰਕਾਰ ਜੋ ਕਾਰਵਾਈ ਕਰ ਰਹੀ ਹੈ ਉਸ ਦੇ ਨਾਲ ਕਿਸਾਨਾਂ ਦੇ ਖ਼ਿਲਾਫ਼ ਰੋਸ ਵੀ ਨਜ਼ਰ ਆ ਰਿਹਾ ਹੈ। ਕੁਝ ਕਿਸਾਨ ਆਗੂ ਇਸ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿਚ ਵਿਰੋਧ ਪ੍ਰਦਰਸ਼ਨ ਵੀ ਕਰ ਸਕਦੇ ਹਨ। ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਪਟਿਆਲਾ ਜ਼ਿਲ੍ਹੇ ਦੇ ਕਿਸਾਨ ਆਗੂ ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ, ÷ਅਸੀਂ ਸਰਕਾਰ ਨੂੰ ਕਹਿ ਰਹੇ ਹਾਂ ਕਿ ਮਸ਼ੀਨਰੀ ਪੂਰੀ ਦੇ ਦੇਵੋ ਕਿਉਂਕਿ ਅਗਲੀ ਫ਼ਸਲ ਬੀਜਣ ਵਾਸਤੇ ਸਮਾਂ ਨਹੀਂ ਮਿਲਦਾ। ਕਿਸਾਨਾਂ ਨੂੰ ਪਰਾਲੀ ਚੁੱਕਣ ਲਈ 15-15 ਦਿਨ ਟਰਾਲੀਆਂ ਨਹੀਂ ਮਿਲਦੀਆਂ। ਜ਼ਿਮੀਂਦਾਰ ਸਗੋਂ ਫੱਸ ਜਾਂਦਾ ਹੈ ਕਿਉਂਕਿ ਉਹ ਪਰਾਲੀ ਦੀਆਂ ਗੱਠਾਂ ਬਣਵਾ ਕੇ ਬੈਠਾ ਰਹਿੰਦਾ ਹੈ ਤੇ ਇੰਤਜ਼ਾਰ ਕਰਦਾ ਰਹਿੰਦਾ ਹੈ ਕਿ ਇਸ ਨੂੰ ਚੱਕਿਆ ਜਾਵੇ। ਪਰ ਜਦੋਂ ਮਸ਼ੀਨਾਂ ਹੀ ਪੂਰੀਆਂ ਨਾ ਹੋਣ ਤਾਂ ਕਿਸਾਨ ਕੀ ਕਰੇ। ਅਸੀਂ ਤਾਂ ਇੱਕੋ ਗੱਲ ਕਹਿ ਰਹੇ ਜਾਂ ਸਰਕਾਰ ਮਸ਼ੀਨਰੀ ਪੂਰੀ ਦੇਵੇ ਨਹੀਂ ਤਾਂ ਸਾਡੇ ਕੋਲ ਅੱਗ ਤੋਂ ਬਗ਼ੈਰ ਕੋਈ ਚਾਰਾ ਨਹੀਂ ਹੈ।ਐਂਟਰੀ ਦੇ ਸਵਾਲ @ਤੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਲੋਕਾਂ ਨੂੰ ਡਰਾ ਰਹੀ ਹੈ ਤੇ ਆਪਣੇ ਹੀ ਵਿਰੁੱਧ ਕਰ ਰਹੇ ਹੈ।ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਜੇ ਤੁਹਾਡੇ ਖ਼ਿਲਾਫ਼ ਐਂਟਰੀ ਪੈ ਜਾਂਦੀ ਹੈ ਪਾਸਪੋਰਟ ਬਣਾਉਣ ਤੇ ਬਾਹਰ ਜਾਣ ਲਈ ਦਿੱਕਤਾਂ ਆਉਣਗੀਆਂ।ਉਨ੍ਹਾਂ ਨੇ ਕਿਹਾ, ਇਹ ਗ਼ਲਤ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਪ੍ਰੇਮ-ਪਿਆਰ ਦੇ ਨਾਲ ਸਮਝਾਇਆ ਜਾਵੇ ਤੇ ਅਜਿਹੀ ਜ਼ਬਰਦਸਤੀ @ਤੇ ਰੈੱਡ ਐਂਟਰੀ ਦੀ ਅਸੀਂ ਨਿਖੇਧੀ ਕਰਦੇ ਹਾਂ ਤੇ ਜੋ ਸਰਕਾਰ ਨੇ ਅਜੇ ਤੱਕ ਕਾਰਵਾਈ ਕੀਤੀ ਹੈ ਅਸੀਂ ਮੰਗ ਕਰਦੇ ਹਾਂ ਕਿ ਉਹ ਵਾਪਸ ਲਈ ਜਾਵੇ।ਵੈਸੇ ਸਰਕਾਰ ਦਾ ਦਾਅਵਾ ਹੈ ਕਿ ਇਸ ਸਾਲ ਹਰਿਆਣਾ ਅਤੇ ਪੰਜਾਬ ਵਿਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਅਜੇ ਤੱਕ ਲਗਭਗ 50 ਫ਼ੀਸਦੀ ਦੀ ਕਮੀ ਆਈ ਹੈ। ਇਸ ਕਾਰਨ ਪਿਛਲੇ ਸਾਲ ਨਾਲੋਂ ਪ੍ਰਦੂਸ਼ਣ ਦਾ ਪੱਧਰ ਅਜੇ ਵੀ ਘੱਟ ਹੈ। ਪਰ ਜਿਵੇਂ ਜਿਵੇਂ ਝੋਨੇ ਦੀ ਵਾਢੀ ਖ਼ਤਮ ਹੋ ਰਹੀ ਹੈ, ਅੱਗ ਲੱਗਣ ਦੇ ਮਾਮਲਿਆਂ ਵਿਚ ਵਾਧਾ ਵੀ ਹੋ ਰਿਹਾ ਹੈ। ਪੰਜਾਬ ਵਿੱਚ 30 ਅਕਤੂਬਰ ਨੂੰ ਲਗਾਤਾਰ ਦੂਜੇ ਦਿਨ 1000 ਤੋਂ ਵੱਧ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਆਏ। ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀਆਰਐੱਸਸੀ) ਦੇ ਅਨੁਸਾਰ, ਸੂਬੇ ਵਿੱਚ 1,030 ਖੇਤਾਂ ਵਿੱਚ ਅੱਗ ਲੱਗਣ ਦੀ ਰਿਪੋਰਟ ਕੀਤੀ ਗਈ। 29 ਅਕਤੂਬਰ ਨੂੰ ਇੱਕ ਦਿਨ ਦੀ ਗਿਣਤੀ 1,068 ਸੀ। 30 ਅਕਤੂਬਰ, 2022 ਨੂੰ, ਪੰਜਾਬ ਵਿੱਚ ਪਰਾਲੀ ਸਾੜਨ ਦੇ 1,761 ਮਾਮਲੇ ਸਾਹਮਣੇ ਆਏ ਜਦੋਂ ਕਿ ਸਾਲ 2021 ਵਿੱਚ ਇਹ ਗਿਣਤੀ 1,373 ਸੀ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com
+1 (201) 312-4180





PRITPAL KAUR
Editor-In-Chief
+1 201-312-4180
+1 917-328-8436



ADVISORY BOARD

ਜੋਗਾ ਸਿੰਘ
*****************************
ਜਸਵਿੰਦਰ ਸਿੰਘ ਨਿਊਜਰਸੀ
*****************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
*****************************
ਜੀ. ਐਸ ਸਿੰਘ ਪੰਜਾਬ
*****************************
ਸੁਜਾਨ ਨਾਗ, ਯੂ.ਐਸ.ਏ.
******************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
*****************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।



Preetnamausa@gmail.com
www.preetnama.com


# ਆਉ ਇਸ ਦੀਵਾਲੀ ਤੇ ਇੰਨਸਾਨੀਅਤ ਦੇ ਨਾਤੇ ਪੂਰੇ ਸੰਸਾਰ ਲਈ ਅਮਨ-ਅਮਾਨ, ਸ਼ਾਤੀ ਲਈ ਅਰਦਾਸ ਕਰੀਏ

**ਸੁਰਜੀਤ ਸਿੰਘ ਫਲੋਰਾ**

ਨਿਸ਼ਚਤਤਾ ਨਾਲ ਭਵਿੱਖ ਦੀ ਭਵਿੱਖਬਾਣੀ ਕਰਨਾ ਚੁਣੌਤੀਪੂਰਨ ਹੈ, ਖਾਸ ਤੌਰ @ਤੇ ਗਾਜ਼ਾ-ਇਜ਼ਰਾਈਲ ਸੰਘਰਸ਼ ਵਰਗੇ ਗੁੰਝਲਦਾਰ ਭੂ-ਰਾਜਨੀਤਿਕ ਮੁੱਦਿਆਂ ਬਾਰੇ। ਹਾਲਾਂਕਿ, ਕਈ ਕਾਰਕ ਸ਼ਾਂਤੀ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਿਵੇਂ ਕਿ ਰਾਜਨੀਤਿਕ ਇੱਛਾ, ਇੱਕ ਸਥਾਈ ਸ਼ਾਂਤੀ ਲਈ ਦੋਵਾਂ ਪਾਸਿਆਂ ਤੋਂ ਮਜ਼ਬੂਤ ਰਾਜਨੀਤਿਕ ਇੱਛਾ ਸ਼ਕਤੀ ਦੀ ਲੋੜ ਹੋਵੇਗੀ। ਲੀਡਰਸ਼ਿਪ ਵਿੱਚ ਤਬਦੀਲੀਆਂ, ਜਨਤਕ ਰਾਏ ਵਿੱਚ ਤਬਦੀਲੀਆਂ, ਜਾਂ ਬਾਹਰੀ ਦਬਾਅ ਪਾਰਟੀਆਂ ਦੀ ਗੱਲਬਾਤ ਅਤੇ ਸਮਝੌਤਾ ਕਰਨ ਦੀ ਇੱਛਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸੰਯੁਕਤ ਰਾਸ਼ਟਰ, ਸੰਯੁਕਤ ਰਾਜ, ਯੂਰਪੀਅਨ ਯੂਨੀਅਨ, ਅਤੇ ਹੋਰਾਂ ਸਮੇਤ ਅੰਤਰਰਾਸ਼ਟਰੀ ਨੇਤਾਵਾਂ ਨੇ ਪਾਰਟੀਆਂ ਵਿਚਕਾਰ ਵਿਚੋਲਗੀ ਕਰਨ ਲਈ ਭੂਮਿਕਾਵਾਂ ਨਿਭਾਈਆਂ ਹਨ। ਉਨ੍ਹਾਂ ਦੀ ਲਗਾਤਾਰ ਸ਼ਮੂਲੀਅਤ ਅਤੇ ਦਬਾਅ ਸ਼ਾਂਤੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ। ਅੱਜ ਇੱਕ ਵੱਡੀ ਚੁਣੌਤੀ ਹਿੰਸਾ ਨੂੰ ਸ਼ਾਂਤੀ ਦੇ ਸੱਭਿਆਚਾਰ ਵਿੱਚ ਬਦਲਣਾ ਹੈ। ਇਸਦਾ ਮਤਲਬ ਸਿਰਫ਼ ਯੁੱਧ ਨੂੰ ਖ਼ਤਮ ਕਰਨ ਤੋਂ ਇਲਾਵਾ, ਨਿਆਂ, ਦਇਆ, ਮਨੁੱਖੀ ਅਧਿਕਾਰਾਂ ਅਤੇ ਵਿਭਿੰਨਤਾ ਦੇ ਵਖ਼ਰੇਵੇ ਨੂੰ ਖ਼ਤਮ ਕਰਨਾ ਵੀ ਹੈ। ਸ਼ਾਂਤੀ ਲਈ ਗਾਂਧੀ ਦੀ ਸ਼ਾਂਤੀਪੂਰਨ ਰਣਨੀਤੀ ਗਲੋਬਲ ਸਿਟੀਜ਼ਨਸ਼ਿਪ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਹੈ। ਮਹਾਤਮਾ ਗਾਂਧੀ ਨੇ 18 ਜੂਨ, 1925 ਨੂੰ ÷ਯੰਗ ਇੰਡੀਆ÷ ਵਿੱਚ ਲਿਖਿਆ ਸੀ ਕਿ ਇੱਕ ਅੰਤਰਰਾਸ਼ਟਰੀਵਾਦੀ ਹੋਣ ਲਈ ਇੱਕ ਰਾਸ਼ਟਰਵਾਦੀ ਹੋਣਾ ਜ਼ਰੂਰੀ ਹੈ। ਰਾਸ਼ਟਰਵਾਦ ਬੁਰਾਈ ਨਹੀਂ ਹੈ, ਸਗੋਂ ਬੁਰਾਈ ਤੰਗੀ, ਸੁਆਰਥ ਅਤੇ ਵਿਸ਼ੇਸ਼ਤਾ ਵਿੱਚ ਹੈ।

ਅੱਜ ਦੇ ਸੰਸਾਰ ਵਿੱਚ, ਵੱਖ-ਵੱਖ ਖੇਤਰਾਂ ਵਿੱਚ ਲੜਾਈਆਂ ਅਤੇ ਸੰਘਰਸ਼ ਇੱਕ ਵਿਆਪਕ ਚੁਣੌਤੀ ਬਣੇ ਹੋਏ ਹਨ। ਅਹਿੰਸਾ ਰਾਹੀਂ ਸ਼ਾਂਤੀ ਲਈ ਗਾਂਧੀ ਦੇ ਸਿਧਾਂਤ ਇਨ੍ਹਾਂ ਚੁਣੌਤੀਪੂਰਨ ਸਮਿਆਂ ਵਿੱਚ ਢੁਕਵੇਂ ਹਨ। ਹਿੰਸਕ ਸੱਭਿਆਚਾਰ ਨੂੰ ਸ਼ਾਂਤਮਈ ਵਿੱਚ ਬਦਲਣ ਦਾ ਗਾਂਧੀ ਦਾ ਦ੍ਰਿਸ਼ਟੀਕੋਣ ਅਜੇ ਵੀ ਇੱਕ ਨਿਰੰਤਰ ਸੰਘਰਸ਼ ਹੈ। ਵਿਸ਼ਵਵਿਆਪੀ ਨਾਗਰਿਕਤਾ, ਨਿਆਂ, ਹਮਦਰਦੀ, ਮਨੁੱਖੀ ਅਧਿਕਾਰਾਂ ਅਤੇ ਵਿਭਿੰਨਤਾ @ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਸਾਨੂੰ ਸੰਘਰਸ਼ਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ। ਮਹਤਾਮਾ ਗਾਂਧੀ ਜੀ ਦਾ ਵਿਸ਼ਵਾਸ ਕਿ ਰਾਸ਼ਟਰਵਾਦ ਕੁਦਰਤੀ ਤੌਰ @ਤੇ ਬੁਰਾਈ ਨਹੀਂ ਹੈ, ਇੱਕ ਵਿਆਪਕ ਦ੍ਰਿਸ਼ਟੀਕੋਣ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ ਜੋ ਤੰਗੀ, ਸੁਆਰਥ ਅਤੇ ਵਿਸ਼ੇਸ਼ਤਾ ਤੋਂ ਪਰੇ ਹੈ। ਅੱਜ ਕਲੇਸ਼ਾਂ ਨੂੰ ਸੁਲਝਾਉਣ ਲਈ, ਵਿਸ਼ਵਵਿਆਪੀ ਆਪਸੀ ਤਾਲਮੇਲ ਅਤੇ ਸਾਂਝੀ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਮਹੱਤਵਪੂਰਨ ਹੈ। ਇਹ ਸਥਾਈ ਸ਼ਾਂਤੀ ਪ੍ਰਾਪਤ ਕਰਨ ਅਤੇ ਵਿਸ਼ਵ ਭਰ ਵਿੱਚ ਵਿਵਾਦ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ। ਗਾਜ਼ਾ ਵਿੱਚ ਸੰਘਰਸ਼ ਨੂੰ ਇਜ਼ਰਾਈਲ ਅਤੇ ਹਮਾਸ ਨੂੰ ਗੱਲਬਾਤ ਲਈ ਇਕ ਝੰਡੇ ਹੇਠ ਲਿਆਉਣਾ ਅਤੇ ਯੁੱਧ ਨੂੰ ਖ਼ਤਮ ਕਰਨ ਲਈ ਅੰਤਰਰਾਸ਼ਟਰੀ ਕਾਰਵਾਈ ਦੀ ਲੋੜ ਹੈ। ਚੁਣੌਤੀਆਂ ਦੇ ਬਾਵਜੂਦ ਕੋਸ਼ਿਸ਼ਾਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਫਲਸਤੀਨੀ ਸਿਹਤ ਮੰਤਰਾਲੇ ਦੇ ਅਨੁਸਾਰ, ਗਾਜ਼ਾ ਵਿੱਚ ਜਾਰੀ ਸੰਘਰਸ਼ ਵਿੱਚ ਘੱਟੋ ਘੱਟ 4,008 ਬੱਚੇ ਮਾਰੇ ਗਏ ਹਨ, ਜਿਸ ਨਾਲ ਇੱਕ ਮਹੀਨੇ ਤੋਂ ਵੱਧ ਸਮੇਂ ਬਾਅਦ ਇਜ਼ਰਾਈਲੀ ਬੰਬਾਰੀ ਵਿੱਚ ਮਰਨ ਵਾਲਿਆਂ ਦੀ ਕੁੱਲ ਗਿਣਤੀ 9,770 ਹੋ ਗਈ ਹੈ। ਇਜ਼ਰਾਈਲ ਗਾਜ਼ਾ @ਤੇ ਬੰਬਾਰੀ ਕਰ ਰਿਹਾ ਹੈ ਅਤੇ ਹਮਾਸ ਦੁਆਰਾ ਕੀਤੇ ਗਏ ਅਚਾਨਕ ਹਮਲੇ ਦੇ ਜਵਾਬ ਵਿੱਚ ਜ਼ਮੀਨੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ, ਜਿਸ ਦੇ ਨਤੀਜੇ ਵਜੋਂ ਘੱਟੋ-ਘੱਟ 1,400 ਇਜ਼ਰਾਈਲੀਆਂ ਦੀ ਮੌਤ ਹੋ ਗਈ ਸੀ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਯੁੱਧ ਦੇ ਦੂਜੇ ਪੜਾਅ ਦਾ ਉਦੇਸ਼ ਹਮਾਸ ਦੇ ਸ਼ਾਸਨ ਅਤੇ ਫੌਜੀ ਸਮਰੱਥਾ ਨੂੰ ਤਬਾਹ ਕਰਨਾ ਅਤੇ ਬੰਧਕਾਂ ਨੂੰ ਘਰ ਲਿਆਉਣਾ ਹੈ। ਇਜ਼ਰਾਈਲ-ਫਲਸਤੀਨ ਸੰਘਰਸ਼ ਦਾ ਉਥਲ-ਪੁਥਲ ਦਾ ਲੰਬਾ ਇਤਿਹਾਸ ਰਿਹਾ ਹੈ। 19ਵੀਂ ਸਦੀ ਦੇ ਅੰਤ ਵਿੱਚ ਮੱਧ ਪੂਰਬ ਵਿੱਚ ਵਧ ਰਹੀਆਂ ਰਾਸ਼ਟਰਵਾਦੀ ਲਹਿਰਾਂ ਕਾਰਨ ਇਜ਼ਰਾਈਲ-ਫਲਸਤੀਨ ਸੰਘਰਸ਼ ਸ਼ੁਰੂ ਹੋਇਆ। ਇਤਿਹਾਸਕ ਬਿਰਤਾਂਤਾਂ, ਧਾਰਮਿਕ ਦਾਅਵਿਆਂ ਅਤੇ ਭੂ-ਰਾਜਨੀਤਿਕ ਹਿੱਤਾਂ ਨੇ ਦਹਾਕਿਆਂ ਤੋਂ ਇਸ ਟਕਰਾਅ ਨੂੰ ਹਵਾ ਦਿੱਤੀ ਹੈ। 1948 ਵਿੱਚ ਇਜ਼ਰਾਈਲ ਦੀ ਸਿਰਜਣਾ ਅਤੇ ਬਾਅਦ ਦੀਆਂ ਲੜਾਈਆਂ ਨੇ ਦੁਸ਼ਮਣੀ ਵਧਾ ਦਿੱਤੀ ਹੈ। ਗਾਜ਼ਾ ਯੁੱਧ ਨੇ ਤਬਾਹੀ, ਨਾਗਰਿਕਾਂ ਦੀ ਮੌਤ, ਅਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ, ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਅੰਤਰਰਾਸ਼ਟਰੀ ਦਖਲ ਦੀ ਲੋੜ ਨੂੰ ਉਜਾਗਰ ਕੀਤਾ। ਸੰਘਣੀ ਆਬਾਦੀ ਵਾਲੀ ਗਾਜ਼ਾ ਪੱਟੀ, ਲਗਭਗ 20 ਲੱਖ ਫਲਸਤੀਨੀਆਂ ਦੇ ਨਾਲ, ਨੇ ਲਗਾਤਾਰ ਹਵਾਈ ਹਮਲੇ, ਤੋਪਖਾਨੇ ਦੀ ਗੋਲੀਬਾਰੀ ਅਤੇ ਜ਼ਮੀਨੀ ਕਾਰਵਾਈਆਂ ਦਾ ਅਨੁਭਵ ਕੀਤਾ। ਔਰਤਾਂ ਅਤੇ ਬੱਚਿਆਂ ਸਮੇਤ ਨਾਗਰਿਕਾਂ ਨੂੰ ਹਿੰਸਾ ਦਾ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ, ਤੇ ਝੱਲਣਾ ਪੈ ਰਿਹਾ ਹੈ, ਨਤੀਜੇ ਵਜੋਂ ਜਾਨ-ਮਾਲ ਦਾ ਮਹੱਤਵਪੂਰਨ ਨੁਕਸਾਨ ਹੋਇਆ ਅਤੇ ਹੋ ਰਿਹਾ ਹੈ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਤਬਾਹ ਹੋਏ ਘਰ, ਹਾਵੀ ਹੋਏ ਹਸਪਤਾਲ, ਅਤੇ ਟੁੱਟੇ ਪਰਿਵਾਰ ਅੰਤਰਰਾਸ਼ਟਰੀ ਭਾਈਚਾਰੇ ਤੋਂ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਨ। ਵਿਸ਼ਵ ਨੇਤਾਵਾਂ ਨੂੰ ਇਸ ਸੰਘਰਸ਼ ਦਾ ਟਿਕਾਊ ਹੱਲ ਬਹੁਤ ਜਲਦ ਲੱਭਣਾ ਚਾਹੀਦਾ ਹੈ। ਹਾਲਾਂਕਿ ਇਹ ਕੁਝ ਲੋਕਾਂ ਲਈ ਇੱਕ ਭੁਲੇਖੇ ਵਜੋਂ ਜਾਪਦਾ ਹੈ, ਮਹਾਤਮਾ ਗਾਂਧੀ ਦਾ ਅਹਿੰਸਾ, ਨਿਆਂ ਅਤੇ ਦਇਆ ਦਾ ਫਲਸਫ਼ਾ ਵਿਸ਼ਵਵਿਆਪੀ ਨਾਗਰਿਕਤਾ ਦੇ ਸਿਧਾਂਤਾਂ ਨਾਲ ਮੇਲ ਖਾਂਦਾ ਹੈ। ਮਹਾਤਮਾ ਗਾਂਧੀ ਨੇ ਸਿਖਾਇਆ ਕਿ ਸ਼ਾਂਤੀ ਜੰਗ ਦੀ ਅਣਹੋਂਦ ਤੋਂ ਵੱਧ ਹੈ। ਇਸ ਵਿੱਚ ਨਿਆਂ, ਹਮਦਰਦੀ ਅਤੇ ਮਨੁੱਖੀ ਅਧਿਕਾਰਾਂ ਦਾ ਆਦਰ ਮਾਣ ਸ਼ਾਮਲ ਹੈ। ਗਾਂਧੀ ਨੇ 21 ਮਈ, 1925 ਨੂੰ ÷ਯੰਗ ਇੰਡੀਆ÷ ਵਿੱਚ ਲਿਖਿਆ ਸੀ ਕਿ ਉਹ ਹਿੰਸਾ ਦਾ ਵਿਰੋਧ ਕਰਦੇ ਹਨ ਕਿਉਂਕਿ ਇਹ ਕੇਵਲ ਅਸਥਾਈ ਤੌਰ @ਤੇ ਚੰਗਾ ਲਿਆਉਂਦਾ ਹੈ। ਇਸ ਦੀ ਬੁਰਾਈ ਸਥਾਈ ਹੈ। ਵਿਸ਼ਵ ਸ਼ਕਤੀਆਂ ਅਤੇ ਨੇਤਾ ਗਾਜ਼ਾ ਪੱਟੀ ਦੇ ਸੰਘਰਸ਼ ਲਈ ਗੱਲਬਾਤ ਤੱਕ ਕਿਵੇਂ ਪਹੁੰਚਦੇ ਹਨ ਇਸ ਵਿੱਚ ਇੱਕ ਪੈਰਾਡਾਈਮ ਤਬਦੀਲੀ ਦੀ ਜ਼ਰੂਰਤ ਹੈ। ਵਿਸ਼ਵ ਨੇਤਾਵਾਂ ਨੂੰ ਸਾਰੇ ਲੋਕਾਂ ਦੀ ਭਲਾਈ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ, ਉਨ੍ਹਾਂ ਦੇ ਮੂਲ ਦੀ ਪਰਵਾਹ ਕੀਤੇ ਬਿਨਾਂ, ਅਤੇ ਰਾਸ਼ਟਰੀ ਸੀਮਾਵਾਂ ਤੋਂ ਪਰੇ ਸੋਚਣਾ ਚਾਹੀਦਾ ਹੈ। ਰਾਸ਼ਟਰਵਾਦ ਬਾਰੇ ਗਾਂਧੀ ਦਾ ਨਜ਼ਰੀਆ ਦਰਸਾਉਂਦਾ ਹੈ ਕਿ ਕਿਵੇਂ ਰਾਸ਼ਟਰੀ ਪਛਾਣ ਅਤੇ ਵਿਸ਼ਵ ਸਹਿਯੋਗ ਆਪਸ ਵਿੱਚ ਜੁੜੇ ਹੋਏ ਹਨ।

ਗਾਜ਼ਾ ਵਿੱਚ ਚੱਲ ਰਹੀ ਜੰਗ ਦੇ ਦੌਰਾਨ, ਇਸਦੇ ਵਿਘਨ ਅਤੇ ਮਾਸੂਮ ਜਾਨਾਂ ਦੇ ਨੁਕਸਾਨ ਦੇ ਨਾਲ, ਵਿਸ਼ਵ ਸ਼ਕਤੀਆਂ ਲਈ ਸਥਿਤੀ ਨੂੰ ਨਾਜ਼ੁਕ ਢੰਗ ਨਾਲ ਸੰਭਾਲਣਾ ਮਹੱਤਵਪੂਰਨ ਹੈ। ਸਵੈ-ਨਿਰਣੇ ਅਤੇ ਰਾਸ਼ਟਰੀ ਪਛਾਣ ਲਈ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦੀਆਂ ਜਾਇਜ਼ ਇੱਛਾਵਾਂ ਨੂੰ ਪਛਾਣਦੇ ਹੋਏ, ਤੰਗ ਹਿੱਤਾਂ ਅਤੇ ਵਿਸ਼ੇਸ਼ਤਾ ਤੋਂ ਪਰੇ ਹੱਟ ਕੇ ਅਮਨ ਅਮਾਨ, ਸ਼ਾਤੀ ਅਤੇ ਇੰਨਸਾਨੀਅਤ ਨੂੰ ਮਹੱਤਤਾ ਦੇਣਾ ਜਰੂਰੀ ਹੈ। ਗਲੋਬਲ ਸਹਿਯੋਗ ਨੂੰ ਮਾਰਗਦਰਸ਼ਕ ਸਿਧਾਂਤ ਵਜੋਂ, ਰਾਜਨੀਤਿਕ ਮੁਦਰਾ ਨਾਲੋਂ ਸ਼ਾਂਤੀ ਨੂੰ ਤਰਜ਼ੀਹ ਦਿੱਤੀ ਜਾਣੀ ਚਾਹੀਦੀ ਹੈ। ਇਜ਼ਰਾਈਲ-ਫਲਸਤੀਨ ਸੰਕਟ - ਜੰਗ ਨੂੰ ਰੋਕਣ ਲਈ ਵਿਸ਼ਵ ਸ਼ਕਤੀਆਂ ਤੋਂ ਤੁਰੰਤ ਕਾਰਵਾਈ ਦੀ ਲੋੜ ਹੈ। ਇਤਿਹਾਸਕ ਗੱਠਜੋੜ ਅਤੇ ਭੂ-ਰਾਜਨੀਤੀ ਕੌਮਾਂ ਨੂੰ ਪ੍ਰਭਾਵਿਤ ਕਰਦੇ ਹਨ, ਪਰ ਅਸੀਂ ਕੁਝ ਨਾ ਕਰਨ ਦੇ ਮਾਨਵਤਾਵਾਦੀ ਨਤੀਜਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਅੰਤਰਰਾਸ਼ਟਰੀ ਭਾਈਚਾਰੇ ਲਈ ਸ਼ਾਂਤੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਪ੍ਰਭਾਵਸ਼ਾਲੀ ਅੰਤਰਰਾਸ਼ਟਰੀ ਸ਼ਮੂਲੀਅਤ ਲਈ ਕੂਟਨੀਤੀ ਨਿਆਂ ਅਤੇ ਦਇਆ @ਤੇ ਅਧਾਰਤ ਹੋਣੀ ਚਾਹੀਦੀ ਹੈ। ਰਾਸ਼ਟਰਾਂ ਨੂੰ ਇਸ ਹਿੰਸਾ ਨੂੰ ਨਿਰਪੱਖਤਾ ਨਾਲ ਹੱਲ ਕਰਨ ਅਤੇ ਵਿਚੋਲਗੀ ਕਰਨ ਲਈ ਵਿਭਿੰਨਤਾ, ਮਨੁੱਖੀ ਅਧਿਕਾਰਾਂ ਅਤੇ ਗਲੋਬਲ ਸਹਿਯੋਗ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਡੂੰਘੀਆਂ ਜੜ੍ਹਾਂ ਵਾਲੇ ਝਗੜਿਆਂ ਨੂੰ ਗੱਲਬਾਤ ਵਿੱਚ ਸ਼ਾਮਲ ਕਰਕੇ, ਸਮਝੌਤਾ ਕਰਕੇ ਅਤੇ ਸੱਚੇ ਦਿਲੋਂ ਸ਼ਾਂਤੀ ਦੀ ਇੱਛਾ ਰੱਖ ਕੇ ਹੱਲ ਕੀਤਾ ਜਾ ਸਕਦਾ ਹੈ। ਇਹ ਸਭ ਦੀ ਇੰਨਸਾਨੀਅਤ ਦੇ ਨਾਤੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਦੀਵਾਲੀ ਦਾ ਸਮਾਂ ਸਾਲ ਦੇ ਸਭ ਤੋਂ ਵੱਧ ਤਿਉਹਾਰਾਂ ਅਤੇ ਸੁੰਦਰ ਸਮੇਂ ਵਿੱਚੋਂ ਇੱਕ ਹੈ। ਦੀਵਾਲੀ ਦਾ ਸ਼ਾਬਦਿਕ ਅਰਥ ਹੈ ਰੌਸ਼ਨੀਆਂ ਜੋ ਸਭ ਦੇ ਦਿਲਾਂ ਵਿਚ ਪਿਆਰ - ਅਮਨ - ਅਮਾਨ , ਸ਼ਾਤੀ, ਇਕ ਦੂਜੇ ਨਾਲ ਮਿਲ ਬੈਠ ਕੇ ਪਿਆਰ - ਮੁਹੱਬਤ ਵੰਡਣ ਦਾ ਸਮਾਂ ਹੈ, ਇਹ ਦੁਨੀਆਂ ਭਰ ਵਿੱਚ ਕਿਸੇ ਨਾ ਕਿਸੇ ਤਰਹਾਂ ਦੇ ਚਲਦੇ ਯੁਧ ਹਨੇਰੇ ਦੌਰ ਦੀ ਸਭ ਤੋਂ ਕਾਲੀ ਰਾਤ ਵਾਂਗ ਹਨ ਫਿਰ ਵੀ ਇਹ ਰੋਸ਼ਨੀ ਦਾ ਜਸ਼ਨ ਹੈ ! ਦੀਵਾਲੀ ਨੂੰ ਬੁਰਾਈ @ਤੇ ਚੰਗਿਆਈ ਦੀ ਜਿੱਤ ਵਜੋਂ ਜਾਣਿਆ ਜਾਂਦਾ ਹੈ। ਆਉ ਇਸ ਦੀਵਾਲੀ ਤੇ ਇੰਨਸਾਨੀਅਤ ਦੇ ਨਾਤੇ ਪੂਰੇ ਸੰਸਾਰ ਲਈ ਅਮਨ - ਅਮਾਨ , ਸ਼ਾਤੀ ਲਈ ਅਰਦਾਸ ਕਰੀਏ।






# ਕੈਨੇਡਾ ਵਿੱਚ ਸੁਪਨਿਆਂ ਦੀ ਧਰਤੀ ਬੈਂਫ

ਕੈਨੇਡਾ ਦੇ ਨੈਸ਼ਨਲ ਪਾਰਕ ਬੈਂਫ ਜਾ ਕੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕਾਦਰ ਦੀ ਕੁਦਰਤ ਨੇ ਇਸ ਧਰਤੀ ਦੇ ਨਸੀਬ ਲਿਖਣ ਲਈ ਵਿਲੱਖਣ ਹੀ ਤਰਕੀਬ ਘੜੀ ਹੋਵੇਗੀ। ਇੱਕ ਪਾਸੇ ਆਸਮਾਨ ਛੂੰਹਦੇ ਪਹਾੜ, ਦੂਜੇ ਪਾਸੇ ਸੰਘਣੇ ਜੰਗਲ, ਵਲ-ਵਲੇਵੇਂ ਖਾਂਦੀ ਤੇਜ਼ ਰਫ਼ਤਾਰ ਚੱਲ ਰਹੀ ਨਦੀ ਤੇ ਹੋਰ ਝੀਲਾਂ। ਕੁਦਰਤ ਦੇ ਮਨੋਹਰ ਨਜ਼ਾਰੇ ਇਸ ਪਾਰਕ ਦੇ ਕਣ ਕਣ ਵਿੱਚ ਮੌਜੂਦ ਹਨ।

ਬੈਂਫ ਪਾਰਕ ਅਲਬਰਟਾ ਸਟੇਟ ਵਿੱਚ ਸਥਿਤ ਹੈ ਅਤੇ ਕੈਲਗਰੀ ਤੋਂ 250 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕੈਲਗਰੀ ਤੋਂ 50 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਉਪਰੰਤ ਬੈਂਫ ਵੱਲ ਵਧਦਿਆਂ ਭੂ-ਦ੍ਰਿਸ਼ ਬਦਲਣੇ ਸ਼ੁਰੂ ਹੋ ਜਾਂਦੇ ਹਨ। ਜਿਉਂ ਜਿਉਂ ਅੱਗੇ ਵਧਦੇ ਹਾਂ ਮਨ ਕੁਦਰਤ ਦੀ ਵੰਨ-ਸੁਵੰਨਤਾ ਨੂੰ ਦੇਖ ਕੇ ਮੋਹਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

ਬੈਂਫ ਨੈਸ਼ਨਲ ਪਾਰਕ ਦੁਨੀਆਂ ਦੀਆਂ ਸਭ ਤੋਂ ਖ਼ੂਬਸੂਰਤ ਥਾਵਾਂ ਵਿੱਚੋਂ ਇੱਕ ਹੈ। ਅਸੀਂ ਪੰਜ ਘੰਟੇ ਦਾ ਸਫ਼ਰ ਕਰਕੇ ਕੈਲਗਰੀ ਤੋਂ ਅੱਗੇ ਬੈਂਫ ਵੱਲ ਵਧ ਰਹੇ ਸਾਂ ਤਾਂ ਇਸ ਦੀ ਖ਼ੂਬਸੂਰਤੀ ਬਾਰੇ ਸੁਣੀਆਂ ਸਾਰੀਆਂ ਗੱਲਾਂ ਸੱਚ ਪ੍ਰਤੀਤ ਹੋਣ ਲੱਗੀਆਂ। ਦੂਰ ਦਿਸਦੇ ਪਹਾੜ ਨਜ਼ਦੀਕ ਆ ਰਹੇ ਸਨ। ਸੁਣਿਆ ਸੀ ਕਿ ਪੈਰਿਸ ਵਿੱਚ ਸੜਕਾਂ ਰਬੜ ਦੀਆਂ ਹਨ ਭਾਵ ਬਹੁਤ ਹੀ ਨਰਮ ਹਨ। ਜੇ ਬੈਂਫ ਜਾ ਰਹੀ ਇਹ ਛੇ ਲੇਨ ਸੜਕ ਰਬੜ ਦੀ ਨਹੀਂ ਸੀ ਤਾਂ ਰਬੜ ਵਰਗੀ ਜ਼ਰੂਰ ਸੀ। ਇਸ ਉੱਤੇ ਗੱਡੀ ਦੌੜਨ ਦਾ ਪਤਾ ਨਹੀਂ ਸੀ ਲੱਗ ਰਿਹਾ ਜਦੋਂਕਿ ਗੱਡੀ ਸੌ ਕਿਲੋਮੀਟਰ ਦੀ ਰਫ਼ਤਾਰ 'ਤੇ ਜਾ ਰਹੀ ਸੀ। ਵੱਡੀ ਗਿਣਤੀ ਵਿੱਚ ਲੋਕ ਉਸੇ ਪਾਸੇ ਕਾਰਾਂ ਭਜਾਈ ਜਾ ਰਹੇ ਸਨ। ਉੱਥੇ ਸੈਲਾਨੀਆਂ ਦੀ ਬਹੁਤ ਭੀੜ ਹੁੰਦੀ ਹੈ।

**ਸਤਿਬੀਰ ਸਿੰਘ**

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023


# Abhishek Srivastava US Navy was honored with The President's Volunteer service Award for his contribution to community and country

## Gurudwara Guru Nanak Darbar Hicksville Long Island NY organized the event to honor Mr. Abhishek Srivastava with Gold medal and President award certificate.

New York- ( Preetnama) - The President's Volunteer Service Award is a prestigious national honor that highlights recipients commitment to serving the community and the nation. Abhishek Srivastava US Navy was honored yesterday with this prestigious award recommended from community leaders of NY. We are proud of Abhishek Srivastava who represents our community in US Armed forces. On the occasion community also honored him with Kirpan by Guru Nanak Darbar Gurudawara Hicksville Long Island NY ' s Committee and Community leaders. There were other officers from US Navy - weber Grady, Kendra Fernandez, James Jones and Mr Chambers who were recognized as honor guest for their presence on the occasion.









# Deepfake: Troll armies' new tool



Since India does not have a very robust infrastructure to 'fact-check,' the deepfake could be a real menace affecting politics to individual privacy

Anew word i.e., 'deepfake', entered the lexicon in 2018 when a fake video attributed to President Barack Obama surfaced. It was frighteningly real and unlike the usual morphing that one was accustomed to and yet had many still falling prey to, despite barbs like 'WhatsApp University'. What the deepfake suddenly promised was indiscernible and seamless clarity and 'reality' (only it wasn't), a dangerous addition to the make-believe world of tech-enabled tools that could sway opinions.

The synthetic medium had metastasized using a combination of Artificial Intelligence (AI) and Machine Learning (ML) to create the most compelling outputs, far away from the truth. In a world already reeling under misinformation, falsehoods, and 'manufactured truths', deepfakes carried unprecedented risks. That deepfakes could be created with readily available technological wherewithal, added to the threat dimension. Already the brazen misuse of unverified and false content towards political/partisan manipulation in India, with its diverse faultlines, imagined wounds, and subliminal emotions, makes it ripe and vulnerable to more such (dis)information and sophistry.

Last week, deepfake debuted on the Indian scene with disturbing portents, when a fake video of an actor using the technology is believed to have gone viral. She rightfully lamented, "Something like this is honestly extremely scary, not only for me but also for each one of us who is vulnerable to much harm because of how technology is being misused". Such 'identity theft' is something that could happen to anyone which could potentially destroy their reputations and even put them to grave physical harm at the hands of someone who could react to a deepfake output, believing it to be true. When conflated with the phenomenon of 'vigilante justice' or even lynching, misuse possibilities are scary.

Celebrities from the Indian film world have been the first to react to this deepfake output knowing that they are the automatic targets for salacious deepfakes and it is only a matter of time before one of them falls in the malicious dragnet. Already the (un)social media is full of lewd, crude, and licentious aspersions onto these stars that go unchecked, that for them to imagine the field with optically-audibly 'real' deepfakes, is simply unimaginable in its temerity.

India does not have a very robust infrastructure or even a culture of basic 'fact-check' industry and some of the most responsible people in positions of power have been guilty of making falsehoods and got away with the same. Therefore, the risk spiral manifold as the technology evolves from 'cheap fakes' to 'deep fakes'. In the deeply distrustful times that be, incidents of deepfakes going beyond reputational smearing to even the security-societal realm have already happened, and their consequences can only be imagined. Deepfakes showing Ukrainian President Volodymyr Zelensky asking his countrypeople to surrender to Russia or deepfakes of Russian President Vladimir Putin claiming that he was initiating martial law as Ukrainians were invading Russia have all done the rounds with pernicious effect.

With our own National Elections due in 2024 and the reliance on 'social media' to build various competing partisan 'narratives' – the chances of deepfake outputs proliferating, cannot be ruled out. Those with the larger control levers on media, governance or even control mechanisms would stand to benefit as they could potentially pander to selectivity in calling out (or ignoring) deepfakes, whenever it suited or militated against their narratives and interests. Our inherent diversity of populace also makes us immensely susceptible to alternate belief systems, aspirations, and intents, that could get invoked and incensed with the usage of deepfakes.

Regrettably, the technology to create deepfakes is not exactly new, and the technology to detect and prohibit the same hasn't been very effective, anywhere in the world. Given the uniquely Indian phenomenon of reimagining history and thus politics, the deepfakes could get many historical figures to say and do things, that they never said or did – yet history and historical figures could suffer due to deepfake output that could credibly suggest that did do/say so. Already deepfakes like Adolf Hitler saying unsaid things exist, to posit frightening possibilities. With negligible defence against misuse, save for questioning the social media platforms – the impact of the Information Technology Act, states, "Whoever, using any communication device or computer resource cheats by personating, shall be punished with imprisonment of either description for a term which may extend to three years and shall also be liable to fine which may extend to one lakh rupees" is yet to be seen. There is general caution as of now e.g., Meta's manipulated media policy warns, "videos that have been edited or synthesized…in ways that are not apparent to an average person and would likely mislead an average person to believe they are authentic", but it isn't deterrent enough.

It's only when everyone realises that they could easily get a deepfake video with the exact visuals and voice of themselves or their loved ones, would the scale of risks, hits home. Deepfakes could make phishing attacks, impersonations or online siphoning that one is barely protected against, seem pedestrian. The situation on rogue technology harks back to the dialogue in Jurrasic Park where Jeff Goldblum ponders as to how scientists were so engrossed in the query of 'if they could or couldn't', but forgetting to question if they should! Deepfake faces the same conundrum.

# Identity in Indian political landscape

Several columns have appeared in the national press, which have cautioned New Delhi that after the current honeymoon of prosperity passes in Kashmir, some good old troubled days of pseudo-terrorism are likely to return. As of now, the valley is part of a Union Territory, not a state. There is no assembly and consequently, not much of politics. No doubt, the prolific tourism seen in the last two years, plus the developments such as the coming malls, cinemas and expansion of railways have all helped distract the attention of the 'moderate' separatists. All these factors have led to the current peaceful atmosphere, which some column writers have chosen to call a "current truce".

If this is true, a substantive reason for this would be a big gap in communication between the Indian state and its Muslim populace. Islam accords little importance to nationalism, unlike Christianity, under whose jumbo umbrella nationalism grew. So much so that it replaced Christianity itself as a political ideology. It was nationalism that eventually defeated and uprooted communism in early 1990. The appeal of the Communist Manifesto slogan, "Workers of the world unite" was over. Leon Trotsky's thesis was a permanent revolution, which meant that there was no need to attend to any nation until the last member of the world's proletariat was unchained. The communist ideologues believed that the nation was an enemy of the working class. Similarly, for its reasons, Islam has never been interested in the nation, and is, therefore, either indifferent or hostile to 'vatanparasti' (loyalty to the nation). The Prophet's religion has consistently promoted 'majahabparasti' (loyalty to religion) as a total prescription for an ideal life. In the bargain, several Muslim leaders have preferred the expression 'Muslim Indian' to 'Indian Muslim', implying "religion before nation", not "nation before religion".

The late Muslim leader Syed Shahbuddin would argue, till the cows came home, that he was right in saying "Muslim Indian". Chaim Weizmann, leader of the World Jewish Conference and later the first President of Israel in 1948, emphasised a similar concept when he said: "There are no American Jews, British Jews, Russian Jews, German Jews or French Jews. There are Jews in America, Jews in Britain, Jews in France, Jews in Germany and Jews in Russia".

The Jews have consistently been supra-national, which is one of the reasons many Christians in Europe have suspected them of being anti-national, whenever Jewish interests have clashed with national ones. The classic example was Adolf Hitler's repeated assertion that it was the Jews who helped defeat Germany in World War I. How and why did Germany surrender to the Western allies while German troops were still standing on French soil?

In India, the Khilafat Committee, incidentally, presided over by Mahatma Gandhi, declared that if Afghanistan were to invade India, Muslim soldiers would not fight to defend India. This prohibition covered all potential Muslim invaders. This obscurantist injunction was later affirmed by the Muslim League. This principle was later applied and quoted by the then-Pakistan cricket captain Wasim Akram in the nineties. When his team lost to Bangladesh in the 1996 Cricket World Cup, Akram said to a journalist that he had no problem "losing to a brother Muslim team". In all probability, the Islamic proclivity to supra-nationalism has not even occurred to most Muslims. They haven't been told, nor explained the reasons for it. Indian political leaders must clarify this publicly, so that they realise why, sometimes for reason, they are suspect when it comes to their national loyalty. The moment a Muslim is seen applauding a stylish shot played by a Pak batsman, Hindus often take this to be a symptom of pro-Pakistani sympathy. The British do not react in this manner when they see a Briton of Indian origin applauding a boundary hit by an Indian batsman in an India-England match. This psycho-syndrome is relevant in the context of Kashmir for both Muslims and Hindus. For Hindus, so that they are not perpetually suspicious; for the Muslims in the Valley to realise that their conduct can be prejudicial to their co-religionists in the rest of India. The fact that the Muslims of India with their families have been resident here, out of their own choice is not insignificant. Whatever political parties say or claim has only passing significance. The fact is that India is a majority Hindu-state.

# Listening is an art one must learn and master

Patience is key to effective listening. It demonstrates respect and willingness to hear the other person's viewpoint

Listening is an art that deserves mastery by everyone. Unfortunately, most of us often engage in conversation without patiently waiting for the other person to finish speaking. We tend to react prematurely, which disrupts the flow of communication. To truly listen, one must patiently hear the Speaker out, allowing them to express themselves fully before responding. This fundamental aspect of communication can make all the difference in our interactions.

Effective listening is the cornerstone of productive communication. It serves as the foundation for building strong and trusting relationships in various aspects of life, including married life, at the workplace, amongst friends and within families and relatives. When someone truly listens to another person until the end, he or she not only understands their perspective but also gains valuable time to consider one's response. This, in turn, makes the conversation more meaningful and productive.

Listening doesn't just benefit the Speaker; it also enhances understanding of the situation at hand for the listener. Moreover, it adds value to the relationship, boosts trust, and strengthens the bond between the parties involved. This principle holds for all types of relationships, and it can help overcome challenges and take interpersonal connections to greater heights. Effective listening creates a comfortable environment where both parties can express themselves without fear or apprehensions leading to better mutual understanding and further strengthening the relationship.

However, successful listening requires careful attention to certain factors. To be an effective listener, one must avoid distractions and prevent preconceived notions, biases, or emotional reactions to avoid clouding rational judgment. Any of these can hinder effective communication and compromise the ability to listen actively and empathetically.

To maintain an open mind and improve listening skills, one needs to approach situations with a clear state of mind, free from preconceived ideas or emotional biases. It is essential to engage in patient and unbiased listening. With practice, this approach becomes a natural reaction sort of habit and makes one a good listener.

To master the art of listening, consider the following types of listening:

Active Listening: Actively pay attention to the speaker, concentrate on every word being spoken, understand their perspective, and respond thoughtfully. Maintain eye contact, nod, or express understanding without interrupting the speaker. Your body language such as posture and facial expressions convey your attentiveness.

Empathetic Listening: Understand not just the words but also the feelings and emotions of the speaker. Respond with empathy by saying, "I can understand why you feel that way". Critical Listening: This involves understanding what is said, evaluating, judging, and forming an opinion regarding the information. Ask relevant questions to gain a deeper insight and understanding of the message. Don't hesitate to ask questions or any clarifications, this shows that you are engaged and you also have a clear understanding of the message.

Appreciative Listening: This listening behaviour is focused on seeking specific information that aligns with one's goals and interests. It aims to derive pleasure and inspiration from what is being said, similar to enjoying the performance of a favourite singer. Practice being present in the moment and avoid drifting thoughts when listening. Here deep breathing can enhance the ability to stay focused.

Patience is a key component of effective listening. Instead of offering advice focus on listening and understanding their feelings and perspectives. Sometimes people simply need someone to listen and validate their feelings.

# Strategic attacks on our national interests

The ongoing saga of TMC MP Mahua Moitra has once again opened a can of worms that we thought we had already shut about a couple of decades ago. The murky world of cash for questions! One of the perceived weaknesses of open parliamentary democracies is that state and non-state actors take perverse advantage of the freedoms offered and attempt to manipulate them for selfish gains. While in this case, the Hiranandani group seems to be the centre of the controversy, it will be nearly impossible to eradicate the chicanery in general.

Many NGOs including foreign-funded ones, that too under the MHA watchlist, meet with government officials of various state and central governments and discuss issues. In some cases, grassroots politicians or their aides, who don't have a great grasp of policy issues, seek out external help to ask questions. Those perhaps would have happened a few times.

But what we read about the TMC MP's case is that she has allegedly run a persistent campaign against the Adani group with such a modus operandi. But what has been heartening is that the custodians of our freedoms- democratic institutions and leadership - have come to our rescue from the destructive propaganda.

While the allegations against Ms Moitra are being investigated, it will also be pertinent to look at the lobbying ecosystem in India. It came into the limelight during the recent passage of the Data Protection Act, where half of Delhi's lawyers and sundry lobbyists were badgering the government continuously to open Indian data up. We should be cautious about going the US way, where K-street lawyers have been notoriously influential in all things policy.

Coming back to the Moitra-Hiranandani story, what has been especially wicked is that a corporate rivalry has been used to attack Indian institutions, especially the Prime Minister of India and besmirch his name. This happens when unimaginative politics takes over. When the opposition has little creativity in proposing strong alternate policies, they resort to chicanery and ad hominem attacks. The repeated disruption in parliament is also part of the tactic.



The BJP has been running a campaign on foreign interference with India's affairs for a while now. It was the "toolkit gang" before and now it is the "Soros gang". And with the 2024 elections approaching, the stakes are high for these forces, as a third-time victory will be a body blow. Forces of darkness will be readying up their army for a large-scale information war. The attack on the Adani group from Hindenburg is part of the stratagem. What is indefensible is that, as one of the senior-most bureaucrats pointed out, Hindenburg is both the producer of the dubious hit job of a report and also the benefactor of short positions against the Adani group shares. The short seller has no presence or domicile in India. Therefore, there would hardly be any legal repercussions against the short seller in this saga. This was followed by concerted attacks by activist foreign publications that never had anything good to say about India.

The Supreme Court in its report did not point to any major wrongdoing by the Adanis. The shares of Adani Enterprises share though have not recovered the highs of pre-Hindenburg, but have posted a smart upswing of 22% over the last six months. The Adanis to their credit have not acted in haste and have followed due process. Also, Mr. Gautam Adani is still the 23rd richest in the world! The Adani group has interests in ports, airports, power, mining, FMCG, cement, oil & gas and food processing. Some of these are extremely strategic for India's growth and the talent to execute large and complex projects is uncommon. Take ports for example. From Mundra to Vizhinjam to Haifa, it provides Indian control of the global supply chain. This harks back to our old sea-faring civilization that traded like total bosses!

When India is projected to become the third largest economy in the world by the end of the decade, this expertise will be key to national security and trade security. Maybe that is why the attacks on the Adani group have been vicious and persistent. Along with the strength and recognition that comes with being a rising power, India will have to brace up to face great enemies too. Some will attack directly, some stealthily, some with our internal malcontents. That has always been the way of the world. And we as a country have "been there, done that". We are wiser through our lessons from history and should phlegmatically surmount the odds.

We should be cognizant that such foreign propaganda is aimed at undermining trust in our democratic institutions. By spreading false or misleading information, these foreign actors sow doubt in the minds of businesses. Such attacks also tend to slow down political decision-making. But confident and resurgent India's perception of "capital" is unlike the socialist "rich villain" era. New India's aspiration and nationalism are also among the reasons why the allegations on the Adani Group did not stick with the public. We should trust our institutions to safeguard us from such attacks. We should also constantly endeavour to strengthen our systems to face up to the new era of increased foreign interference. We should continue to take the side of the flourishing of Indian business that is quintessential to our economic heft and geo-political clout. As recent events have proved that we are resilient enough to make the obstacle, the path.

## ਕਿੰਞ ਬਣਾਈਏ ? ਛਛੂੰਦਰ ਅਤੇ ਕੀੜਾ ?



## ਰਸਤਾ ਲੱਭੋ

ਬੱਚਿਓ! ਇਸ ਚਿੱਤਰ ਪਹੇਲੀ 'ਚ ਸਕੂਲ ਨੂੰ ਜਾਣ ਦਾ ਰਸਤਾ ਲੱਭੋ ...







# ਬੱਚੀ ਬਣੀ ਦਾਦੀ, ਪੜਦਾਦੀ ਦਾ ਸਹਾਰਾ



ਮਾਤਾ ਪਿਤਾ ਦੀ ਸੇਵਾ ਲਈ ਬੇਟੀਆਂ ਕੋਈ ਵੀ ਦੁੱਖ ਤਕਲੀਫ ਉਠਾਉਣ ਲਈ ਤਿਆਰ ਰਹਿੰਦੀਆਂ ਹਨ। 5 ਸਾਲਾ ਨੰਨ੍ਹੀ ਐਨਾ ਆਪਣੀ ਦਾਦੀ ਤੇ ਪੜਦਾਦੀ ਲਈ ਜੋ ਕੁਝ ਕਰ ਰਹੀ ਹੈ। ਉਸ ਨੂੰ ਜਾਣ ਕੇ ਹਰ ਕੋਈ ਹੈਰਾਨ ਰਹਿ ਜਾਂਦਾ ਹੈ। ਚੀਨ ਦੇ ਦੱਖਣੀ ਪੱਛਮੀ ਦੂਰ ਦੁਰਾਡੇ ਪਹਾੜੀ ਇਲਾਕੇ ਵਿਚ ਸਥਿਤ ਜੁਨਈ ਸ਼ਹਿਰ ਦੀ ਇਹ ਬੱਚੀ ਲੰਬੇ ਸਮੇਂ ਤੋਂ ਬਿਮਾਰ ਚਲ ਰਹੀ ਆਪਣੀ ਦਾਦੀ ਅਤੇ 92 ਸਾਲਾ ਪੜਦਾਦੀ ਨਾਲ ਰਹਿ ਰਹੀ ਹੈ। ਹੁਣੇ ਜਿਹੇ ਐਨਾ ਅਤੇ ਉਸ ਦੀ ਦਾਦੀ ਅਤੇ ਪੜਦਾਦੀ ਦੀ ਦਿਲ ਨੂੰ ਛੂਹਣ ਵਾਲੀ ਕਹਾਣੀ ਸਾਹਮਣੇ ਆਈ ਹੈ। ਐਨਾ ਜਦੋਂ 3 ਮਹੀਨਿਆਂ ਦੀ ਸੀ ਤਾਂ ਉਸ ਦੇ ਪਿਤਾ ਨੂੰ ਜੇਲ ਹੋ ਗਈ ਅਤੇ ਪਿਛਾ ਉਹ ਆਪਣੀ ਮਾਂ ਦਾਦੀ ਤੇ ਪੜਦਾਦੀ ਨਾਲ ਰਹਿ ਗਈ। ਫਿਰ ਉਸ ਦੀ ਮਾਂ ਨੇ ਵੀ ਦੂਜਾ ਵਿਆਹ ਕਰਕੇ ਉਸ ਨੂੰ ਛੱਡ ਦਿੱਤਾ। ਹੁਣ ਪਰਿਵਾਰ ਵਿਚ ਐਨਾ ਅਤੇ ਉਸ ਦੀ ਬੁੱਢੀ ਦਾਦੀ ਅਤੇ ਪੜਦਾਦੀ ਹੀ ਰਹਿ ਗਈਆਂ। ਐਨਾ ਇੰਨੀ ਸਮਝਦਾਰ ਨਿਕਲੀ ਕਿ ਛੋਟੀ ਉਮਰ ਵਿਚ ਉਸ ਨੇ ਆਪਣੇ ਪਰਿਵਾਰ ਅਤੇ ਦਾਦੀ ਅਤੇ ਪੜਦਾਦੀ ਦੀ ਦੇਖਭਾਲ ਦਾ ਸਾਰਾ ਜਿੰਮਾ ਆਪਣੇ ਨੰਨੇ ਮੋਢਿਆਂ 'ਤੇ ਚੁੱਕ ਲਿਆ। ਖਾਣਾ ਪਕਾਉਣ, ਸਾਫ ਸਫਾਈ ਅਤੇ ਬੁੱਢੀਆਂ ਦਾਦੀ ਅਤੇ ਪੜਦਾਦੀ ਦੀ ਦੇਖਭਾਲ ਉਹ ਉਸ ਦਾ ਕਰਮ ਬਣ ਗਿਆ। ਜ਼ਾਹਿਰ ਹੈ ਕਿ ਇੰਨੀ ਛੋਟੀ ਬੱਚੀ ਲਈ ਇਹ ਕੋਈ ਆਸਾਨ ਕੰਮ ਨਹੀਂ ਹੈ। ਉਹ ਸਵੇਰੇ ਉਠ ਕੇ ਦਾਦੀ ਅਤੇ ਪੜਦਾਦੀ ਲਈ ਖਾਣਾ ਪਕਾਉਂਦੀ ਹੈ। ਸਟੂਲ 'ਤੇ ਖੜੀ ਹੋ ਕੇ ਸਟੋਫ ਤੱਕ ਪਹੁੰਚ ਸਕਦੀ ਹੈ ਐ ਸਬਜ਼ੀਆਂ ਬਣਾਉਣੀ ਹੈ। ਐਨਾ ਦੀ ਦਾਦੀ ਨੂੰ ਜੋੜਾ ਦਾ ਗੰਭੀਰ ਦਰਦ ਰਹਿੰਦਾ ਹੈ। ਜਿਸ ਨਾਲ ਹਰਰ ਹਰਕਤ ਤੇ ਉਸ ਦੇ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ। ਉਸ ਦੀ ਪੜਦਾਦੀ ਵੀ ਬਿਸਤਰੇ 'ਤੇ ਹੀ ਰਹਿੰਦੀ ਹੈ। ਐਨਾ ਉਨ੍ਹਾਂ ਨੂੰ ਬਾਥਰੂਮ ਤੱਕ ਸਹਾਰਾ ਦੇ ਕੇ ਲਿਜਾਦੀ ਹੈ। ਇਹ ਸਭ ਦੇਖ ਕੇ ਉਸ ਦੇ ਗੁਆਂਢੀ ਵੀ ਬਹੁਤ ਪ੍ਰਭਾਵਿਤ ਹਨ। ਐਨਾ ਨੂੰ ਜਦੋਂ ਵੀ ਭੋਜਨ ਦੀ ਲੋੜ ਹੋਵੇ, ਉਹ ਉਸ ਨੂੰ ਆਪਣੇ ਨਾਲ ਖੇਤਾਂ ਤੱਕ ਲਿਜਾਂਦੇ ਹਨ। ਜਿਥੋਂ ਉਹ ਸਬਜ਼ੀਆਂ ਤੋੜ ਲਿਆਉਂਦੀ ਹੈ। ਏਨਾ ਦਾ ਕਹਿਣਾ ਹੈ ਕਿ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਹੈ। ਉਸ ਆਪਦੀ ਦਾਦੀ ਅਤੇ ਪੜਦਾਦੀ ਦੀ ਦੇਖਭਾਲ ਕਰਨਾ ਚਾਹੁੰਦੀ ਹੈ ਅਤੇ ਚਾਹੁੰਦੀ ਹੈ ਕਿ ਉਹ ਜਲਦੀ ਠੀਕ ਹੋ ਜਾਣ।





## ਅੰਤਰ ਲੱਭੋ

ਇਹ ਦੋਵੇਂ ਤਸਵੀਰਾਂ ਦੇਖਣ ਵਿਚ ਇਕੋ ਜਿਹੀਆਂ ਹਨ ਪਰ ਇਨ੍ਹਾਂ ਵਿਚ ਕੁਝ ਅੰਤਰ ਹਨ। ਧਿਆਨ ਨਾਲ ਦੇਖੋ ਅਤੇ ਇਨ੍ਹਾਂ ਵਿੱਚੋਂ ਅੰਤਰ ਲੱਭੋ।



## ਮਾਂ ਬੋਲੀ ਕਿਤੇ ਰੁੱਸ ਨਾ ਜਾਵੇ

ਮਾਂ ਬੋਲੀ ਦੇ ਪੁੱਤਰੋ ਧੀਓ
ਮਾਂ ਬੋਲੀ ਦਾ ਕਰੋ ਸਤਿਕਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ
ਵੇਖਕੇ ਤੁਹਾਡਾ ਬੁਰਾ ਵਿਹਾਰ
ਸਕੀ ਮਾਂ ਦੇ ਸਾਹਮਣੇ ਜਦੋਂ
ਮਤਰੇਈ ਦੇ ਗੁਣ ਗਾਵੋਗੇ
ਮਾਂ ਕਿਵੇਂ ਨਾ ਕਲਪੇ ਗੀ
ਸੀਨੇ ਅੱਗ ਜਦੋਂ ਲਾਵੋਗੇ
ਮਾਂ ਬੋਲੀ ਨੂੰ ਭੁੱਲ ਜੋ ਜਾਂਦੇ
ਧਰਤੀ ਮਾਂ 'ਤੇ ਹੁੰਦੇ ਭਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ।
ਤੁਹਾਡੇ ਅਮੀਰ ਵਿਰਸੇ ਦਾ
ਮਾਂ ਬੋਲੀ ਨੇ ਮਾਣ ਵਧਾਇਆ
ਸਾਡੇ ਸਭਿਆਚਾਰ ਨੂੰ ਮਾਂ ਨੇ
ਵੇਖੋ ਕਿਥੇ ਹੈ ਪਹੁੰਚਾਇਆ
ਮਿਸ਼ਰੀ ਵਰਗੇ ਬੋਲ ਇਹਦੇ
ਰੂਹ ਨੂੰ ਕਰਦੇ ਨੇ ਸਰਸ਼ਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ
ਗੁਰੂਆਂ ਪੀਰ ਫਕੀਰਾਂ ਨੇ
ਸਭ ਨੇ ਇਹ ਸਤਿਕਾਰੀ ਬੋਲੀ
ਸ਼ਬਦਾਂ ਅਤੇ ਸਲੋਕਾਂ ਵਿਚ
ਕਿੱਸਿਆਂ ਵਿਚ ਉਚਾਰੀ ਬੋਲੀ
ਦੇ ਸੰਦੇਸ਼ਾ ਮਾਂ ਬੋਲੀ ਵਿਚ
ਜਗ ਨੂੰ ਉਨ੍ਹਾਂ ਦਿੱਤਾ ਤਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ
ਮਤਰੇਈ ਮਾਂ ਆਪਣੀ ਥਾਂ ਹੈ
ਉਹਨੂੰ ਵੀ ਢੁੱਕਦੀ ਥਾਂ ਦਿਓ
ਮਾਸੀ ਨੂੰ ਤੁਸੀਂ ਮਾਸੀ ਕਹੋ
ਮਾਂ ਦਾ ਉਹਨੂੰ ਨਾਂ ਨਾ ਦਿਓ
ਮਤਰੇਈ ਮਾਂ ਨੂੰ ਸਕੀ ਸਮਝ
ਸਕੀ ਮਾਂ ਨਾ ਦਿਓ ਵਿਸਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ
ਮਾਂ ਬੋਲੀ ਦੀ ਸੇਵਾ ਨਾਲ
ਬਹੁਤਿਆਂ ਨੇ ਮਾਣ ਪਾਇਆ ਹੈ
'ਅਮਰੀਕ ਤਲਵੰਡੀ ਵਾਲੇ ਨੇ
ਆਪਣੇ ਹੱਥੀਂ ਅਜ਼ਮਾਇਆ ਹੈ
ਮਾਂ ਬੋਲੀ ਨੇ ਸਨਮਾਨਾਂ ਦੇ
ਘਰ ਵਿਚ ਲਾ ਦਿੱਤੇ ਅੰਬਾਰ
ਮਾਂ ਬੋਲੀ ਕਿਤੇ ਰੁੱਸ ਨਾ ਜਾਵੇ।
•

## ਅਨਮੋਲ ਵਿਚਾਰ

• ਬੇਈਮਾਨੀ ਨਾਲ ਪੈਸਾ ਇਕੱਠਾ ਜ਼ਰੂਰ ਹੋ ਜਾਂਦਾ ਹੈ ਪਰ ਇਸ ਨਾਲ ਅਮੀਰੀ ਦਾ ਅਹਿਸਾਸ ਨਹੀਂ ਹੁੰਦਾ।

• ਜੇ ਕਿਸੇ ਦੀ ਗ਼ਰੀਬੀ 'ਤੇ ਹੱਸਣਾ ਭੈੜਾ ਵਿਵਹਾਰ ਹੁੰਦਾ ਹੈ ਤਾਂ ਕਿਸੇ ਦੀ ਅਮੀਰੀ ਨੂੰ ਭੰਡਣਾ ਵੀ ਚੰਗਾ ਵਿਵਹਾਰ ਨਹੀਂ ਹੁੰਦਾ, ਕਿਉਂਕਿ ਹਰ ਕੋਈ ਕਿਸੇ ਲਈ ਅਮੀਰੀ ਤੇ ਕਿਸੇ ਲਈ ਗ਼ਰੀਬ ਹੁੰਦਾ ਹੈ।

• ਗ਼ਰੀਬੀ 'ਚ ਕੁਝ ਦਿਹਾੜੇ, ਬੜੇ ਅਮੀਰ ਅਨੁਭਵਾਂ ਵਾਲੇ ਹੁੰਦੇ ਹਨ।

• ਆਮਦਨ ਕਿੰਨੀ ਵੀ ਕਿਉਂ ਨਾ ਹੋਵੇ ਪਰ ਖ਼ੁਸ਼ਹਾਲੀ ਹਮੇਸ਼ਾ ਬੱਚਤ ਨਾਲ ਆਉਂਦੀ ਹੈ।

• ਸੰਜਮੀ ਵਿਅਕਤੀ ਲਈ ਖੁੱਲ੍ਹਾ ਖ਼ਰਚ ਕਰਨਾ ਸੌਖਾ ਹੁੰਦਾ ਹੈ ਪਰ ਖੁੱਲ੍ਹਾ ਖ਼ਰਚ ਕਰਨ ਵਾਲੇ ਲਈ ਸੰਜਮੀ ਬਣਨਾ ਸੌਖਾ ਨਹੀਂ ਹੁੰਦਾ।

• ਕੰਜੂਸ ਨੂੰ ਜਿਉਂਦੇ ਜੀ ਸਭ ਭੰਡਦੇ ਹਨ, ਪਰ ਮਰਨ ਉਪਰੰਤ ਸਾਰੇ ਉਸ ਦੀਆਂ ਆਦਤਾਂ ਨੂੰ ਸਾਦਗੀ ਤੇ ਸੰਜਮ ਦੱਸ ਕੇ ਉਸ ਦੇ ਗੁਣ ਗਾਉਂਦੇ ਹਨ।



## ਪੜ੍ਹਨਾ-ਲਿਖਣਾ

ਬਹੁਤ ਜ਼ਰੂਰੀ
ਪੜ੍ਹਨਾ-ਲਿਖਣਾ ਬਹੁਤ ਜ਼ਰੂਰੀ
ਨਾ ਸਮਝੋ ਇਹਨੂੰ ਮਜਬੂਰੀ
ਮਿਹਨਤ ਕਰ ਕੇ ਹੀ ਮਿਲਦੀ
ਦੁਨੀਆ ਦੇ ਵਿਚ ਮਸ਼ਹੂਰੀ
ਸਿੱਖਣਾ ਕਦੇ ਮੁੱਕਦਾ ਨਾਹੀਂ
ਏ ਤੇ ਚਲਦਾ ਜ਼ਿੰਦਗੀ ਪੂਰੀ
ਗਿਆਨ ਸਦਾ ਹੀ ਵੰਡੀਏ
ਨਾ ਕਦੇ ਬਣੀਏ ਮਗਰੂਰੀ
ਸਦਾ ਮੰਜ਼ਿਲ ਬਾਰੇ ਸੋਚੋ
ਏ ਨਾ ਸੋਚੋ ਕਿੰਨੀ ਦੂਰੀ
ਕੰਮ ਤੋਂ ਪਹਿਲਾਂ ਲੈ ਲਈਏ
ਮਾਂ-ਬਾਪ ਦੀ ਮਨਜ਼ੂਰੀ
'ਰਾਜੇ' ਉਨ੍ਹਾਂ ਪੱਲੇ ਕੀ ਪੈਣਾ
ਜਿਹੜੇ ਸੁਣਦੇ ਗੱਲ ਅਧੂਰੀ।

• ਰਾਜਾ ਬੜੈਚ
99144-88265

# ਸੱਪ ਸੀੜ੍ਹੀ ਦੀ ਖੇਡ ਦਾ ਇਤਿਹਾਸ



ਬੱਚਿਓ, ਤੁਸੀਂ ਸੱਪ ਸੀੜ੍ਹੀ ਦੀ ਖੇਡ ਜ਼ਰੂਰ ਦੇਖੀ ਹੋਵੇਗੀ। ਆਓ, ਇਸ ਬਾਰੇ ਵਿਸਥਾਰ ਨਾਲ ਜਾਣਦੇ ਹਾਂ। ਸੱਪ ਸੀੜ੍ਹੀ ਦਾ ਖੇਡ ਬੋਰਡ ਉੱਤੇ ਡਾਈਸ ਨਾਲ ਖੇਡਿਆ ਜਾਣ ਵਾਲਾ ਖੇਡ ਹੈ। ਇਸ ਨੂੰ ਦੋ ਜਾਂ ਇਸ ਤੋਂ ਵੱਧ ਖਿਡਾਰੀ ਖੇਡ ਸਕਦੇ ਹਨ। ਇਸ ਖੇਡ ਦੀ ਖੋਜ ਭਾਰਤ ਵਿੱਚ ਪੂਰਵ ਇਤਿਹਾਸ ਕਾਲ ਵਿੱਚ ਹੋਈ। ਪ੍ਰਾਚੀਨ ਭਾਰਤ ਵਿੱਚ ਇਸ ਨੂੰ ਮੋਕਸ਼ ਪਾਤਮ ਜਾਂ ਪਰਮ ਪਦਮ ਕਿਹਾ ਜਾਂਦਾ ਸੀ। ਇਹ 'ਗਿਆਨ ਚੌਪਰ' ਤੇ 'ਗਿਆਨ ਪਚੀਸੀ' ਵਰਗੀਆਂ ਖੇਡਾਂ ਦਾ ਹਿੱਸਾ ਹੈ। ਉਸ ਸਮੇਂ ਇਸ ਦੀ ਵਰਤੋਂ ਸਿਰਫ਼ ਮਨੋਰੰਜਨ ਲਈ ਨਹੀਂ ਬਲਕਿ ਨੈਤਿਕ ਸਿੱਖਿਆ ਦੇਣ ਲਈ ਵੀ ਕੀਤੀ ਜਾਂਦੀ ਸੀ। ਬੋਰਡ ਉੱਤੇ ਕਈ ਨਿੱਕੇ ਨਿੱਕੇ ਡੱਬਿਆਂ ਉੱਤੇ ਪੌੜੀਆਂ ਅਤੇ ਸੱਪ ਬਣੇ ਹੁੰਦੇ ਹਨ। ਹਰ ਸੱਪ ਤੇ ਪੌੜੀ ਸ਼ੁਰੂ ਤੇ ਅੰਤ ਵਿੱਚ ਦੋ ਡੱਬਿਆਂ ਨਾਲ ਜੁੜੇ ਹੋਏ ਹੁੰਦੇ ਹਨ। ਪੌੜੀਆਂ ਪੁੰਨ ਦੀਆਂ ਪ੍ਰਤੀਕ ਹਨ ਤੇ ਸੱਪ ਬੁਰਾਈ ਦਾ। ਇਹ ਖੇਡ ਦੱਸਦੀ ਹੈ ਕੇ ਚੰਗੇ ਕਰਮਾਂ ਨਾਲ ਮਨੁੱਖ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ ਜਦਕਿ ਬੁਰਾਈ ਕਰਕੇ ਉਹ ਜਨਮ-ਮਰਨ ਵਿੱਚ ਫਸਿਆ ਰਹਿੰਦਾ ਹੈ। ਚੰਗੇ ਕਰਮ ਨਾਲ ਮਨੁੱਖ ਅੱਗੇ ਵਧਦਾ ਹੈ ਅਤੇ ਬੁਰੇ ਕੰਮ ਦੀ ਸਜ਼ਾ ਮਿਲਦੀ ਹੈ। ਪੌੜੀਆਂ ਦੀ ਗਿਣਤੀ ਸੱਪਾਂ ਦੀ ਗਿਣਤੀ ਤੋਂ ਘੱਟ ਹੁੰਦੀ ਹੈ ਜਿਸ ਦਾ ਅਰਥ ਹੈ ਕਿ ਚੰਗਿਆਈ ਦਾ ਮਾਰਗ ਬੁਰਾਈ ਦੇ ਮਾਰਗ ਤੋਂ ਮੁਸ਼ਕਿਲ ਹੈ। ਪਰ ਇਨਸਾਨ ਇਸ ਉੱਪਰ ਚੱਲ ਕੇ ਹੀ ਮੋਕਸ਼ ਨੂੰ ਪ੍ਰਾਪਤ ਹੁੰਦਾ ਹੈ। ਹੇਠਾਂ ਨਰਕ ਅਤੇ ਸਿਖਰ 'ਤੇ ਸਵਰਗ ਨੂੰ ਦਰਸਾਇਆ ਜਾਂਦਾ ਹੈ। ਇਹ ਖੇਡ ਪੁਨਰ ਇਤਿਹਾਸ ਕਾਲ ਤੋਂ ਖੇਡੀ ਜਾਂਦੀ ਰਹੀ ਹੈ। ਇਸ ਦੇ ਸਬੂਤ ਸਿੱਧੂ ਘਾਟੀ ਸੱਭਿਅਤਾ ਵਿੱਚ ਵੀ ਮਿਲੇ ਹਨ। ਹਾਥੀ ਦੰਦ ਅਤੇ ਹੱਡੀਆਂ ਦੇ ਬਣੇ ਹੋਏ ਪਾਸੇ (ਡਾਈਸ) ਜਿਨ੍ਹਾਂ ਉੱਪਰ ਬਿੰਦੀਆਂ ਦੇ ਨਿਸ਼ਾਨ ਬਣੇ ਹੋਏ ਹਨ ਲੋਥਲ, ਕਾਲੀਬੰਗਨ ਅਤੇ ਆਲਮਗੀਰ ਤੋਂ ਪ੍ਰਾਪਤ ਹੋਏ ਹਨ। ਇਸ ਖੇਡ ਦਾ ਜ਼ਿਕਰ ਰਿਗਵੇਦ ਵਿੱਚ ਵੀ ਮਿਲਦਾ ਹੈ। ਵੈਦਿਕ ਲੋਕ ਵਿਭੀਦਕ (ਇੱਕ ਛੋਟਾ ਨਟ) ਨੂੰ ਪਾਸੇ ਵਜੋਂ ਵਰਤਦੇ ਸਨ। ਇਸ ਖੇਡ ਦਾ ਜ਼ਿਕਰ ਮਹਾਂਭਾਰਤ ਵਿੱਚ ਵੀ ਮਿਲਦਾ ਹੈ ਜਦੋਂ ਯੁਧਿਸ਼ਟਰ ਆਪਣੀ ਪਤਨੀ ਅਤੇ ਹੋਰ ਸਭ ਕੁਝ ਕੌਰਵਾਂ ਨੂੰ ਹਾਰ ਜਾਂਦਾ ਹੈ। ਸਕੰਦ ਪੁਰਾਣ ਵਿੱਚ ਸ਼ਿਵ ਤੇ ਪਾਰਵਤੀ ਨੂੰ ਚੌਪਰ ਖੇਡਦੇ ਹੋਏ ਵਰਨਣ ਕੀਤਾ ਗਿਆ ਹੈ। ਇਹ ਦ੍ਰਿਸ਼ ਅਲੋਰਾ ਦੀਆਂ ਗੁਫ਼ਾਵਾਂ ਵਿੱਚ ਵੀ ਮੂਰਤੀਮਾਨ ਕੀਤਾ ਗਿਆ ਹੈ। ਹਿੰਦੂ, ਮੁਸਲਿਮ, ਬੁੱਧ ਤੇ ਜੈਨ ਗਿਆਨ ਚੌਪਰ ਮਿਲਦੇ ਹਨ। ਇਨ੍ਹਾਂ ਵਿੱਚ ਥੋੜਾ ਬਹੁਤ ਫ਼ਰਕ ਹੈ। ਬਸਤੀਵਾਦੀ ਰਾਜ ਦੌਰਾਨ ਇਹ ਖੇਡ ਇੰਗਲੈਂਡ ਪਹੁੰਚ ਗਈ ਅਤੇ ਉਸ ਤੋਂ ਬਾਅਦ ਸਾਰੀ ਦੁਨੀਆਂ ਵਿੱਚ ਪ੍ਰਚੱਲਿਤ ਹੋ ਗਈ।

-ਸ਼ਮਿੰਦਰ ਕੌਰ

# ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਮਰ ਰਹੇ ਹਾਂ, ਨੇਪਾਲ ਵਿੱਚ ਭੂਚਾਲ ਕਾਰਨ ਭਾਰੀ ਤਬਾਹੀ, 150 ਤੋਂ ਵੱਧ ਮੌਤਾਂ



ਅਸੀਂ ਸੌਂ ਰਹੇ ਸੀ, ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਮਰ ਰਹੇ ਹਾਂ.... ਅਸੀਂ ਬੜੀ ਹੀ ਮੁਸ਼ਕਲ ਨਾਲ ਬਚ ਸਕੇ... ਕੋਈ ਸੱਟ ਤਾਂ ਨਹੀਂ ਲੱਗੀ ਪਰ ਸਾਡੇ ਘਰ ਅਤੇ ਗੋਦਾਮ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ।ਸਾਨੂੰ ਨਹੀਂ ਪਤਾ ਹੁਣ ਅਸੀਂ ਕਿੱਥੇ ਰਹਾਂਗੇ... ਸਾਨੂੰ ਟੈਂਟਾਂ ਵਿੱਚ ਜਾ ਕੇ ਰਹਿਣਾ ਪਵੇਗਾ।ਲਕਸ਼ਮਨ ਪਨ, ਨੇਪਾਲ ਦੇ ਜਾਜਰਕੋਟ ਜ਼ਿਲ੍ਹੇ ਦੇ ਉਨ੍ਹਾਂ ਵਸਨੀਕਾਂ ਵਿੱਚੋਂ ਹਨ, ਜਿਨ੍ਹਾਂ ਦੇ ਸਾਲਾਂ ਦੀ ਮਿਹਨਤ ਨਾਲ ਬਣਾਏ ਗਏ ਘਰ ਭੂਚਾਲ ਕਾਰਨ ਢਹਿ-ਢੇਰੀ ਹੋ ਗਏ ਹਨ।ਨੇਪਾਲ ਵਿੱਚ ਸ਼ੁੱਕਰਵਾਰ ਰਾਤ ਨੂੰ ਆਏ ਭੂਚਾਲ ਕਾਰਨ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਭੂਚਾਲ ਕਾਰਨ ਪੱਛਮੀ ਨੇਪਾਲ ਦਾ ਘੱਟ ਵਸੋਂ ਵਾਲਾ ਇਲਾਕਾ ਪ੍ਰਭਾਵਿਤ ਹੋਇਆ ਹੈ। ਨੇਪਾਲ ਦੇ ਮੌਨੀਟਰਿੰਗ ਅਤੇ ਰਿਸਰਚ ਸੈਂਟਰ ਮੁਤਾਬਕ ਭੂਚਾਲ ਰਾਤ ਨੂੰ 11:47 ਵਜੇ ਦੇ ਕਰੀਬ ਆਇਆ। ਜਾਜਰਕੋਟ ਅਤੇ ਰੁਕੁਮ ਜ਼ਿਲ੍ਹਿਆਂ ਵਿੱਚ ਮਲਬੇ ਹੇਠਾਂ ਫਸੇ ਲੋਕਾਂ ਨੂੰ ਕੱਢਣ ਦੇ ਲਈ ਸੁਰੱਖਿਆ ਬਲਾਂ ਦੇ ਦਸਤੇ ਤੈਨਾਤ ਕੀਤੇ ਗਏ ਹਨ। ਜਾਜਰਕੋਟ ਅਤੇ ਰੁਕੁਮ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਤੋਂ 500 ਕਿਲੋਮੀਟਰ ਪੱਛਮ ਵੱਲ੍ਹ ਪੈਂਦੇ ਜ਼ਿਲ੍ਹੇ ਹਨ। ਭੂਚਾਲ ਦੇ ਤੇਜ਼ ਝਟਕੇ ਨੇਪਾਲ ਤੋਂ ਦੂਰ ਪੈਂਦੇ ਇਲਾਕਿਆਂ ਅਤੇ ਸ਼ਹਿਰਾਂ ਦੇ ਨਾਲ-ਨਾਲ ਗੁਆਂਢੀ ਮੁਲਕ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਵੀ ਮਹਿਸੂਸ ਕੀਤੇ ਗਏ ਸਨ। ਫੌਜ ਦੇ ਬੁਲਾਰੇ ਨੇ ਕਿਹਾ ਕਿ 100 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਹਨ। ਜਾਜਰਕੋਟ ਦੇ ਹਸਪਤਾਲ ਵਿੱਚ ਜ਼ਖ਼ਮੀ ਹੋਏ ਮਰੀਜ਼ ਵੱਡੀ ਗਿਣਤੀ ਵਿੱਚ ਭਰਤੀ ਹਨ।ਭੂਚਾਲ ਦੇ ਇੱਕ ਘੰਟੇ ਦੇ ਅੰਦਰ-ਅੰਦਰ ਭੂਚਾਲ ਦੇ ਤਿੰਨ ਹੋਰ ਝਟਕੇ ਮਹਿਸੂਸ ਕੀਤੇ ਗਏ ਸਨ, ਫਿਰ ਦੁਬਾਰਾ ਭੂਚਾਲ ਆਉਣ ਅਤੇ ਆਪਣੇ ਘਰਾਂ ਦੇ ਨੁਕਸਾਨੇ ਜਾਣ ਦੇ ਡਰ ਕਾਰਨ ਬਹੁਤ ਲੋਕਾਂ ਨੇ ਸ਼ੁੱਕਰਵਾਰ ਦੀ ਰਾਤ ਆਪਣੇ ਘਰਾਂ ਤੋਂ ਬਾਹਰ ਬਿਤਾਈ।

**'ਸਾਡਾ ਘਰ ਝੂਲੇ ਵਾਂਗ ਹਿੱਲ ਰਿਹਾ ਸੀ'**

ਪ੍ਰੇਮ ਬਹਾਦਰ ਘਾਰਤੀ ਨੇ ਦੱਸਿਆ, ਸਾਡਾ ਘਰ ਝੂਲੇ ਵਾਂਗ ਅੱਗੇ-ਪਿੱਛੇ ਹਿੱਲ ਰਿਹਾ ਸੀ।ਜਿਵੇਂ ਹੀ ਅਸੀਂ ਬਾਹਰ ਨਿਕਲੇ ਤਾਂ ਹਰ ਪਾਸੇ ਘਰ ਡਿੱਗ ਰਹੇ ਸਨ ਅਤੇ ਧੂੜ ਸੀ। ਸਾਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ ਇਸ ਲਈ ਅਸੀਂ ਮੁੜ ਅੰਦਰ ਚਲੇ ਗਏ... ਭੂਚਾਲ ਰੁਕਣ ਤੋਂ ਬਾਅਦ ਅਸੀਂ ਬਾਹਰ ਆ ਗਏ।ਸਿੱਧਾ ਬੋਹੋਰਾ, ਜੋ ਕਿ ਇੱਕ ਬੈਂਕ ਮੈਨੇਜਰ ਹਨ, ਨੇ ਦੱਸਿਆ, ਮੈਂ ਕੁਝ ਵੀ ਬੋਲਣ ਤੋਂ ਅਸਮਰਥ ਹਾਂ,ਮੇਰੀ ਹਾਲਤ ਇਸ ਵੇਲੇ ਬਹੁਤ ਖਰਾਬ ਹੈ।ਜੇਕਰ ਜਨਤਕ ਢਾਂਚਿਆ ਦੀ ਮੁੜ ਉਸਾਰੀ ਕੀਤੀ ਜਾਵੇ ਤਾਂ ਅਸੀਂ ਆਪਣੇ ਘਰਾਂ ਨੂੰ ਵੀ ਮੁੜ ਉਸਾਰ ਸਕਦੇ ਹਾਂ।

**ਬਹੁ-ਮੰਜ਼ਿਲਾ ਇਮਾਰਤਾਂ ਮਲਬੇ ਵਿੱਚ ਤਬਦੀਲ ਹੋਈਆਂ**

ਸਥਾਨਕ ਮੀਡੀਆ ਵਿੱਚ ਨਸ਼ਰ ਹੋਈਆਂ ਵੀਡੀਓਜ਼ ਵਿੱਚ ਬਹੁ-ਮੰਜ਼ਿਲਾ ਇਮਾਰਤਾਂ ਮਲਬੇ ਵਿੱਚ ਤਬਦੀਲ ਹੋਈਆਂ ਦਿਖਾਈ ਦਿੰਦੀਆਂ ਹਨ।ਇਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵੀ ਨਸ਼ਰ ਹੋਈਆਂ ਕਿ ਲੋਕ ਹਨੇਰੇ ਵਿੱਚ ਮਲਬੇ ਹੇਠਾਂ ਦੱਬੇ ਗਏ ਲੋਕਾਂ ਨੂੰ ਕੱਢ ਰਹੇ ਸਨ।ਰਿਪੋਰਟਾਂ ਮੁਤਾਬਕ ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਲ ਭੂਚਾਲ ਨਾਲ ਪ੍ਰਭਾਵਿਤ ਹੋਏ ਖੇਤਰ ਦੇ ਦੌਰੇ ਉੱਤੇ ਗਏ ਹਨ।ਜਾਜਰਕੋਟ ਜ਼ਿਲ੍ਹੇ ਦੇ ਪੁਲਿਸ ਮੁਖੀ ਸੁਰੇਸ਼ ਸੁਨਾਰ ਨੇ ਰਾਇਟਰਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਜੋ ਵਾਪਰਿਆ ਉਸ ਬਾਰੇ ਦੱਸਣਾ ਬਹੁਤ ਮੁਸ਼ਕਲ ਹੈ। ਮੈਂ ਬਚਾਅ ਪ੍ਰਬੰਧਾਂ ਲਈ ਘਰ ਤੋਂ ਬਾਹਰ ਹਾਂ। ਅਸੀਂ ਜਾਣਕਾਰੀ ਇਕੱਠੀ ਕਰ ਰਹੇ ਹਾਂ ਪਰ ਠੰਢ ਅਤੇ ਰਾਤ ਹੋਣ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਸੂਚਨਾ ਇਕੱਠੀ ਕਰਨੀ ਮੁਸ਼ਕਲ ਹੈ।

**ਭੂਚਾਲ ਦਾ ਕੇਂਦਰ ਧਰਤੀ ਦੇ ਤਲ ਦੇ ਨੇੜੇ**

ਅਮਰੀਕਾ ਦੇ ਜਿਓਲੋਜੀਕਲ ਸਰਵੇ ਮੁਤਾਬਕ ਭੂਚਾਲ ਦੀ ਤੀਬਰਤਾ 5.6 ਸੀ, ਭੂਚਾਲ ਦਾ ਕੇਂਦਰ ਧਰਤੀ ਦੇ ਤਲ ਦੇ ਨੇੜੇ ਸੀ। ਨੇਪਾਲ ਹਿਮਾਲਿਆ ਪਰਬਤ ਲੜੀ ਦੇ ਕਰੀਬ ਸਥਿਤ ਹੈ, ਜੋ ਕਿ ਭੂਚਾਲ ਦੀ ਭਾਰੀ ਸੰਭਾਵਨਾ ਵਾਲਾ ਖੇਤਰ ਹੈ। ਪਿਛਲੇ ਮਹੀਨੇ, ਨੇਪਾਲ ਦੇ ਪੱਛਮੀ ਭਾਗ ਵਿੱਚ ਸਥਿਤ ਬਾਝਾਂਗ ਜ਼ਿਲ੍ਹੇ ਵਿੱਚ 6.3 ਦੀ ਤੀਬਰਤਾ ਨਾਲ ਭੂਚਾਲ ਆਇਆ ਸੀ ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋਏ ਸਨ।

**2015 ਵਿੱਚ ਭੂਚਾਲ ਕਾਰਨ 9,000 ਲੋਕਾਂ ਦੀ ਮੌਤ ਹੋਈ ਸੀ**

2015 ਵਿੱਚ ਨੇਪਾਲ ਵਿੱਚ ਦੋ ਭਿਆਨਕ ਭੂਚਾਲ ਆਏ, ਜਿਸ ਵਿੱਚ 9000 ਲੋਕਾਂ ਦੀ ਮੌਤ ਹੋਈ ਸੀ ਅਤੇ 22,309 ਦੇ ਕਰੀਬ ਲੋਕ ਜ਼ਖ਼ਮੀ ਹੋਏ ਸਨ। ਪਹਿਲਾ ਭੂਚਾਲ 25 ਅਪ੍ਰੈਲ 2015 ਨੂੰ ਆਇਆ ਸੀ ਇਸ ਦੀ ਤੀਬਰਤਾ 7.8 ਸੀ, ਇਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੋਈ ਅਤੇ ਹਜ਼ਾਰਾਂ ਲੋਕ ਜ਼ਖ਼ਮੀ ਹੋਏ। ਇਸ ਤੋਂ ਬਾਅਦ ਵੀ ਭੂਚਾਲ ਆਏ, ਇਸੇ ਸਾਲ ਮਈ ਵਿੱਚ ਆਏ ਭੂਚਾਲ ਦੀ ਤੀਬਰਤਾ 7.3 ਸੀ। ਭੂਚਾਲ ਕਾਰਨ 8,00,000 ਦੇ ਕਰੀਬ ਘਰ ਤਬਾਹ ਹੋ ਗਏ ਸਨ। ਇੰਟਰਨੈਸ਼ਨਲ ਫੈਡਰੇਸ਼ਨ ਆਫ ਰੈੱਡ ਕ੍ਰਾਸ ਅਤੇ ਰੈੱਡ ਕਰੈਸੈਂਟ ਸੋਸਾਈਟੀਜ਼ (ਆਈਐੱਫਆਰਸੀ) ਮੁਤਾਬਕ ਨੇਪਾਲ ਦੇ ਪੱਛਮੀ ਅਤੇ ਕੇਂਦਰੀ ਇਲਾਕੇ ਇਸ ਭੂਚਾਲ ਕਾਰਨ ਪ੍ਰਭਾਵਿਤ ਹੋਏ ਸਨ।ਸਰਕਾਰੀ ਇਮਾਰਤਾਂ ਅਤੇ ਕਾਠਮਾਂਡੂ ਘਾਟੀ ਵਿਚਲੀਆਂ ਕਈ ਸੜਕਾਂ ਅਤੇ ਯੂਨੈੱਸਕੋ ਵਿਰਾਸਤ ਵਿੱਚ ਸ਼ਾਮਲ ਇਤਿਹਾਸ ਇਮਾਰਤਾਂ ਵੀ ਤਬਾਹ ਹੋਈਆਂ ਸਨ ਅਤੇ ਨੁਕਸਾਨੀਆਂ ਗਈਆਂ ਸਨ।ਕਾਠਮਾਂਡੂ ਦੇ ਉੱਤਰੀ ਭਾਗ ਵਿੱਚ ਪੈਂਦੇ ਕਈ ਪਿੰਡਾਂ ਵਿੱਚ ਵੀ ਭਾਰੀ ਤਬਾਹੀ ਹੋਈ ਸੀ।

**ਪ੍ਰਧਾਨ ਮੰਤਰੀ ਮੋਦੀ ਵੱਲੋਂ ਅਫ਼ਸੋਸ ਜ਼ਾਹਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨੇਪਾਲ ਵਿੱਚ ਭੂਚਾਲ ਕਾਰਨ ਹੋਈ ਤਬਾਹੀ ਉੱਤੇ ਅਫ਼ਸੋਸ ਜ਼ਾਹਰ ਕੀਤਾ ਗਿਆ ਹੈ। ਉਨ੍ਹਾਂ ਕਿਹਾ, ਨੇਪਾਲ ਵਿੱਚ ਭੂਚਾਲ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਹੋਣਾ ਉਦਾਸ ਕਰਨ ਵਾਲਾ ਹੈ। ਭਾਰਤ ਨੇਪਾਲ ਦੇ ਲੋਕਾਂ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਹਰ ਸੰਭਵ ਸਹਾਇਤਾ ਦੇਣ ਲਈ ਤੱਤਪਰ ਹੈ।ਸਾਡੀਆਂ ਦੁਆਵਾਂ ਪ੍ਰਭਾਵਿਤ ਹੋਏ ਲੋਕਾਂ ਨਾਲ ਹਨ ਅਤੇ ਜ਼ਖ਼ਮੀਆਂ ਦੇ ਠੀਕ ਹੋਣ ਦੀ ਕਾਮਨਾ ਕਰਦੇ ਹਾਂ।

# ਰੂਪੀ ਕੌਰ: ਵ੍ਹਾਈਟ ਹਾਊਸ ਦਾ ਦੀਵਾਲੀ ਸੱਦਾ ਠੁਕਰਾਉਣ ਵਾਲੀ ਪੰਜਾਬਣ ਜੋ ਕਿਸਾਨ ਅੰਦੋਲਨ ਦੇ ਹੱਕ 'ਚ ਵੀ ਬੋਲੀ ਸੀ

ਪੰਜਾਬੀ ਮੂਲ ਦੀ ਕੈਨੇਡੀਅਨ ਕਵਿੱਤਰੀ ਰੂਪੀ ਕੌਰ, ਜੋਅ ਬਾਇਡਨ ਸਰਕਾਰ ਵੱਲੋਂ ਵ੍ਹਾਈਟ ਹਾਊਸ ਵਿਖੇ ਦੀਵਾਲੀ ਸਮਾਗਮ ਦਾ ਸੱਦਾ ਠੁਕਰਾਉਣ ਨੂੰ ਲੈ ਕੇ ਚਰਚਾ ਵਿੱਚ ਹਨ।

ਰੂਪੀ ਕੌਰ ਮੁਤਾਬਕ, ਉਨ੍ਹਾਂ ਨੇ ਇਹ ਫੈਸਲਾ ਇਜ਼ਰਾਈਲ-ਹਮਾਸ ਯੁੱਧ ਪ੍ਰਤੀ ਬਾਇਡਨ ਪ੍ਰਸ਼ਾਸਨ ਦੇ ਰੁਖ਼ ਦੇ ਵਿਰੋਧ ਵਿੱਚ ਲਿਆ ਹੈ।

ਰੂਪੀ ਨੇ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ ਤੇ ਇੱਕ ਪੋਸਟ ਵੀ ਸਾਂਝਾ ਕੀਤੀ ਹੈ। ਇਸ ਵਿੱਚ ਰੂਪੀ ਨੇ ਕਿਹਾ ਹੈ ਕਿ ਉਹ @@ਕੋਈ ਵੀ ਅਜਿਹੀ ਸੰਸਥਾ ਜੋ ਨਾਗਰਿਕਾਂ ਦੀ ਸਮੂਹਿਕ ਸਜ਼ਾ ਦਾ ਸਮਰਥਨ ਕਰੇ, ਦੇ ਸੱਦੇ ਨੂੰ ਠੁਕਰਾਉਂਦੇ ਹਨ।@

ਉਨ੍ਹਾਂ ਹੋਰ ਦੱਖਣੀ ਏਸ਼ੀਆਈਆਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਅਮਰੀਕੀ ਸਰਕਾਰ ਨੂੰ ਜਵਾਬਦੇਹੀ ਲਈ ਕਿਹਾ ਜਾਵੇ।

ਬਾਇਡਨ ਸਰਕਾਰ ਵੱਲੋਂ ਇਹ ਦੀਵਾਲੀ ਸਮਾਗਮ 8 ਨਵੰਬਰ ਨੂੰ ਹੋਣ ਵਾਲਾ ਹੈ ਅਤੇ ਇਸ ਦੀ ਮੇਜ਼ਬਾਨੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਕਰਨਗੇ।




**ਰੂਪੀ ਕੌਰ ਨੇ ਹੋਰ ਕੀ-ਕੀ ਕਿਹਾ**

ਭਾਰਤੀ ਪੰਜਾਬ ਵਿੱਚ ਪੈਦਾ ਹੋਏ ਰੂਪੀ ਨੇ ਇਸ ਪੂਰੇ ਮਾਮਲੇ ਤੇ ਅੱਗੇ ਲਿਖਿਆ ਕਿ ਹੈਰਾਨ ਹਾਂ ਕਿ ਇਸ ਪ੍ਰਸ਼ਾਸਨ ਨੂੰ ਦੀਵਾਲੀ ਮਨਾਉਣਾ ਠੀਕ ਲੱਗ ਰਿਹਾ ਹੈ - ਰੋਸ਼ਨੀ ਵਾਲਾ ਹਿੰਦੂ ਤਿਉਹਾਰ - ਜਦਕਿ ਇਹ ਤਿਉਹਾਰ ਝੂਠ ਉੱਤੇ ਸੱਚ ਅਤੇ ਅਗਿਆਨਤਾ ਉੱਤੇ ਗਿਆਨ ਦੀ ਜਿੱਤ ਦਾ ਜਸ਼ਨ ਹੈ।

ਉਨ੍ਹਾਂ ਇਲਜ਼ਾਮ ਲਗਾਇਆ ਕਿ ਅਮਰੀਕੀ ਸਰਕਾਰ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ÷ ਨੂੰ ਜਾਇਜ਼ ਠਹਿਰਾਉਂਦੀ ਹੈ।

ਇਸ ਦੇ ਨਾਲ ਹੀ ਰੂਪੀ ਨੇ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਮਾਨਵਤਾਵਾਦੀ ਜੰਗਬੰਦੀ ਦਾ ਸਮਰਥਨ ਕਰਨ ਤੋਂ ਇਨਕਾਰ ਕਰਨ ਦੀ ਵੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ, ਇੱਕ ਸਿੱਖ ਮਹਿਲਾ ਹੋਣ ਦੇ ਨਾਤੇ, ਮੈਂ ਪ੍ਰਸ਼ਾਸਨ ਦੀਆਂ ਕਾਰਵਾਈਆਂ ਤੇ ਪਰਦਾ ਪਾਉਣ ਲਈ ਆਪਣੇ ਅਕਸ ਦੀ ਵਰਤੋਂ ਨਹੀਂ ਹੋਣ ਦਿਆਂਗੀ।

**ਬਾਇਡਨ ਪ੍ਰਸ਼ਾਸ਼ਨ ਇਜ਼ਰਾਈਲ-ਫਲਸਤੀਨ ਵਿਵਾਦ**

ਟੋਰਾਂਟੋ ਤੋਂ ਬੀਬੀਸੀ ਪਤਰਕਾਰ ਨਦੀਨ ਯੂਸਫ਼ ਮੁਤਾਬਕ, ਵ੍ਹਾਈਟ ਹਾਊਸ ਦੇ ਰੀਡਆਊਟ ਅਨੁਸਾਰ, ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਨੂੰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਇੱਕ ਕਾਲ ਤੇ ਇਜ਼ਰਾਈਲ ਲਈ ਆਪਣੇ ਸਮਰਥਨ ਨੂੰ ਦੁਹਰਾਇਆ।

ਹਾਲਾਂਕਿ ਇਸ ਦੇ ਨਾਲ ਹੀ ਜੋਅ ਬਾਇਡਨ ਨੇ ਫਲਸਤੀਨੀ ਨਾਗਰਿਕਾਂ ਦੀ ਰੱਖਿਆ ਕਰਨ ਅਤੇ ਫੌਜੀ ਕਾਰਵਾਈਆਂ ਦੇ ਦੌਰਾਨ ਨਾਗਰਿਕਾਂ ਦੇ ਨੁਕਸਾਨ ਨੂੰ ਘਟਾਉਣ ਤੇ ਵੀ ਜ਼ੋਰ ਦਿੱਤਾ।

ਪ੍ਰਸ਼ਾਸਨ ਨੇ ਇਜ਼ਰਾਈਲ ਨੂੰ 14 ਬਿਲੀਅਨ ਡਾਲਰ ਤੋਂ ਵੱਧ ਦੀ ਸਹਾਇਤਾ ਪ੍ਰਦਾਨ ਕਰਨ ਦੀ ਵੀ ਗੱਲ ਕਹੀ ਹੈ।

ਇਸ ਤੋਂ ਪਹਿਲਾਂ ਬਾਇਡਨ ਪ੍ਰਸ਼ਾਸ਼ਨ ਵੱਲੋਂ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਫਲਸਤੀਨੀਆਂ ਨੂੰ 100 ਮਿਲੀਅਨ ਡਾਲਰ ਦੀ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ।

**ਚਰਚਾ ਵਿੱਚ ਰੂਪੀ ਕੌਰ**

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਰੂਪੀ ਕੌਰ ਚਰਚਾ ਵਿੱਚ ਆਏ ਹੋਣ। ਇਸ ਤੋਂ ਪਹਿਲਾਂ ਉਹ ਆਪਣੀ ਕਿਤਾਬ ਨੂੰ ਲੈ ਕੇ ਚਰਚਾ ਵਿੱਚ ਆ ਚੁੱਕੇ ਹਨ, ਜਿਸ ਵਿੱਚ ਉਨ੍ਹਾਂ ਨੇ 1984 ਦੇ ਸਿੱਖ ਕਤਲੇਆਮ ਬਾਰੇ ਗੱਲ ਕੀਤੀ ਹੈ।



ਰੂਪੀ ਕਿਸਾਨ ਅੰਦੋਲਨ ਵੇਲੇ ਵੀ ਕਿਸਾਨਾਂ ਪ੍ਰਤੀ ਆਪਣੇ ਸਮਰਥਨ ਨੂੰ ਲੈ ਕੇ ਚਰਚਾ ਵਿੱਚ ਰਹੇ।

ਉਸ ਸਮੇਂ ਬੀਬੀਸੀ ਪੰਜਾਬੀ ਦੇ ਪੱਤਰਕਾਰ ਤਨੀਸ਼ਾ ਚੌਹਾਨ ਨੇ ਰੂਪੀ ਕੌਰ ਨਾਲ ਗੱਲਬਾਤ ਕਰਕੇ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ, ਉਸ ਰਿਪੋਰਟ ਦੇ ਹਵਾਲੇ ਨਾਲ ਜਾਣਦੇ ਹਾਂ ਰੂਪੀ ਕੌਰ ਬਾਰੇ ਕੁਝ ਹੋਰ ਖ਼ਾਸ ਗੱਲਾਂ:

**ਕੌਣ ਹਨ ਰੂਪੀ ਕੌਰ**

ਪੰਜਾਬ ਦੇ ਹੁਸ਼ਿਆਰਪੁਰ ਵਿੱਚ ਜੰਮੀ ਰੂਪੀ ਕੌਰ ਅੱਜ ਕੱਲ ਕੈਨੇਡਾ ਦੇ ਮਸ਼ਹੂਰ ਕਵਿੱਤਰੀ, ਲੇਖਕਾ ਅਤੇ ਇਲੈਸਟ੍ਰੇਟਰ ਹਨ।

ਤੁਸੀਂ ਇਨ੍ਹਾਂ ਦੇ ਹਰਮਨ ਪਿਆਰੇ ਹੋਣ ਦਾ ਅੰਦਾਜ਼ਾ ਇਸ ਤੋਂ ਲਗਾ ਸਕਦੇ ਹੋ ਕਿ ਇੰਸਟਾਗ੍ਰਾਮ @ਤੇ ਉਨ੍ਹਾਂ ਦੇ 4.1 ਮਿਲੀਅਨ ਫੌਲੋਅਰਜ਼ ਹਨ।

ਹੁਣ ਤੱਕ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਚਾਰ ਕਿਤਾਬਾਂ ਆ ਚੁੱਕੀਆਂ ਹਨ ਜੋ ਇੱਕ ਤੋਂ ਬਾਅਦ ਇੱਕ ਬੈਸਟਸੇਲਰ ਸਾਬਿਤ ਰਹੀਆਂ ਹਨ।

ਉਨ੍ਹਾਂ ਨੇ ਆਪਣੀ ਤੀਜੀ ਕਿਤਾਬ ਹੈ ਹੋਮ ਬੌਡੀ ਵਿੱਚ ਆਪਣੇ ਘਰ ਯਾਨਿ ਭਾਰਤ ਵਿੱਚ 1984 ਦੇ ਸਿੱਖ ਕਤਲੇਆਮ ਤੋਂ ਲੈ ਕੇ ਕੈਨੇਡਾ ਵਿੱਚ ਪਰਵਾਸੀਆਂ ਦੇ ਦਰਦ ਨੂੰ ਬਿਆਨ ਕੀਤਾ ਹੈ।

**ਕਿਸਾਨ ਅੰਦੋਲਨ ਦਾ ਸਮਰਥਨ**

ਦਿੱਲੀ ਦੀਆਂ ਬਰੂਹਾਂ ਤੇ ਖੇਤੀ ਕਾਨੂੰਨਾਂ ਦਾ ਵਿਰੋਧ ਵਿੱਚ ਚੱਲੇ ਕਿਸਾਨਾਂ ਦੇ ਅੰਦੋਲਨ ਦੇ ਹੱਕ ਵਿੱਚ ਰੂਪੀ ਕੌਰ ਪਹਿਲੇ ਦਿਨ ਤੋਂ ਹੀ ਆਵਾਜ਼ ਚੁੱਕਦੇ ਰਹੇ ਸੀ।

ਉਹ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਤੇ ਲਗਾਤਾਰ ਕਿਸਾਨਾਂ ਦੇ ਸਮਰਥਨ ਵਿੱਚ ਲਿਖਦੇ ਹੁੰਦੇ ਸਨ।

ਉਸ ਵੇਲੇ ਬੀਬੀਸੀ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ, ਪੰਜਾਬ ਵਿੱਚ ਜ਼ਿਆਦਾਤਰ ਕਿਸਾਨ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਬਹੁਤ ਘੱਟ ਜ਼ਮੀਨ ਹੈ। ਸਾਨੂੰ ਉਨ੍ਹਾਂ ਦੀ ਆਵਾਜ਼ ਬਣਨਾ ਚਾਹੀਦਾ ਹੈ। ਜੇਕਰ ਅਸੀਂ ਅੱਜ ਨਹੀਂ ਬੋਲਾਂਗੇ ਤਾਂ ਵੇਲਾ ਨਿਕਲ ਜਾਵੇਗਾ।

ਅਸੀਂ ਦੇਸ਼-ਵਿਦੇਸ਼ਾਂ ਵਿੱਚ ਬੈਠ ਕੇ ਸਭ ਦੇਖ ਰਹੇ ਹਾਂ ਅਤੇ ਆਪਣੀ ਆਵਾਜ਼ ਚੁੱਕ ਰਹੇ ਹਾਂ। ਸਰਕਾਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਭ ਗੱਲਾਂ ਇਤਿਹਾਸ ਵਿੱਚ ਲਿਖੀਆਂ ਜਾਣਗੀਆਂ।

# ਇਤਿਹਾਸ ਦੇ ਪੰਨਿਆ ਤੋਂ ਇਕ ਨਾ ਭੁਲਣ ਵਾਲਾ ਮਹਾਨ ਜਰਨੈਲ- ਬਾਬਾ ਬੰਦਾ ਸਿੰਘ ਬਹਾਦਰ

**ਸੁਰਜੀਤ ਸਿੰਘ ਫਲੋਰਾ**

ਕਲਗੀਧਰ ਪਾਤਿਸਹਾ ਗੁਰੂ ਗੋਬਿੰਦ ਸਿੰਘ ਜੀ ਨੇ ਜਾਬਰ ਹੁਕਮਰਾਨਾਂ ਵਲੋਂ ਗਰੀਬਾਂ, ਨਿਤਾਣਿਆ, ਤੇ ਦਬੇ ਕੁਚਲੇ ਲੋਕਾਂ ਨੂੰ ਸਮਾਨਤਾ ਤੇ ਨਿਆਂ ਦੀਵਾਣ ਲਈ ਜਿਤਨੀਆ ਕੁਰਬਾਨੀਆ ਦਿਤੀਆ ਤੇ ਸੰਘਰਸ਼ ਕੀਤੇ ਉਸਦੀ ਮਿਸਾਲ ਦੁਨਿਆ ਦੇ ਕਿਸੇ ਇਤਿਹਾਸ ਵਿਚ ਨਹੀ ਮਿਲਦੀ। ਆਪਣੇ ਅੰਤਿਮ ਸਮੇ ਵਿਚ ਇਸ ਮਿਸ਼ਨ ਨੂੰ ਜਾਰੀ ਰਖਣ ਲਈ ਉਨਾ ਨੇ ਨੰਦੇੜ ਦੀ ਧਰਤੀ ਤੋਂ ਬਾਬਾ ਬੰਦਾ ਬਹਾਦਰ ਸਿੰਘ ਨੂੰ ਥਾਪੜਾ ਦੇਕੇ ਪੰਜਾਬ ਵਲ ਨੂੰ ਤੋਰਿਆ ਜਿਸਨੇ ਹਕੂਮਤ ਵਲੋਂ ਨਪੀੜੇ ਤੇ ਦੁਖੀ ਲੋਕਾਂ ਨੂੰ ਲਾਮਬੰਧ ਕਰਕੇ ਬੜੇ ਥੋੜੇ ਸਮੇ ਵਿਚ ਹੀ ਸਿਖ ਇਤਿਹਾਸ ਵਿਚ ਪਹਿਲੀ ਵਾਰੀ ਖਾਲਸਾ ਰਾਜ ਸਥਾਪਤ ਕੀਤਾ। ਗੁਰੂ ਗੋਬਿੰਦ ਸਿੰਘ ਵਲੋਂ ਦਬੀ ਕੁਚਲੀ, ਸਤਹੀਣ, ਨਿਰਾਸ਼ ਜਨਤਾ ਨੂੰ ਉਦਮ, ਆਤਮ ਸਨਮਾਨ, ਆਤਮ ਵਿਸ਼ਵਾਸ, ਜੂਝ ਮਰਨ ਤੇ ਫਤਹਿ ਦੀ ਚੜਦੀ ਕਲਾ ਦਾ ਮੁੜ ਸੁਨੇਹਾ ਦਿਤਾ ਉਦੋਂ ਜਦੋਂ ਕੋਮ ਨਿਰਾਸ਼ ਹੋ ਚੁਕੀ ਸੀ, ਥਕ ਚੁਕੀ ਸੀ ਤੇ ਲਗਪਗ ਖਤਮ ਹੋ ਚੁਕੀ ਸੀ।

ਬੰਦਾ ਸਿੰਘ ਬਹਾਦਰ ਭਾਰਤੀ ਇਤਿਹਾਸ ਦੇ ਮਹਾਨ ਸਿੱਖ ਜਰਨੈਲ ਅਤੇ ਯੋਧਿਆਂ ਵਿੱਚੋਂ ਇੱਕ ਹੋਏ ਹਨ ਅਤੇ ਉਹਨਾਂ ਦਾ ਜੀਵਨ ਇਤਿਹਾਸ ਵੀ ਬਹੁਤ ਦਿਲਚਸਪ ਹੈ।

ਇਹ ਇਤਿਹਾਸ ਵਿਚ ਇਕ ਨਾ ਭੁਲਣ ਵਾਲਾ ਉਹ ਮਹਾਨ ਜਰਨੈਲ ਸੀ ਜਿਸਨੇ ਜੋਰ ਜਬਰ ਤੇ ਜੁਲਮ ਦੇ ਖਿਲਾਫ਼ ਹਕੂਮਤ ਨਾਲ ਟੱਕਰ ਲੈਕੇ ਮੁਗਲ ਸਮਰਾਜ ਦੀਆਂ ਜੜਾ ਹਿਲਾ ਦਿਤੀਆਂ। ਜਿਸਨੇ ਪੰਜਾਬ ਦੀ ਧਰਤੀ ਤੇ ਤਕਰੀਬਨ 8 ਸਾਲ ਆਪਣੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਛਡੇ ਤੇ ਪੰਜਾਬ ਵਿਚ ਸਿਖ ਕੋਮ ਨੂੰ ਥੋੜੇ ਸਮੇ ਵਿਚ ਹੀ ਇਕ ਜਬਰਦਸਤ ਰਾਜਨੀਤਕ ਤਾਕਤ ਵਿਚ ਬਦਲ ਕੇ ਰੱਖ ਦਿਤਾ। ਆਰਥਿਕ ਤੇ ਸਮਾਜਿਕ ਸੁਧਾਰ ਕਰਕੇ ਪੰਜਾਬ ਨੂੰ ਇਤਨਾ ਮਜਬੂਤ ਕਰ ਦਿਤਾ ਕਿ ਫਿਰ ਲੰਬੇ ਸਮੇ ਤਕ ਕੋਈ ਵੈਰੀ ਹਿਲਾ ਨਹੀ ਸਕਿਆ। ਜਾਬਰ ਮੁਗਲ ਹਕੂਮਤ ਦੇ ਬਾਦਸ਼ਾਹ ਸਿਖਾਂ ਦਾ ਖ਼ੁਰਾ ਖੋਜ ਮਿਟਾਂਦੇ ਮਿਟਾਂਦੇ ਆਪ ਮਿਟ ਗਏ ਪਰ ਸਿਖੀ ਨਹੀਂ ਮਿਟਾ ਸਕੇ। ਬੰਦਾ ਬਹਾਦਰ ਦੀ 1709-1716, ਸਤ ਸਾਲ ਦੀ ਅਗਵਾਈ ਨੇ ਸਉਥ ਏਸ਼ੀਆ ਦੀ ਸਭ ਤੋਂ ਵਡੇ ਮੁਗਲ ਸਮਰਾਜ ਦੀਆ ਨੀਹਾਂ ਖੋਖਲੀਆਂ ਕਰ ਦਿਤੀਆਂ। ਅਖਿਰ ਜੁਲਮ ਤੇ ਅਨਿਆਂ ਦੇ ਖਿਲਾਫ਼ ਜੂਝਦਿਆਂ ਜੂਝਦਿਆਂ ਜੂਨ 1716 ਵਿਚ ਆਪਣੇ 740 ਸਾਥੀਆਂ ਸਮੇਤ ਜਿਸ ਹੋਂਸਲੇ, ਚਾਅ,ਖੇੜੇ ਤੇ ਚੜਦੀ ਕਲਾ ਨਾਲ ਸ਼ਹਾਦਤ ਪਾਈ, ਉਹ ਵੀ ਦੁਨੀਆਂ ਦੀ ਇਕ ਵਿਲਖਣ ਸ਼ਹਾਦਤ ਦੀ ਮਿਸਾਲ ਹੈ ।ਉਹ ਰਾਜੌਰੀ ਵਿੱਚ ਅਕਤੂਬਰ 27, 1670 ਲਛਮਣ ਦਾਸ, ਰਾਜਪੂਤ ਘਰਾਣੇ ਵਿਚ ਪੈਦਾ ਹੋਏ। ਮਾਂ- ਪਿਓ ਨੂੰ ਸ਼ੋਕ ਸੀ ਕਿ ਉਨ੍ਹਾ ਦਾ ਪੁਤਰ ਵੀ ਇਕ ਬਹਾਦਰ ਯੋਧਾ ਬਣੇ, ਇਸ ਲਈ ਸ਼ੁਰੂ ਤੋ ਹੀ ਉਸ ਦੇ ਅੰਦਰ ਅਸਤਰ ਸ਼ਸ਼ਤਰ ਦਾ ਗਿਆਨ ਤੇ ਸ਼ਿਕਾਰ ਖੇਡਣ ਦਾ ਸ਼ੋਕ ਪੈਦਾ ਕੀਤਾ। ਬਚਪਨ ਵਿਚ ਜਦ ਉਸਦੇ ਹੱਥੋ ਕਿਸੀ ਗਰਭਵਤੀ ਹਿਰਨੀ ਦਾ ਸ਼ਿਕਾਰ ਹੋ ਗਿਆ ਜੋ ਉਸਦੇ ਸਾਮਣੇ ਆਪਣੇ ਅਣਜੰਮੇ ਬਚਿਆਂ ਸਮੇਤ ਤੜਪ ਤੜਪ ਕੇ ਮਰ ਗਈ ਜਿਸਨੂੰ ਦੇਖ ਕੇ ਉਸਦੇ ਦਿਲ ਨੂੰ ਇਤਨੀ ਭਾਰੀ ਸਟ ਲਗੀ ਕਿ ਉਹ ਆਪਣਾ ਘਰ ਬਾਰ ਤਿਆਗ ਕੇ ਵੈਰਾਗੀ ਹੋ ਗਿਆ। ਸ਼ਾਂਤੀ ਦੀ ਭਾਲ ਵਿਚ ਉਸਨੂੰ ਇਕ ਸਾਧੂ ਜਾਨਕੀ ਦਾਸ ਮਿਲਿਆ, ਜਿਸਨੇ ਉਸਦਾ ਨਾਂ ਮਾਧੋ ਦਾਸ ਰਖ ਦਿਤਾ। ਪਰ ਮਨ ਦੀ ਸ਼ਾਂਤੀ ਇਥੋਂ ਵੀ ਨਹੀ ਮਿਲੀ। ਦੇਸ਼ ਭ੍ਰਮਣ ਲਈ ਜਾ ਤੁਰਿਆ। ਨਾਸਕ ਪੰਚਵਟੀ ਦੇ ਸਥਾਨ ਤੇ ਉਸਦਾ ਮੇਲ ਇਕ ਜੋਗੀ ਅਉਕੜ ਨਾਥ ਨਾਲ ਹੋਇਆ, ਜਿਸਦੀ ਸੇਵਾ ਵਿਚ ਰਹਿੰਦੀਆਂ ਉਹ ਯੋਗ ਸਾਧਨਾ ਤੇ ਤਾਂਤਰਿਕ ਵਿਦਿਆ ਵਿਚ ਮਾਹਿਰ ਹੋ ਗਿਆ। ਤਿੰਨ ਸਾਲ ਅਓਕੜ ਨਾਥ ਦੀ ਸੇਵਾ ਵਿਚ ਰਹਿਣ ਤੋਂ ਬਾਦ ਉਸਦੀ ਮੋਤ ਹੋ ਗਈ। ਸਾਰੀਆਂ ਰਿਧੀਆਂ ਸਿਧੀਆਂ, ਜਾਦੂ ਟੂਣਿਆ, ਜੰਤਰ ਮੰਤਰ ਦੀ ਵਿਦਿਆ ਦੀਆਂ ਪੋਥੀਆਂ ਉਸਦੇ ਹਥ ਵਿਚ ਆ ਗਈਆਂ, ਤੇ ਉਸਨੇ ਬਹੁਤ ਜਲਦੀ ਇਸ ਤੇ ਮਹਾਰਥ ਹਾਸਲ ਕਰ ਲਈ। ਬਹੁਤ ਸਾਰੇ ਉਸਦੇ ਚੇਲੇ ਬਣ ਗਏ। ਮਨੋਕਾਮਨਾਵਾਂ ਪੂਰਿਆ ਕਰਾਉਣ ਲਈ ਉਸ ਕੋਲ ਭੀੜ ਲਗੀ ਰਹਿੰਦੀ, ਜਿਸ ਕਰਕੇ ਉਹ ਬਹੁਤ ਹੰਕਾਰੀ ਵੀ ਹੋ ਗਿਆ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨਦੇੜ ਪੁਜੇ ਤਾਂ ਉਨ੍ਹਾ ਨੇ ਆਪਣਾ ਡੇਰਾ ਨਗੀਨਾ ਘਾਟ ਜਾ ਲਗਾਇਆ। ਆਉਖੜ ਦੀ ਮੋਤ ਤੋ ਬਾਦ ਬੰਦਾ ਵੀ ਭ੍ਰਮਣ ਕਰਦਾ ਕਰਦਾ ਨਦੇੜ ਆ ਪਹੁੰਚਿਆ ਤੇ ਰਾਵੀ ਦੇ ਕੰਢੇ ਆਪਣੇ ਕਰਿਸ਼ਮੇ ਦਿਖਾਣ ਲਗਾ। ਨਦੇੜ ਦੀਆਂ ਸੰਗਤਾ ਵਿਚੋ ਕਿਸੇ ਸਿਖ ਨੇ ਬੰਦਾ ਬਹਾਦਰ ਬਾਰੇ ਦਸਿਆ ਕੀ ਓਹ ਰਿਧੀਆਂ ਸਿਧੀਆਂ ਨਾਲ ਤਖਤ ਤੇ ਸੰਤਾ ਮਹਾਤਮਾ ਨੂੰ ਬਿਠਾਕੇ ਫਿਰ ਤਖਤ ਉਲਟਾਕੇ ਬੜਾ ਖੁਸ਼ ਹੁੰਦਾ ਹੈ। ਗੁਰੂ ਸਾਹਿਬ ਨੇ ਹਸ ਕੇ ਕਿਹਾ ਕੀ ਸਾਨੂੰ ਇਸ ਵੇਲੇ ਤਖਤ ਉਲਟਾਉਣ ਵਾਲਾ ਬੰਦਾ ਹੀ ਚਾਹੀਦਾ ਹੈ।

ਫਿਰ 1708 ਵਿਚ ਉਹ ਸਿੱਖ ਧਰਮ ਦੇ 10ਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਨੂੰ ਮਿਲੇ ਅਤੇ ਇੱਥੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲ ਕੇ ਸਿੱਖ ਧਰਮ ਵਿੱਚ ਆਏ ਅਤੇ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਸਾਰ ਤੋਂ ਜਾਣ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਸਿੱਖ ਫੌਜ ਦਾ ਆਗੂ ਬਣਾਇਆ ਅਤੇ ਮੁਗਲਾਂ ਨਾਲ ਲੜਨ ਅਤੇ ਪੰਜਾਬ ਨੂੰ ਆਜ਼ਾਦ ਕਰਨ ਲਈ ਪੰਜਾਬ ਭੇਜਿਆ। ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪ੍ਰਾਪਤ ਕਰਕੇ ਪੰਜਾਬ ਵੱਲ ਕੂਚ ਕੀਤਾ।

ਉਸਨੇ ਸੋਨੀਪਤ ਵਿੱਚ ਮੁਗਲਾਂ ਵਿਰੁੱਧ ਪਹਿਲੀ ਲੜਾਈ ਲੜੀ ਅਤੇ ਮੁਗਲ ਫੌਜ ਨੂੰ ਹਰਾਇਆ। ਬੰਦਾ ਸਿੰਘ ਨੇ ਸੋਨੀਪਤ ਵਿੱਚ ਮੁਗਲਾਂ ਨੂੰ ਹਰਾ ਕੇ ਭੂਨਾ ਤੋਂ ਮੁ.ਗਲ ਖ਼ਜ਼ਾਨਾ ਖੋਹ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਮਾਣਾ 'ਤੇ ਵੱਡਾ ਹਮਲਾ ਕੀਤਾ ਅਤੇ ਮੁਗਲਾਂ ਨੂੰ ਹਰਾ ਕੇ ਵੱਡੀ ਜਿੱਤ ਪ੍ਰਾਪਤ ਕੀਤੀ। ਉਸਨੇ ਮੁਗਲ ਫੌਜ ਨੂੰ ਮਾਰ ਦਿੱਤਾ। ਅਤੇ ਇੱਥੇ ਬੰਦਾ ਸਿੰਘ ਬਹਾਦਰ ਨੇ ਆਪਣਾ ਸਭ ਤੋਂ ਵੱਡਾ ਕਾਰਨਾਮਾ ਕੀਤਾ। ਇਸਨੇ ਸਰਹਿੰਦ ਦੇ ਮੁਗਲ ਗਵਰਨਰ ਵਜ਼ੀਰ ਖਾਨ ਦੇ ਹੁਕਮ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਜਿਉਂਦਿਾ ਚਿੰਣਾ ਦੇਣ ਵਾਲੇ ਦੋ ਜੱਲਾਦਾਂ ਨੂੰ ਸ਼ਸ਼ਕ ਬੈਗ ਅਤੇ ਬਾਸ਼ਾਲ ਬੈਗ ਆਪਣੇ ਕਬਜ਼ੇ ਵਿਚ ਲੈ ਲਿਆ। ਬੰਦਾ ਸਿੰਘ ਨੇ ਉਨ੍ਹਾਂ ਨੂੰ ਫਾਂਸੀ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਅੰਸ਼ਕ ਰੂਪ ਵਿਚ ਬਦਲਾ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਨੇ ਘੁਰਾਮ 'ਤੇ ਹਮਲਾ ਕੀਤਾ ਅਤੇ ਮੁਗਲਾਂ ਨੂੰ ਦੁਬਾਰਾ ਹਰਾ ਕੇ ਇਸ 'ਤੇ ਕਬਜ਼ਾ ਕਰ ਲਿਆ।



**ਬੰਦਾ ਸਿੰਘ ਬਹਾਦਰ ਨੇ ਸਮਾਣਾ 'ਤੇ ਵੱਡਾ ਹਮਲਾ ਕੀਤਾ ਅਤੇ ਮੁਗਲਾਂ ਨੂੰ ਹਰਾ ਕੇ ਵੱਡੀ ਜਿੱਤ ਪ੍ਰਾਪਤ ਕੀਤੀ। ਉਸਨੇ ਮੁਗਲ ਫੌਜ ਨੂੰ ਮਾਰ ਦਿੱਤਾ। ਅਤੇ ਇੱਥੇ ਬੰਦਾ ਸਿੰਘ ਬਹਾਦਰ ਨੇ ਆਪਣਾ ਸਭ ਤੋਂ ਵੱਡਾ ਕਾਰਨਾਮਾ ਕੀਤਾ। ਇਸਨੇ ਸਰਹਿੰਦ ਦੇ ਮੁਗਲ ਗਵਰਨਰ ਵਜ਼ੀਰ ਖਾਨ ਦੇ ਹੁਕਮ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਜਿਉਂਦਿਾ ਚਿੰਣਾ ਦੇਣ ਵਾਲੇ ਦੋ ਜੱਲਾਦਾਂ ਨੂੰ ਸ਼ਸ਼ਕ ਬੈਗ ਅਤੇ ਬਾਸ਼ਾਲ ਬੈਗ ਆਪਣੇ ਕਬਜ਼ੇ ਵਿਚ ਲੈ ਲਿਆ। ਬੰਦਾ ਸਿੰਘ ਨੇ ਉਨ੍ਹਾਂ ਨੂੰ ਫਾਂਸੀ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਅੰਸ਼ਕ ਰੂਪ ਵਿਚ ਬਦਲਾ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਨੇ ਘੁਰਾਮ 'ਤੇ ਹਮਲਾ ਕੀਤਾ ਅਤੇ ਮੁਗਲਾਂ ਨੂੰ ਦੁਬਾਰਾ ਹਰਾ ਕੇ ਇਸ 'ਤੇ ਕਬਜ਼ਾ ਕਰ ਲਿਆ।**



ਘੁਰਾਮ ਵਿੱਚ ਜਿੱਤ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ ਉੱਤੇ ਹਮਲਾ ਕੀਤਾ। ਕਪੂਰੀ ਦਾ ਗਵਰਨਰ ਕਦਮ-ਉਦ-ਦੀਨ ਬਹੁਤ ਜ਼ਾਲਮ ਸੀ ਅਤੇ ਹਿੰਦੂਆਂ ਉੱਤੇ ਬਹੁਤ ਜ਼ੁਲਮ ਕਰਦਾ ਸੀ। ਬੰਦਾ ਸਿੰਘ ਨੇ ਉਸਨੂੰ ਜੰਗ ਵਿੱਚ ਮਾਰ ਦਿੱਤਾ ਅਤੇ ਕਪੂਰੀ ਜਿੱਤੀ ।ਕਪੂਰੀ ਤੋਂ ਬਾਅਦ ਬੰਦਾ ਸਿੰਘ ਨੇ ਸਢੌਰੇ ਉੱਤੇ ਹਮਲਾ ਕੀਤਾ। ਬੰਦਾ ਸਿੰਘ ਨੇ ਲੜਾਈ ਵਿੱਚ ਮੁ.ਗਲ ਗਵਰਨਰ ਉਸਮਾਨ ਖ਼ਾਨ ਨੂੰ ਹਰਾਇਆ ਅਤੇ ਮਾਰਿਆ ਅਤੇ ਸਢੌਰੇ ਨੂੰ ਆਜ਼ਾਦ ਕਰਵਾਇਆ। ਸਢੌਰੇ ਤੋਂ ਬਾਅਦ ਬੰਦਾ ਸਿੰਘ ਨੇ ਮੁਖਲਿਸਪੁਰ 'ਤੇ ਕਬਜ਼ਾ ਕਰ ਲਿਆ ਅਤੇ ਇਸ ਦਾ ਨਾਂ ਬਦਲ ਕੇ ਲੋਹਗੜ੍ਹ ਰੱਖ ਦਿੱਤਾ ਅਤੇ ਇਸ ਨੂੰ ਆਪਣੀ ਰਾਜਧਾਨੀ ਐਲਾਨ ਕਰ ਦਿੱਤਾ। ਫਿਰ ਬੰਦਾ ਸਿੰਘ ਦੇ ਜੀਵਨ ਅਤੇ ਕੈਰੀਅਰ ਦੀ ਸਭ ਤੋਂ ਮਹੱਤਵਪੂਰਨ ਲੜਾਈ ਆਈ. ਸਰਹਿੰਦ. ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ 'ਤੇ ਕਈ ਵਾਰ ਹਮਲੇ ਕੀਤੇ ਸਨ ਅਤੇ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਜੀਅ ਨੀਹਾਂ ਵਿਚ ਚਿੰਣਵਾ ਕੇ ਸਹੀਦ ਕਰ ਦਿੱਤਾ ਸੀ ।ਬੰਦਾ ਅਤੇ ਸਿੱਖ ਉਸ ਦੀ ਫੌੜ ਉਸ ਨੂੰ ਫੜਨ ਲਈ ਬਹੁਤ ਹਲਚਲ ਵਿਚ ਸੀ। ਇਸ ਤੋਂ ਇਲਾਵਾ ਉਸ ਨੇ ਬਹੁਤ ਸਾਰੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਸੀ ।ਬੰਦਾ ਸਿੰਘ ਫ਼ੌਜ ਨਾਲ ਸਰਹਿੰਦ ਵੱਲ ਕੂਚ ਕੀਤਾ ਅਤੇ ਜਿਵੇਂ ਹੀ ਇਹ ਖ਼ਬਰ ਸਰਹਿੰਦ ਪਹੁੰਚੀ ਤਾਂ ਆਮ ਲੋਕ ਉਹਨਾਂ ਦਾ ਸਵਾਗਤ ਕਰਨ ਅਤੇ ਵਜ਼ੀਰ ਖ਼ਾਨ ਨਾਲ ਲੜਨ ਲਈ ਇਕੱਠੇ ਹੋ ਗਏ। ਭਿਆਨਕ ਲੜਾਈ ਹੋਈ ਅਤੇ ਬੰਦਾ ਸਿੰਘ ਬਹਾਦਰ ਅਤੇ ਭਾਈ ਫਤਿਹ ਸਿੰਘ ਨੇ ਜੰਗ ਵਿੱਚ ਵਜ਼ੀਰ ਖਾਨ ਨੂੰ ਮਾਰ ਦਿੱਤਾ ਅਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਬਦਲਾ ਲਿਆ। ਉਹ ਅੱਗੇ ਵਧੇ ਅਤੇ ਵਜ਼ੀਰ ਖਾਨ ਸੁਚਾਨੰਦ ਦੇ ਦੀਵਾਨ ਨੂੰ ਮਾਰ ਦਿੱਤਾ ਜਿਸਨੇ ਨੌਜਵਾਨ ਸਾਹਿਬਜ਼ਾਦਿਆਂ ਦੇ ਕਤਲ ਅਤੇ ਸਰਹਿੰਦ ਕਿਲ੍ਹੇ ਨੂੰ ਜਿੱਤਣ ਵਿੱਚ ਵੀ ਭੂਮਿਕਾ ਨਿਭਾਈ ਸੀ।

ਬਾਅਦ ਵਿੱਚ 1715 ਵਿੱਚ ਨਵੇਂ ਗਵਰਨਰ ਅਬਦੁਲ ਸਮਦ ਖ਼ਾਨ ਦੀ ਅਗਵਾਈ ਵਿੱਚ ਮੁ.ਗਲ ਫ਼ੌਜ ਨੇ ਸੰਖਿਆਤਮਕ ਉੱਤਮਤਾ ਕਾਰਨ ਬੰਦਾ ਸਿੰਘ ਬਹਾਦਰ ਅਤੇ ਉਸਨਾਂ ਦੀ ਫ਼ੌਜ ਨੂੰ ਗੁਰੂਦਾਸ ਨੰਗਲ ਦੇ ਅੰਦਰ ਭਜਾ ਦਿੱਤਾ। ਸਖ਼ਤ ਘੇਰਾਬੰਦੀ 8 ਮਹੀਨਿਆਂ ਤੱਕ ਚੱਲੀ। ਪਰ ਦਸੰਬਰ 1715 ਵਿਚ ਮੁਗਲ ਬੰਦਾ ਵਿਚ ਤੋੜਨ ਵਿਚ ਕਾਮਯਾਬ ਹੋ ਗਏ ਅਤੇ ਉਸਹਨਾਂ ਦੇ ਸਾਥੀਆਂ ਨੂੰ ਫੜ ਲਿਆ ਗਿਆ। ਉਹਨਾਂ ਨੂੰ ਬੇਇੱਜ਼ਤ ਕਰਨ ਲਈ ਜਾਣਬੁੱਝ ਕੇ ਸ਼ਾਹੀ ਕੱਪੜੇ ਪਹਿਨਾਏ ਗਏ ਅਤੇ ਦਿੱਲੀ ਲਿਜਾਇਆ ਗਿਆ। ਉੱਥੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਅਤੇ ਉਹਨਾਂ ਨੇ ਅਤੇ ਸਾਰੇ ਬੰਦੀ ਸਿੱਖਾਂ ਨੇ ਇਨਕਾਰ ਕਰ ਦਿੱਤਾ। ਫਿਰ ਉਹਨਾਂ ਨੂੰ ਆਪਣੇ ਪੁੱਤਰ ਨੂੰ ਆਪਣੇ ਹੱਥਾਂ ਨਾਲ ਮਾਰਨ ਲਈ ਕਿਹਾ ਗਿਆ ਜਿਸ ਤੋਂ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਸਿੱਖ ਬੱਚੇ, ਔਰਤਾਂ ਨੂੰ ਨਹੀਂ ਮਾਰਦੇ। ਫਿਰ ਉਸਦਾ ਪੁੱਤਰ ਮਾਰਿਆ ਗਿਆ ਅਤੇ ਬੰਦਾ ਸਿੰਘ ਬਹਾਦਰ ਨੂੰ ਵੀ ਤਸੀਹੇ ਦੇ ਕੇ ਮਾਰਿਆ ਗਿਆ।

ਹਰੀਸ਼ ਢਿੱਲੋਂ ਲਿਖਦੇ ਹਨ," ਕੋਤਵਾਲ ਸਰਬਰਾਹ ਖ਼ਾਨ ਦੇ ਇਸ਼ਾਰੇ ਉੱਪਰ ਅਜੈ ਸਿੰਘ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ ਗਏ। ਬੰਦਾ ਬਹਾਦਰ ਅਡੋਲ ਬੈਠੇ ਰਹੇ। ਅਜੈ ਸਿੰਘ ਉਹਨਾਂ ਦੇ ਪੁਤਰ ਦਾ ਦਿਲ ਉਨ੍ਹਾਂ ਦੇ ਸਰੀਰ ਵਿੱਚੋਂ ਕੱਢ ਕੇ ਬੰਦਾ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਇਸ ਤੋਂ ਬਾਅਦ ਜਲਾਦ ਨੇ ਆਪਣਾ ਧਿਆਨ ਬੰਦੇ ਵੱਲ ਮੋੜਿਆ।

ਉਨ੍ਹਾਂ ਦਾ ਮਾਸ ਨੋਚਿਆ ਗਿਆ। ਇਸ ਦੌਰਾਨ ਪੂਰੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਜਾਵੇ। ਆਖ਼ਰ ਕਈ ਤਸੀਹੇ ਦੇਣ ਮਗਰੋਂ ਜਲਾਦ ਨੇ ਬੰਦੇ ਦੇ ਸਿਰ ਨੂੰ ਧੜ ਤੋਂ ਵੱਖ ਕਰ ਦਿੱਤਾ।"ਇਸ ਤਰ੍ਹਾਂ ਪਹਿਲੇ ਸਿੱਖ ਰਾਜ ਦੀ ਸਥਾਪਨਾ ਕਰਨ ਵਾਲੇ ਬੰਦਾ ਸਿੰਘ ਬਹਾਦਰ ਦੀ ਮਹਾਨ ਗਾਥਾ ਦਾ ਅੰਤ ਹੋ ਗਿਆ। ਲਛਮਣ ਦੇਵ ਤੋਂ ਮਾਧੋ ਦਾਸ ਅਤੇ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਤੱਕ ਦੀ ਮਹਾਨ ਯਾਤਰਾ।

# ਮਲਕੀਤ ਸਿੰਘ: ਜਦੋਂ ਬਰਤਾਨੀਆ 'ਚ ਸਾਜ਼ਿੰਦੇ ਨਹੀਂ ਮਿਲਦੇ ਸੀ ਉਸ ਵੇਲੇ ਮਲਕੀਤ ਨੇ ਕਿਵੇਂ ਤੂੰਬੀ ਤੇ ਢੋਲ ਉੱਤੇ ਵਿਦੇਸ਼ੀ ਨਚਾਏ ਸੀ



ਚੰਗਾ ਸੰਗੀਤ ਸਰ੍ਹੋਂ ਦੇ ਸਾਗ ਤੇ ਮੱਕੇ ਦੀ ਰੋਟੀ ਵਰਗਾ ਹੈ ਜੋ ਹਮੇਸ਼ਾ ਹਰ ਜੁੱਗ ਵਿੱਚ ਪਸੰਦ ਕੀਤਾ ਜਾਂਦਾ ਹੈ। ਵਕਤ ਦੇ ਹਿਸਾਬ ਨਾਲ ਸੰਗੀਤ ਨੂੰ ਬਦਲਣ ਦੀ ਲੋੜ ਨਹੀਂ ਹੈ। ਇਹ ਬੋਲ ਗੋਲਡਨ ਸਟਾਰ ਵਜੋਂ ਜਾਣੇ ਜਾਂਦੇ ਪੰਜਾਬੀ ਗਾਇਕ ਮਲਕੀਤ ਸਿੰਘ ਦੇ ਹਨ ਜਿਨ੍ਹਾਂ ਦਾ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਇੱਕ ਲੰਬਾ ਕਰੀਅਰ ਰਿਹਾ ਹੈ।1980ਵਿਆਂ ਵਿੱਚ 'ਗੁੜ ਨਾਲੋਂ ਇਸ਼ਕ ਮਿੱਠਾ' ਵਰਗੇ ਗੀਤਾਂ ਨਾਲ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਮਲਕੀਤ ਨੇ ਕਈ ਹਿੱਟ ਗਾਣੇ ਦਿੱਤੇ ਹਨ ਤੇ ਅੱਜ ਵੀ ਉਹ ਆਪਣੇ ਗੀਤਾਂ ਰਾਹੀਂ ਪੰਜਾਬੀ ਇੰਡਸਟਰੀ ਵਿੱਚ ਕਾਇਮ ਹਨ।ਸਾਲ 1962 ਵਿੱਚ ਪੰਜਾਬ ਦੇ ਹੁਸੈਨਪੁਰ ਵਿੱਚ ਜਨਮੇ ਮਲਕੀਤ ਸਿੰਘ ਸਾਲ 1984 ਵਿੱਚ ਬ੍ਰਿਟੇਨ ਦੇ ਬਰਮਿੰਘਮ ਵਿੱਚ ਆ ਕੇ ਵਸ ਗਏ ਸਨ।ਮਲਕੀਤ ਸਿੰਘ ਨੂੰ ਬ੍ਰਿਟੇਨ ਦੀ ਮਹਾਰਾਣੀ ਵੱਲੋਂ 2008 ਵਿੱਚ ਐੱਮਬੀਈ ਦਾ ਖਿਤਾਬ ਵੀ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2012 ਵਿੱਚ ਮਲਕੀਤ ਸਿੰਘ ਨੂੰ 'ਬਰਮਿੰਘਮਜ਼ ਬ੍ਰੌਡ ਸਟ੍ਰੀਟ ਵਾਕ ਆਫ ਸਟਾਰਜ਼ ਨਾਲ ਵੀ ਸਨਮਾਨਿਆ ਗਿਆ ਸੀ।

**ਗਾਇਕੀ ਕਰਕੇ ਸਕੂਲ 'ਚ ਦਾਖ਼ਲਾ ਮਿਲਿਆ**

ਗਾਇਕੀ ਦੇ ਸ਼ੁਰੂਆਤੀ ਸਫ਼ਰ ਬਾਰੇ ਜਦੋਂ ਮਲਕੀਤ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਬਚਪਨ ਵਿੱਚ ਹੀ ਉਨ੍ਹਾਂ ਨੇ ਗਾਣਾ ਸ਼ੁਰੂ ਕਰ ਦਿੱਤਾ ਸੀ।ਚਾਰ ਸਾਲ ਦੀ ਉਮਰ ਵਿੱਚ ਹੀ ਮੈਂ ਗਾਣਾ ਸ਼ੁਰੂ ਕਰ ਦਿੱਤਾ ਸੀ। ਮੇਰੇ ਮਾਪੇ ਦੱਸਦੇ ਸੀ ਕਿ ਟੀਚਰਾਂ ਨੇ ਮੈਨੂੰ ਮੇਰੇ ਗਾਣੇ ਲਈ ਹੀ ਸਕੂਲ ਵਿੱਚ ਦਾਖ਼ਲਾ ਦਿੱਤਾ ਸੀ।ਪਹਿਲਾਂ ਤਾਂ ਮੇਰੇ ਮਾਪੇ ਵੀ ਚਾਹੁੰਦੇ ਸੀ ਕਿ ਕੁਝ ਪੜ੍ਹ ਲਿਖ ਕੇ ਕੋਈ ਅਫ਼ਸਰ ਬਣ ਜਾਵਾਂ ਪਰ ਜਦੋਂ ਮੈਂ ਟਰਾਫ਼ੀਆਂ ਜਿੱਤ ਕੇ ਆਉਣ ਲੱਗਿਆ ਤਾਂ ਉਨ੍ਹਾਂ ਨੂੰ ਲੱਗਾ ਕਿ ਮੈਂ ਇਸ ਖੇਤਰ ਵਿੱਚ ਕੁਝ ਕਰ ਸਕਦਾ ਹਾਂ ਤੇ ਉਨ੍ਹਾਂ ਨੇ ਮੈਨੂੰ ਸਪੋਰਟ ਕੀਤੀ।

**'ਮੈਂ ਲੋਕਾਂ ਦਾ ਗਾਇਕ ਹਾਂ'**

ਮਲਕੀਤ ਸਿੰਘ ਨੂੰ ਜਦੋਂ ਉਨ੍ਹਾਂ ਦੇ ਕਾਲਜ ਦੇ ਦਿਨਾਂ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਕਹਿੰਦੇ, ਮੈਨੂੰ ਲਗਦਾ ਹੈ ਕਿ ਅਸੀਂ ਲੋਕਾਂ ਦੇ ਗਾਇਕ ਹਾਂ। ਸਾਨੂੰ ਲੋਕਾਂ ਨੇ ਗਾਇਕ ਬਣਾਇਆ, ਮੈਨੂੰ ਸਟੂਡੈਂਟਾਂ ਨੇ ਗਾਇਕ ਬਣਾਇਆ।ਅੱਜ ਵੀ ਵਿਦੇਸ਼ਾਂ ਵਿੱਚ ਮੈਂ ਸ਼ੋਅਜ਼ ਕਰਨ ਲਈ ਜਾਂਦਾ ਹਾਂ ਤਾਂ ਖਾਲਸਾ ਕਾਲਜ, ਜਲੰਧਰ ਦੇ ਮੇਰੇ ਸਾਥੀ ਮੈਨੂੰ ਆਪਣੇ ਪਰਿਵਾਰਾਂ ਨਾਲ ਮਿਲਦੇ ਹਨ।ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਮੈਂ ਤੁਹਾਡਾ ਕਰਜ਼ਦਾਰ ਹਾਂ। ਤੁਸੀਂ ਹੀ ਮੈਨੂੰ ਸਟਾਰ ਬਣਾਇਆ ਹੈ।ਜਦੋਂ ਮੈਂ ਯੂਨੀਵਰਸਿਟੀ ਵਿੱਚ ਗਾਉਂਦਾ ਹੁੰਦਾ ਸੀ, 'ਗੁੜ ਨਾਲੋਂ ਇਸ਼ਕ ਮਿੱਠਾ' ਤਾਂ ਕੁੜੀਆਂ ਅਤੇ ਮੁੰਡਿਆਂ ਨੇ ਕਹਿਣਾ 'ਓਹੋ, ਹਾਏ-ਹਾਏ'। ਇਸੇ ਕਾਰਨ ਉਹ ਗਾਣਾ ਮੇਰੇ ਰਿਕਾਰਡ ਕਰਨ ਤੋਂ ਪਹਿਲਾਂ ਹੀ ਪੰਜਾਬ ਵਿੱਚ ਹਿੱਟ ਸੀ। ਸਾਰੇ ਕਹਿੰਦੇ ਸੀ ਕਿ ਖਾਲਸਾ ਕਾਲਜ ਜਲੰਧਰ ਦੇ ਮੁੰਡੇ ਮਲਕੀਤ ਸਿੰਘ ਦਾ ਗਾਣਾ ਹੈ।

**ਬ੍ਰਿਟੇਨ ਵਿੱਚ ਕੀਤੀ ਪਹਿਲੀ ਰਿਕਾਰਡਿੰਗ**

ਮਲਕੀਤ ਸਿੰਘ ਨੇ ਬਰਮਿੰਘਮ ਵਿੱਚ ਡੈਨਿਮ ਦੀ ਫੈਕਟਰੀ ਵਿੱਚ ਕੰਮ ਕੀਤਾ ਸੀ।ਮਲਕੀਤ ਸਿੰਘ ਕਹਿੰਦੇ ਹਨ, ਗਾਣਾ ਗਾਉਣਾ ਮੇਰਾ ਪਹਿਲਾਂ ਦਾ ਸ਼ੌਕ ਸੀ। ਫਿਰ ਮੈਂ ਬ੍ਰਿਟੇਨ ਆ ਗਿਆ। ਉੱਥੇ ਮੈਂ ਕਾਫੀ ਮਿਹਨਤ ਕੀਤੀ। ਮੇਰੇ ਦੋਸਤ-ਮਿੱਤਰ ਮੈਨੂੰ ਕਹਿੰਦੇ ਤੁਸੀਂ ਪੰਜਾਬ ਵਿੱਚ ਤਾਂ ਕਾਫੀ ਚੰਗਾ ਗਾਉਂਦੇ ਸੀ,



ਇੱਥੇ ਵੀ ਕੁਝ ਰਿਕਾਰਡਿੰਗ ਕਰੋ।ਉਸ ਵੇਲੇ ਲੰਡਨ ਵਿੱਚ ਸਾਜ਼ ਵਜਾਉਣ ਵਾਲੇ ਨਹੀਂ ਹੁੰਦੇ ਸੀ। ਫਿਰ ਇੰਡੀਆ ਤੋਂ ਇੱਕ ਭੰਗੜੇ ਦੀ ਟੀਮ ਲੰਡਨ ਆਈ ਜਿਸ ਵਿੱਚ ਇੱਕ ਢੋਲ ਵਾਲਾ ਸੀ, ਇੱਕ ਹਰਮੋਨੀਅਮ ਵਾਲਾ ਸੀ। ਤੂੰਬੀ ਮੈਂ ਖੁਦ ਵਜਾ ਲੈਂਦਾ ਸੀ।ਗੁੜ ਨਾਲੋਂ ਇਸ਼ਕ ਮਿੱਠਾ ਮੈਂ ਬਰਮਿੰਘਮ ਵਿੱਚ ਰਿਕਾਰਡ ਕੀਤਾ। ਜਦੋਂ ਮੈਂ ਇਹ ਗੀਤ ਰਿਲੀਜ਼ ਕੀਤਾ ਤਾਂ ਲੋਕਾਂ ਨੇ ਬਹੁਤ ਪਸੰਦ ਕੀਤਾ। ਅਸੀਂ ਵੀ ਜੋਸ਼-ਜੋਸ਼ ਵਿੱਚ 11-12 ਮਿੰਟ ਦਾ ਗਾਣਾ ਰਿਲੀਜ਼ ਕਰ ਦਿੱਤਾ। ਲੋਕ ਨੱਚਣਾ ਚਾਹੁੰਦੇ ਸੀ। ਗੁੜ ਨਾਲੋਂ ਇਸ਼ਕ ਮਿੱਠਾ ਗਾਣਾ ਇੰਨਾ ਮਸ਼ਹੂਰ ਹੋਇਆ ਕਿ ਮੈਨੂੰ ਕੌਂਸਰਟ ਮਿਲਣੇ ਸ਼ੁਰੂ ਹੋ ਗਏ। ਫਿਰ ਮੈਂ ਇੱਕ ਗਾਇਕ ਬਣ ਗਿਆ ਤੇ ਮੇਰੀ ਪ੍ਰੋਫੈਸ਼ਨਲ ਲਾਈਫ ਸ਼ੁਰੂ ਹੋ ਗਈ। ਫਿਰ ਤੂਤਕ-ਤੂਤਕ ਤੂਤੀਆਂ ਗਾਣਾ ਹਿੱਟ ਹੋ ਗਿਆ।

**ਬ੍ਰਿਟੇਨ 'ਚ ਪਛਾਣ ਮਿਲਣੀ ਸ਼ੁਰੂ ਹੋਈ**

ਉਸ ਵੇਲੇ ਨੂੰ ਯਾਦ ਕਰਦਿਆਂ ਮਲਕੀਤ ਸਿੰਘ ਕਹਿੰਦੇ ਹਨ, ਅਸੀਂ ਉਨ੍ਹਾਂ ਨਾਈਟ ਕਲੱਬਾਂ ਵਿੱਚ ਵੀ ਪਰਫੌਰਮ ਕੀਤਾ ਹੈ ਜਿੱਥੇ ਕਦੇ ਕਿਸੇ ਭਾਰਤੀ ਨੇ ਪੇਸ਼ਕਾਰੀ ਨਹੀਂ ਦਿੱਤੀ ਸੀ। ਰਾਤ 12-12 ਵਜੇ ਤੱਕ ਨਾਈਟ ਕਲੱਬਾਂ ਦੇ ਬਾਹਰ ਲੋਕਾਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਸਨ। ਮੈਂ ਕਈ ਵਾਰ ਸਵੇਰੇ ਤਿੰਨ-ਤਿੰਨ ਵਜੇ ਸਟੇਜ ਉੱਤੇ ਚੜ੍ਹਦਾ ਹੁੰਦਾ ਸੀ। ਅਸੀਂ ਅੰਗਰੇਜ਼ਾਂ ਨੂੰ ਦੱਸ ਦਿੱਤਾ ਸੀ ਕਿ ਸੋਲਡ ਆਊਟ ਸ਼ੋਅ ਦੇ ਲਈ ਪੰਜਾਬੀ ਮਿਊਜ਼ਿਕ ਬੇਹੱਦ ਜ਼ਰੂਰੀ ਹੈ।ਅਸੀਂ ਨਾਈਟ ਕਲੱਬਾਂ ਵਿੱਚੋਂ ਲੋਕਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਨੂੰ ਪੰਜਾਬੀ ਮਿਊਜ਼ਿਕ ਨਾਲ ਜੋੜਿਆ। ਅਸੀਂ ਦੱਸਿਆ ਕਿ ਅੰਗਰੇਜ਼ੀ ਰੈਪਿੰਗ ਤੋਂ ਪਰੇ ਹੋ ਕੇ ਵੀ ਤੁਸੀਂ ਪੰਜਾਬੀ ਗੀਤਾਂ ਉੱਤੇ ਨੱਚ ਸਕਦੇ ਹੋ।

**'ਪੰਜਾਬ ਦੀ ਖੁਸ਼ਬੂ ਗਾਣੇ ਤੋਂ ਆਉਣੀ ਚਾਹੁੰਦੀ ਹੈ'**

ਮਲਕੀਤ ਸਿੰਘ ਮੁਤਾਬਕ ਗਾਣੇ ਵਿੱਚੋਂ ਪੰਜਾਬ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਇਹ ਪਤਾ ਲੱਗਣਾ ਚਾਹੀਦਾ ਹੈ ਕਿ ਪੰਜਾਬੀ ਗਾਣਾ ਹੈ।ਉਹ ਕਹਿੰਦੇ ਹਨ, ਗਾਣਾ ਜਦੋਂ ਟੀਵੀ ਉੱਤੇ ਲੱਗੇ ਜਾਂ ਰੇਡੀਓ ਉੱਤੇ ਲੱਗੇ ਤਾਂ ਪਤਾ ਲੱਗਣਾ ਚਾਹੀਦਾ ਹੈ ਕਿ ਗਾਣਾ ਪੰਜਾਬੀ ਹੈ। ਅੱਜ ਦੇ ਗਾਣਿਆਂ ਵਿੱਚ ਕਈ ਵਾਰ ਪਤਾ ਹੀ ਨਹੀਂ ਲਗਦਾ ਕਿ ਗਾਣਾ ਪੰਜਾਬੀ ਹੈ ਜਾਂ ਹਿੰਦੀ।ਮਲਕੀਤ ਸਿੰਘ ਮੰਨਦੇ ਹਨ ਕਿ ਚੰਗੇ ਗਾਣੇ ਦਾ ਕੋਈ ਜੁੱਗ ਨਹੀਂ ਹੁੰਦਾ ਹੈ। ਉਹ ਕਹਿੰਦੇ ਹਨ, ਲੋਕ ਕਹਿੰਦੇ ਹਨ ਕਿ ਉਹ ਮਾਡਰਨਾਈਜ਼ ਹੋ ਗਏ ਹਨ ਪਰ ਮੈਨੂੰ ਲਗਦਾ ਹੈ ਕਿ ਕੁਝ ਵੀ ਮਾਡਰਨਾਈਜ਼ ਨਹੀਂ ਹੋਇਆ ਹੈ। ਲੋਕ ਮੇਰੇ ਉਹੀ ਗੀਤ ਪਸੰਦ ਕਰਦੇ ਹਨ ਜੋ ਉਹ 40 ਸਾਲ ਪਹਿਲਾਂ ਸੁਣਨਾ ਚਾਹੁੰਦੇ ਸਨ।ਮੈਂ ਜਾਗੋ ਆਈ ਗਾਇਆ, ਮਾਮਾ ਬੜਾ ਗ੍ਰੇਟ ਗਾਇਆ ਉਹ ਲੋਕਾਂ ਨੂੰ ਕਾਫੀ ਪਸੰਦ ਆਇਆ। ਕਈ ਗੀਤ ਮੈਂ ਵੱਖ-ਵੱਖ ਮਿਊਜ਼ਿਕ ਡਾਇਰੈਕਟਰਾਂ ਨਾਲ ਮਾਰਡਨ ਮਿਊਜ਼ਿਕ ਉੱਤੇ ਗਾਏ ਪਰ ਉਹ ਲੋਕਾਂ ਨੂੰ ਪਸੰਦ ਨਹੀਂ ਆਏ। ਮਲਕੀਤ ਸਿੰਘ ਕਹਿੰਦੇ ਹਨ ਕਿ ਜਿਵੇਂ ਲੋਕ ਅੱਜ ਵੀ ਸਰੋਂ ਦਾ ਸਾਗ ਤੇ ਮੱਕੇ ਦੀ ਰੋਟੀ ਖਾਣਾ ਪਸੰਦ ਕਰਦੇ ਹਨ ਉਵੇਂ ਹੀ ਮਿਊਜ਼ਿਕ ਨੂੰ ਜ਼ਿਆਦਾ ਮਾਰਡਰਨ ਕਰਨ ਦੀ ਲੋੜ ਨਹੀਂ ਹੈ। ਚੰਗਾ ਸੰਗੀਤ ਲੋਕ ਹਮੇਸ਼ਾ ਹੀ ਸੁਣਨਾ ਪਸੰਦ ਕਰਦੇ ਹਨ। ਜਦੋਂ ਗਾਣੇ ਦੇ ਬੋਲ ਲੋਕਾਂ ਨੂੰ ਸਮਝ ਆਉਣਗੇ ਤਾਂ ਹੀ ਗਾਣਾ ਚੱਲਦਾ ਹੈ।

**ਕਲਾਕਾਰ ਦੇ ਲੰਬੇ ਕਰੀਅਰ ਲਈ ਕੀ ਜ਼ਰੂਰੀ ਹੈ**

ਮਲਕੀਤ ਸਿੰਘ ਦਾ ਮਿਊਜ਼ਿਕ ਵਿੱਚ ਇੱਕ ਲੰਬਾ ਕਰੀਅਰ ਹੈ। ਮਲਕੀਤ ਸਿੰਘ ਨੂੰ ਇਹ ਵੀ ਪੁੱਛਿਆ ਕਿ ਆਖ਼ਰ ਹਰ ਪੀੜ੍ਹੀ ਤੁਹਾਡੇ ਨਾਲ ਜੁੜੀ ਰਹੀ, ਇਸ ਮੁਕਾਮ ਲਈ ਇੱਕ ਕਲਾਕਾਰ ਨੂੰ ਕੀ ਕਰਨਾ ਪੈਂਦਾ ਹੈ।ਇਸ ਬਾਰੇ ਮਲਕੀਤ ਸਿੰਘ ਕਹਿੰਦੇ, ਗੀਤ ਉਹੀ ਹੈ ਜੋ ਤੁਹਾਡੇ ਮਾਪਿਆਂ ਨੂੰ ਵੀ ਪਸੰਦ ਹੋਵੇ, ਤੁਹਾਨੂੰ ਵੀ ਪਸੰਦ ਹੋਵੇ ਤੇ ਤੁਹਾਡੇ ਬੱਚਿਆਂ ਨੂੰ ਵੀ ਪਸੰਦ ਹੋਵੇ।ਗੀਤ ਉਦੋਂ ਤੱਕ ਕਾਮਯਾਬ ਨਹੀਂ ਹੋ ਸਕਦਾ ਜਦੋਂ ਤੱਕ ਗੀਤ ਪਰਿਵਾਰ ਨੂੰ ਪਸੰਦ ਨਹੀਂ ਆਉਂਦੇ, ਤੁਸੀਂ ਇਕੱਲੇ ਨੌਜਵਾਨਾਂ ਉੱਤੇ ਫੋਕਸ ਨਹੀਂ ਕਰ ਸਕਦੇ ਹੋ। ਇਹ ਗੱਲ ਲਾਈਵ ਸ਼ੋਅਜ਼ ਉੱਤੇ ਵੀ ਲਾਗੂ ਹੁੰਦੀ ਹੈ ਜੇ ਪਰਿਵਾਰ ਨਾਲ ਗੱਡੀਆਂ ਭਰ ਕੇ ਆਉਣਗੀਆਂ ਤਾਂ ਹੀ ਸ਼ੋਅਜ਼ ਦੀਆਂ ਟਿਕਟਾਂ ਵਿਕਣਗੀਆਂ ਨਹੀਂ ਤਾਂ ਸ਼ੋਅਜ਼ ਖਾਲੀ ਜਾਣਗੇ। ਜਦੋਂ ਮੈਂ ਗੀਤ ਗਾਉਂਦਾ ਹਾਂ ਤੇ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੇਰਾ ਗੀਤ ਬੱਚੇ ਨੂੰ ਵੀ ਪਸੰਦ ਆਏ ਤੇ ਉਸ ਦੀ ਸਮਝ ਵਿੱਚ ਆਵੇ। ਮੈਂ ਕਈ ਤਜਰਬੇ ਵੀ ਕੀਤੇ ਹਨ। ਮੈ ਨਾਈਟ ਕਲੱਬਾਂ ਵਾਲੇ ਗਾਣੇ ਵੀ ਗਾਏ, ਮਾਵਾਂ ਠੰਢੀਆਂ ਛਾਵਾਂ ਵਰਗੇ ਗੀਤ ਵੀ ਗਾਏ।

**ਮਲਕੀਤ ਲਈ ਹਿੱਟ ਗੀਤ ਦੀ ਪਰਿਭਾਸ਼ਾ ਕੀ ਹੈ**

ਜਦੋਂ ਮਲਕੀਤ ਸਿੰਘ ਨੂੰ ਪੁੱਛਿਆ ਕਿ ਯੂਟਿਊਬ ਤੇ ਵਿਊਜ਼ ਦੇ ਜ਼ਮਾਨੇ ਵਿੱਚ ਮਲਕੀਤ ਲਈ ਹਿੱਟ ਹੋਣ ਦਾ ਮਤਲਬ ਕੀ ਹੈ ਤਾਂ ਮਲਕੀਤ ਕਹਿੰਦੇ, ਜਦੋਂ ਤੁਸੀਂ ਲਾਈਵ ਪਰਫੌਰਮ ਕਰਦੇ ਹੋ ਤਾਂ ਤੁਹਾਨੂੰ ਜੋ ਤਾਰੀਫ ਮਿਲਦੀ ਹੈ ਉਸ ਦਾ ਕੋਈ ਤੋੜ ਨਹੀਂ ਹੈ।ਜਦੋਂ ਬਜ਼ੁਰਗ ਬੀਬੀਆਂ ਮੇਰੇ ਸਿਰ ਉੱਤੇ ਹੱਥ ਫੇਰ ਕੇ ਕਹਿੰਦੀਆਂ ਹਨ ਕਿ ਸਾਨੂੰ ਤੇਰਾ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਗਾਣਾ ਬਹੁਤ ਚੰਗਾ ਲਗਦਾ ਹੈ, ਤਾਂ ਉਹੀ ਗਾਣਾ ਹਿੱਟ ਹੈ।ਹੁਣ ਅੱਜਕਲ੍ਹ ਨੌਜਵਾਨਾਂ ਨੂੰ ਹੁੰਦਾ ਹੈ ਕਿ ਇੰਨੇ ਵਿਊਜ਼ ਆਉਣੇ ਚਾਹੀਦੇ ਹਨ ਜਾਂ ਇੰਨੇ ਆ ਗਏ ਹਨ। ਅਸਲ ਵਿੱਚ ਪੈਮਾਨਾ ਇਹ ਹੈ ਕਿ ਕਲਾਕਾਰ ਕੋਲ ਕੰਮ ਕਿੰਨਾ ਹੈ, ਕੀ ਲੋਕ ਉਸ ਨੂੰ ਜਾਣਦੇ ਹਨ ਜਾਂ ਉਹ ਲੋਕਾਂ ਵਿੱਚ ਕਿੰਨਾ ਮਸ਼ਹੂਰ ਹੈ।ਕਈ ਵਾਰ ਲੋਕਾਂ ਨੇ ਗਾਣਾ ਸੁਣਿਆ ਨਹੀਂ ਹੁੰਦਾ ਹੈ ਤੇ ਗਾਣੇ ਦੇ ਵਿਊਜ਼ 20 ਮਿਲੀਅਨ ਹੁੰਦੇ ਹਨ, ਇਸ ਨਾਲ ਕੋਈ ਫਾਇਦਾ ਨਹੀਂ ਹੁੰਦਾ ਹੈ।ਗਾਣਾ ਉਹ ਹੈ ਜੋ ਪਾਰਟੀ ਵਿੱਚ ਦੋ-ਤਿੰਨ ਵਾਰ ਰਿਪੀਟ ਹੋਏ। ਇਸ ਦਾ ਮਤਲਬ ਹੈ ਕਿ ਲੋਕ ਉਸ ਨੂੰ ਪਸੰਦ ਕਰ ਰਹੇ ਹਨ। ਮਲਕੀਤ ਸਿੰਘ ਨੇ ਦੱਸਿਆ ਕਿ ਉਹ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉੱਤੇ ਵੀ ਇੱਕ ਗੀਤ ਲੈ ਕੇ ਆਉਣ ਦੀ ਤਿਆਰੀ ਵਿੱਚ ਹਨ।ਉਹ ਕਹਿੰਦੇ, ਮੈਨੂੰ ਸ੍ਰੀ ਦਰਬਾਰ ਸਾਹਿਬ ਵਰਗਾ ਸਕੂਨ ਕਿਤੇ ਹੋਰ ਨਹੀਂ ਮਿਲਦਾ। ਦਰਬਾਰ ਸਾਹਿਬ ਆ ਕੇ ਮੈਂ ਬਹੁਤ ਭਾਵੁਕ ਹੋ ਜਾਂਦਾ ਹੈ। ਮੈਂ ਇੱਕ ਗੀਤ ਲਿਖਣਾ ਚਾਹੁੰਦਾ ਹੈ। ਮੈਂ ਵਿਦੇਸ਼ੀਆਂ ਨੂੰ ਵੀ ਦਰਬਾਰ ਸਾਹਿਬ ਬਾਰੇ ਦੱਸਦਾ ਹਾਂ ਤੇ ਸਾਨੂੰ ਪਰਮੋਟ ਵੀ ਕਰਨਾ ਚਾਹੀਦਾ ਹੈ।

## ਗੀਤ ਬਾਰੇ ਮਲਕੀਤ ਕਿਹੜੀਆਂ ਗੱਲਾਂ ਚੇਤੇ ਰੱਖਦੇ



ਉਹ ਕਹਿੰਦੇ, ਮੈਂ ਗਾਣੇ ਖੁਦ ਲਿਖਦਾ ਹਾਂ। ਮੈਂ ਧਿਆਨ ਰੱਖਦਾ ਹਾਂ ਕਿ ਗਾਣੇ ਦੇ ਬੋਲ ਚੰਗੇ ਤੇ ਖਿੱਚਵੇਂ ਹੋਣ। ਮੈਂ ਇਸ ਗੱਲ ਨੂੰ ਵੀ ਤਰਜੀਹ ਦਿੰਦਾ ਹਾਂ ਕਿ ਮੇਰੇ ਗਾਣੇ ਦੇ ਬੋਲ ਕਿਸੇ ਵੀ ਤਰੀਕੇ ਦੇ ਨਾਲ ਵਿਵਾਦਿਤ ਨਾ ਹੋਣ। ਇੱਕ ਵੀ ਲਫ਼ਜ਼ ਅਜਿਹਾ ਨਾ ਹੋਵੇ ਜੋ ਕਿਸੇ ਦੇ ਦਿਲ ਨੂੰ ਦੁਖਾਏ ਜਾਂ ਇੱਕ ਵੀ ਲਫ਼ਜ਼ ਅਸ਼ਲੀਲਤਾ ਦੇ ਨੇੜੇ ਨਾਲ ਹੋਵੇ ਜਾਂ ਦੋਹਰੇ ਮਤਲਬ ਵਾਲਾ ਨਾ ਹੋਵੇ। ਸ਼ਬਦਾਂ ਦੀ ਚੋਣ ਤੋਂ ਬਾਅਦ ਮਲਕੀਤ ਸਿੰਘ ਗਾਣੇ ਦੀ ਧੁਨ ਵੱਲ ਜ਼ੋਰ ਦੇਣ ਦੀ ਗੱਲ ਕਹਿੰਦੇ ਹਨ। ਉਹ ਕਹਿੰਦੇ ਹਨ, ਗਾਣੇ ਦੀ ਕੰਪੋਜ਼ੀਸ਼ਨ ਉੱਤੇ ਮੈਂ ਬਹੁਤ ਹੀ ਜ਼ੋਰ ਲਗਾਉਂਦਾ ਹਾਂ। ਗਾਣੇ ਦੀ ਧੁੰਨ ਬਹੁਤ ਖਿੱਚਵੀਂ ਹੋਵੇ, ਜੇ ਗੱਲ ਨਹੀਂ ਬਣਦੀ ਤਾਂ ਮੈਂ ਸੋਚਦਾ ਹਾਂ ਕਿਸੇ ਹੋਰ ਤਰੀਕੇ ਨਾਲ ਕਰੀਏ।ਫਿਰ ਸੰਗੀਤ ਦੀ ਚੋਣ ਕਰਦੇ ਹਾਂ ਕਿ ਜਿਵੇਂ ਇਸ ਵਿੱਚ ਵਾਜਾ ਚਾਹੀਦਾ, ਢੋਲਕ ਚਾਹੀਦੀ ਹੈ ਜਾਂ ਤਬਲਾ ਚਾਹੀਦਾ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਜੋੜ ਕੇ ਗਾਣਾ ਬਣਦਾ ਹੈ ਤੇ ਇਸ ਮਗਰੋਂ ਵੀਡੀਓ ਬਣਦੀ ਹੈ।ਮਲਕੀਤ ਸਿੰਘ ਕਹਿੰਦੇ ਹਨ ਕਿ ਵੀਡੀਓ ਬਣਾਉਣ ਵੇਲੇ ਵੀ ਉਹ ਕਾਫੀ ਬਾਰੀਕੀ ਨਾਲ ਫੈਸਲੇ ਲੈਂਦੇ ਹਨ।ਮਲਕੀਤ ਕਹਿੰਦੇ ਹਨ, ਗਾਣੇ ਦੀ ਵੀਡੀਓ ਦੀ ਚੋਣ ਵੇਲੇ ਮੈਂ ਅਦਾਕਾਰਾ ਦੀ ਚੋਣ ਵੀ ਗਾਣੇ ਦੇ ਹਿਸਾਬ ਨਾਲ ਕਰਦਾ ਹਾਂ। ਇਸ ਮਗਰੋਂ ਡਾਂਸਰਾਂ ਦੇ ਕੱਪੜੇ ਕਿਹੜੇ ਹੋਣਗੇ, ਮੇਰੇ ਕੱਪੜੇ ਕੀ ਹੋਣਗੇ, ਇਨ੍ਹਾਂ ਸਾਰਿਆਂ ਦਾ ਖਿਆਲ ਰੱਖਦਾ ਹਾਂ। ਮਲਕੀਤ ਸਿੰਘ ਕਹਿੰਦੇ ਹਨ ਕਿ ਉਹ ਕਿਸੇ ਕੰਪਨੀ ਲਈ ਨਹੀਂ ਗਾਉਂਦੇ ਹਨ ਤੇ ਉਹ ਖੁਦ ਲਈ ਹੀ ਗਾਉਂਦੇ ਹਨ ਇਸ ਲਈ ਉਹ ਆਪਣੇ ਕੰਮ ਲਈ ਖੁਦ ਜ਼ਿੰਮੇਵਾਰ ਹਨ।

# ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਦਾ ਵਰਤਮਾਨ ਤੇ ਭਵਿੱਖ

*ਪੰਜਾਬੀ ਭਾਸ਼ਾ ਦਾ ਤੀਜਾ ਵੱਡਾ ਆਸਰਾ ਹੈ, ਪੰਜਾਬ ਨਾਲ ਲਗਾਤਾਰ ਸੰਪਰਕ। ਪੰਜਾਬ ਵੱਲ ਗੇੜੇ ਮਾਰਨੇ, ਟੈਲੀਫੋਨ ਜਾਂ ਇੰਟਰਨੈੱਟ ਜ਼ਰੀਏ ਸਬੰਧ ਜੋੜੀ ਰੱਖਣੇ, ਬੱਚਿਆਂ ਦੇ ਵਿਆਹ ਪੰਜਾਬ ਜਾ ਕੇ ਜਾਂ ਪੰਜਾਬੀ ਪਰਿਵਾਰਾਂ ਵਿੱਚ ਕਰਨੇ ਅਤੇ ਪੰਜਾਬ ਵਿੱਚ ਜਾਇਦਾਦ ਬਣਾਈ ਰੱਖਣਾ ਆਦਿ। ਜਿੰਨੀ ਦੇਰ ਵਿਦੇਸ਼ੀਆਂ ਦੀ ਜਾਇਦਾਦ ਪੰਜਾਬ ਵਿੱਚ ਪਈ ਰਹੇਗੀ, ਉਹ ਪੰਜਾਬ ਦੇ ਸੰਪਰਕ ਵਿੱਚ ਰਹਿਣਗੇ ਪਰ ਜੇ ਵਿਦੇਸ਼ੀ ਲੋਕ ਪੰਜਾਬ ਦੀ ਜਾਇਦਾਦ ਤੋਂ ਮੋਹ ਭੰਗ ਕਰ ਬੈਠੇ ਤਾਂ ਉਹ ਹੌਲੀ-ਹੌਲੀ ਪੰਜਾਬ ਅਤੇ ਪੰਜਾਬੀ ਤੋਂ ਪਰ੍ਹੇ ਹੁੰਦੇ ਜਾਣਗੇ। ਚੌਥੀ ਤਰ੍ਹਾਂ ਦੇ ਯਤਨ ਜੋ ਪੰਜਾਬੀ ਭਾਸ਼ਾ ਨੂੰ ਸਾਂਭਣ ਦੇ ਕੀਤੇ ਜਾ ਰਹੇ ਹਨ, ਉਹ ਹੈ ਸਮਾਜਕ ਅਤੇ ਭਾਈਚਾਰਕ ਸਾਂਝ। ਇਨ੍ਹਾਂ ਨੂੰ ਕਈ ਥਾਈਂ ਵੰਡ ਕੇ ਵਿਚਾਰਿਆ ਜਾ ਸਕਦਾ ਹੈ।*




ਬਲਵਿੰਦਰ ਚਹਿਲ ਨਿਊਜ਼ੀਲੈਂਡ

ਭਾਸ਼ਾ ਸਿਰਫ ਸੰਚਾਰ ਨਹੀਂ ਸਗੋਂ ਕਿਸੇ ਵੀ ਸਭਿਅਤਾ ਦੇ ਇਤਿਹਾਸ, ਨਸਲ ਅਤੇ ਵਿਰਸੇ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਜ਼ਰੀਆ ਵੀ ਹੈ। ਜਿਵੇਂ ਪੰਜਾਬੀ ਦਾ ਨਾਂ ਲੈਂਦਿਆਂ ਹੀ ਬਾਬਾ ਫ਼ਰੀਦ, ਗੁਰੂ ਨਾਨਕ ਅਤੇ ਬੁੱਲ੍ਹੇ ਸ਼ਾਹ ਦਾ ਨਾਂ ਸਾਹਮਣੇ ਆ ਜਾਂਦਾ ਹੈ। ਪੰਜਾਬੀ ਨਾਲ ਵਾਹ ਪੈਂਦਿਆਂ ਇਕ ਅਜਿਹੀ ਮਾਨਵਵਾਦੀ ਜਦੋਜਹਿਦ ਦਾ ਦ੍ਰਿਸ਼ ਸਾਹਮਣੇ ਆਉਂਦਾ ਹੈ ਜੋ ਕਲਿਆਣਕਾਰੀ ਸੋਚ ਨਾਲ ਸਰੋਕਾਰ ਰੱਖਦਿਆਂ ਇਕ ਨਵੀਂ ਜੀਵਨ-ਜਾਚ ਦਾ ਰਾਹ ਦਸੇਰਾ ਬਣੀ। ਭਾਸ਼ਾ ਸਾਨੂੰ ਸਦੀਆਂ ਦੀ ਦਾਸਤਾਨ ਸੁਣਾਉਂਦੀ ਅਤੇ ਸਿਖਾਉਂਦੀ ਹੈ ਜਿਸ ਰਾਹੀਂ ਕਿਸੇ ਵਿਸ਼ੇਸ਼ ਭੂ-ਖੰਡ ਵਿੱਚ ਵਸਣ ਵਾਲੇ ਲੋਕਾਂ ਦੇ ਗੁਣ, ਵਿਹਾਰ, ਆਚਾਰ, ਸ਼ੌਕ, ਸੁਭਾਅ, ਵਿਸ਼ਵਾਸ, ਕੰਮ-ਕਾਜ ਅਤੇ ਮਨੋਰੰਜਨ ਆਦਿ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਸੋ ਭਾਸ਼ਾ ਮਹਿਜ਼ ਮਨ ਦੀ ਗੱਲ ਦੂਸਰੇ ਮਨ ਤਕ ਪਹੁੰਚਾਣ ਦਾ ਮਾਰਗ ਹੀ ਨਹੀਂ ਸਗੋਂ ਇਕ ਅਜਿਹੀ ਕੜੀ ਹੈ ਜੋ ਕਿਸੇ ਭਾਸ਼ਾ ਬੋਲਣ ਵਾਲੇ ਲੋਕਾਂ ਦਾ ਪਿਛੋਕੜ, ਜਦੋਜਹਿਦ, ਸੰਘਰਸ਼ ਅਤੇ ਪ੍ਰਾਪਤੀਆਂ ਦੀ ਤਸਵੀਰ ਵੀ ਉਜਾਗਰ ਕਰਦੀ ਹੈ। ਇਸੇ ਸੰਦਰਭ ਵਿੱਚ ਅਸੀਂ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਤੋਂ ਬਾਹਰ ਪੰਜਾਬੀ ਭਾਸ਼ਾ ਦਾ ਮਹੱਤਵ, ਸਥਿਤੀ ਅਤੇ ਭਵਿੱਖ ਜਾਨਣ ਦੀ ਕੋਸ਼ਿਸ਼ ਕਰਾਂਗੇ।

ਸਮੇਂ ਦੇ ਗੇੜ ਨਾਲ ਪੰਜਾਬੀ ਨੂੰ ਕਦੀ ਧਰਮ ਆਧਾਰਤ, ਕਦੀ ਲਿੱਪੀ ਆਧਾਰਤ ਅਤੇ ਕਦੀ ਦੋ ਦੇਸ਼ਾਂ ਵਿੱਚ ਵੰਡਣ ਦੀ ਕੋਸ਼ਿਸ਼ ਹੋਈ। ਦੇਸ਼ ਵੰਡ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨੂੰ ਸਿੱਖਾਂ ਦੇ ਹਿੱਸੇ, ਉਰਦੂ ਭਾਸ਼ਾ ਅਤੇ ਫਾਰਸੀ ਲਿੱਪੀ ਨੂੰ ਮੁਸਲਮਾਨਾਂ ਦੇ ਹਿੱਸੇ ਅਤੇ ਹਿੰਦੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਨੂੰ ਹਿੰਦੂਆਂ ਦੇ ਹਿੱਸੇ ਪਾਉਣ ਦੇ ਯਤਨ ਹੁੰਦੇ ਰਹੇ। ਫਿਰ ਪੰਜਾਬੀ ਭਾਸ਼ਾ ਨੂੰ ਦੇਵਨਾਗਰੀ ਵਿੱਚ ਲਿਖਣ ਦੀ ਪ੍ਰੋੜਤਾ ਵੀ ਹੋਈ। ਪਰ ਧੰਨ ਪੰਜਾਬੀ ਜਿਸ ਦੇ ਸਪੂਤ ਭਾਈ ਵੀਰ ਸਿੰਘ, ਫਿਰੋਜ਼ਦੀਨ ਸ਼ਰਫ ਅਤੇ ਧਨੀ ਰਾਮ ਚਾਤ੍ਰਿਕ ਵਰਗਿਆਂ ਨੇ ਸਿੱਖ, ਮੁਸਲਿਮ ਜਾਂ ਹਿੰਦੂ ਨਹੀਂ ਸਗੋਂ ਪੰਜਾਬੀ ਹੋਣ ਦਾ ਮਾਣ ਪ੍ਰਾਪਤ ਕੀਤਾ।

ਦੇਸ਼ ਵੰਡ ਨਾਲ ਪੰਜਾਬ ਅਤੇ ਪੰਜਾਬੀ ਦੋ ਥਾਈਂ ਵੰਡੀ ਗਈ। ਭਾਰਤ ਵਿੱਚ ਗੁਰਮੁਖੀ ਲਿੱਪੀ ਅਤੇ ਪਾਕਿਸਤਾਨ ਵਿੱਚ ਫਾਰਸੀ ਲਿੱਪੀ ਪ੍ਰਚੱਲਤ ਹੋ ਗਈਆਂ। ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਸਕੂਲਾਂ ਵਿੱਚ ਪੜ੍ਹਾਈ ਜਾ ਰਹੀ ਹੈ ਜਦ ਕਿ ਪਾਕਿਸਤਾਨ ਵਿੱਚ ਸਿਰਫ ਬੋਲੀ ਜਾਂਦੀ ਹੈ ਜਾਂ ਫਿਰ ਫਾਰਸੀ ਲਿੱਪੀ ਵਿੱਚ ਲਿਖੀ ਜਾ ਰਹੀ ਹੈ। ਇੰਜ ਪੰਜਾਬੀ ਲਿਖਣ ਲਈ ਦੋ ਨਿਸ਼ਚਿਤ ਲਿੱਪੀਆਂ ਪ੍ਰਯੋਗ ਹੋ ਰਹੀਆਂ ਹਨ ਪਰ ਹੁਣੇ ਜਿਹੇ ਖਬਰਾਂ ਆ ਰਹੀਆਂ ਹਨ ਕਿ ਉੱਤਰ ਪ੍ਰਦੇਸ਼ ਵਿੱਚ ਪੰਜਾਬੀ ਲਈ ਦੇਵਨਾਗਰੀ ਲਿੱਪੀ ਦਾ ਪ੍ਰਚਲਣ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਇਕ ਹੋਰ ਚੌਥੀ ਲਿੱਪੀ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ ਉਹ ਹੈ ਕੰਪਿਊਟਰ ਜ਼ਰੀਏ ਰੋਮਨ ਲਿੱਪੀ ਦੀ ਵਰਤੋਂ। ਭਾਵੇਂ ਇਹ ਰੁਝਾਨ ਪੰਜਾਬੋਂ ਬਾਹਰ ਜ਼ਿਆਦਾ ਚਲ ਰਿਹਾ ਹੈ। ਭਾਸ਼ਾ ਦੇ ਰਲੇਵੇਂ ਤਹਿਤ ਭਾਰਤੀ ਪੰਜਾਬੀ ਵਿੱਚ ਹਿੰਦੀ, ਸੰਸਕ੍ਰਿਤ ਦ ਸ਼ਬਦ ਘੁਸੜ ਰਹੇ ਹਨ ਤੇ ਪਾਕਿਸਤਾਨ ਵਿੱਚ ਫਾਰਸੀ, ਉਰਦੂ ਦਾ ਰਲੇਵਾਂ ਜਾਰੀ ਹੈ ਅਤੇ ਵਿਦੇਸ਼ਾਂ ਵਿੱਚ ਸਬੰਧਤ ਦੇਸ਼ ਦੇ ਭਾਸ਼ਾ ਦੇ ਸ਼ਬਦਾਂ ਦਾ ਰਲਣਾ ਤੇਜ਼ੀ ਨਾਲ ਵਧ ਰਿਹਾ ਹੈ।

ਭਾਵੇਂ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਸਮਾਜਿਕ ਅਤੇ ਸਭਿਆਚਾਰਕ ਰੂਪ ਵਿੱਚ ਪ੍ਰਫੁਲਤ ਹੋ ਰਹੀ ਹੈ ਪਰ ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਗਿਣਤੀ, ਪੰਜਾਬ ਤੋਂ ਦੂਰੀ ਅਤੇ ਸਥਾਨਕ ਸਰਕਾਰੀ ਸਹਾਇਤਾ ਅਨੁਸਾਰ ਪੰਜਾਬੀ ਨੂੰ ਵੱਖ-ਵੱਖ ਰੂਪਾਂ ਵਿੱਚ ਬੋਲਣ ਅਤੇ ਸਾਂਭਣ ਦੇ ਉਪਰਾਲੇ ਹੋ ਰਹੇ ਹਨ।

ਜਿਨ੍ਹਾਂ ਦੇਸ਼ਾਂ ਵਿੱਚ ਪੰਜਾਬੀ ਬਹੁ-ਗਿਣਤੀ ਕਰਕੇ ਜਾਂ ਸਕੂਲਾਂ ਵਿੱਚ ਪੜ੍ਹਾਈ ਜਾਣ ਕਰ ਕੇ ਬਚੀ ਹੋਈ ਹੈ, ਉੱਥੇ ਪੰਜਾਬੀ ਦੇ ਭਵਿੱਖ ਦਾ ਖਤਰਾ ਘੱਟ ਹੈ ਜਿਵੇਂ ਕੈਨੇਡਾ ਵਿੱਚ। ਪਰ ਜਿਨ੍ਹਾਂ ਦੇਸ਼ਾਂ ਵਿੱਚ ਜਾਂ ਕਹਿ ਲਵੋ ਵੱਖ-ਵੱਖ ਦੇਸ਼ਾਂ ਦੇ ਉਨ੍ਹਾਂ ਸ਼ਹਿਰਾਂ ਵਿੱਚ ਜਿੱਥੇ ਪੰਜਾਬੀ ਲੋਕਾਂ ਦੀ ਗਿਣਤੀ ਜ਼ਿਕਰਯੋਗ ਨਹੀਂ, ਉੱਥੇ ਪੰਜਾਬੀ ਭਾਸ਼ਾ ਦੇ ਭਵਿੱਖ ਪ੍ਰਤੀ ਡੂੰਘੀ ਸੋਚ -ਵਿਚਾਰ ਦੀ ਲੋੜ ਹੈ। ਵੇਖਦੇ ਹਾਂ ਕਿ ਪੰਜਾਬੀ ਨੂੰ ਜਿਉਂਦੇ ਰਹਿਣ ਜਾਂ ਰੱਖਣ ਲਈ ਕਿਨ੍ਹਾਂ ਔਖਾਂ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ ਅਤੇ ਇਸ ਦੇ ਭਵਿੱਖ ਦੀ ਕੀ ਆਸ ਰੱਖੀ ਜਾ ਸਕਦੀ ਹੈ।

ਪੰਜਾਬੀ ਦੇ ਪਹਿਲੇ ਹਿਤੈਸ਼ੀ ਉਹ ਲੋਕ ਹਨ ਜਿਨ੍ਹਾਂ ਨੂੰ ਪੰਜਾਬੀ ਨਾਲ ਮੋਹ ਹੈ ਅਤੇ ਉਹ ਇਸ ਦੇ ਭਵਿੱਖ ਪ੍ਰਤੀ ਚਿੰਤਤ ਵੀ ਹਨ। ਉਹ ਪੰਜਾਬੀ ਲੋਕ ਜਿਨ੍ਹਾਂ ਨੂੰ ਸਬੰਧਤ ਵਿਦੇਸ਼ੀ ਭਾਸ਼ਾ, ਜਿੱਥੇ ਵੀ ਰਹਿ ਰਹੇ ਹਨ, ਨਹੀਂ ਆਉਂਦੀ, ਉਹ ਵੀ ਪੰਜਾਬੀ ਦਾ ਆਧਾਰ ਹਨ। ਇਨ੍ਹਾਂ ਵਿੱਚ ਉਹ ਪੰਜਾਬੀ ਵੀ ਸ਼ਾਮਲ ਹਨ ਜਿਨ੍ਹਾਂ ਦਾ ਜਾਂ ਤਾਂ ਸਬੰਧਤ ਵਿਦੇਸ਼ੀ ਭਾਸ਼ਾ ਬੋਲਣ ਵਾਲੇ ਲੋਕਾਂ ਨਾਲ ਵਾਹ ਹੀ ਘੱਟ ਪੈਂਦਾ ਹੈ ਜਾਂ ਫਿਰ ਉਨ੍ਹਾਂ ਦਾ ਇੱਧਰੋਂ-ਉਧਰੋਂ ਸਰ ਜਾਂਦਾ ਹੈ।

ਪੰਜਾਬੀ ਨੂੰ ਦੂਜਾ ਸਹਾਰਾ ਉਨ੍ਹਾਂ ਲੋਕਾਂ ਜਾਂ ਪਰਿਵਾਰਾਂ ਦਾ ਹੈ ਜਿੱਥੇ ਘਰਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ। ਨਾਲ ਹੀ ਘਰ ਵਿੱਚ ਜੇ ਘਰ ਵਿੱਚ ਕੋਈ ਪੰਜਾਬੀ ਅਖਬਾਰ ਜਾਂ ਰਸਾਲਾ ਆਉਂਦਾ ਹੋਵੇ ਜਾਂ ਫਿਰ ਕੋਈ ਪੰਜਾਬੀ ਰੇਡੀਓ ਜਾਂ ਟੀ.ਵੀ. ਚਲਦਾ ਹੋਵੇ। ਪੰਜਾਬੀ ਪਰਿਵਾਰਾਂ ਦੇ ਆਪਸੀ ਸਬੰਧਾਂ ਦੀ ਵੀ ਕਾਫੀ ਮਹੱਤਤਾ ਹੈ ਭਾਵ ਜਿਨ੍ਹਾਂ ਪੰਜਾਬੀ ਪਰਿਵਾਰਾਂ ਦਾ ਹੋਰ ਪੰਜਾਬੀ ਪਰਿਵਾਰਾਂ ਨਾਲ ਮੇਲ-ਜੋਲ ਹੈ ਅਤੇ ਉਹ ਮਿਲਣ ਸਮੇਂ ਪੰਜਾਬੀ ਭਾਸ਼ਾ ਹੀ ਬੋਲਦੇ ਹੋਣ।

ਪੰਜਾਬੀ ਭਾਸ਼ਾ ਦਾ ਤੀਜਾ ਵੱਡਾ ਆਸਰਾ ਹੈ, ਪੰਜਾਬ ਨਾਲ ਲਗਾਤਾਰ ਸੰਪਰਕ। ਪੰਜਾਬ ਵੱਲ ਗੇੜੇ ਮਾਰਨੇ, ਟੈਲੀਫੋਨ ਜਾਂ ਇੰਟਰਨੈੱਟ ਜ਼ਰੀਏ ਸਬੰਧ ਜੋੜੀ ਰੱਖਣੇ, ਬੱਚਿਆਂ ਦੇ ਵਿਆਹ ਪੰਜਾਬ ਜਾ ਕੇ ਜਾਂ ਪੰਜਾਬੀ ਪਰਿਵਾਰਾਂ ਵਿੱਚ ਕਰਨੇ ਅਤੇ ਪੰਜਾਬ ਵਿੱਚ ਜਾਇਦਾਦ ਬਣਾਈ ਰੱਖਣਾ ਆਦਿ। ਜਿੰਨੀ ਦੇਰ ਵਿਦੇਸ਼ੀਆਂ ਦੀ ਜਾਇਦਾਦ ਪੰਜਾਬ ਵਿੱਚ ਪਈ ਰਹੇਗੀ, ਉਹ ਪੰਜਾਬ ਦੇ ਸੰਪਰਕ ਵਿੱਚ ਰਹਿਣਗੇ ਪਰ ਜੇ ਵਿਦੇਸ਼ੀ ਲੋਕ ਪੰਜਾਬ ਦੀ ਜਾਇਦਾਦ ਤੋਂ ਮੋਹ ਭੰਗ ਕਰ ਬੈਠੇ ਤਾਂ ਉਹ ਹੌਲੀ-ਹੌਲੀ ਪੰਜਾਬ ਅਤੇ ਪੰਜਾਬੀ ਤੋਂ ਪਰ੍ਹੇ ਹੁੰਦੇ ਜਾਣਗੇ।

ਚੌਥੀ ਤਰ੍ਹਾਂ ਦੇ ਯਤਨ ਜੋ ਪੰਜਾਬੀ ਭਾਸ਼ਾ ਨੂੰ ਸਾਂਭਣ ਦੇ ਕੀਤੇ ਜਾ ਰਹੇ ਹਨ, ਉਹ ਹੈ ਸਮਾਜਕ ਅਤੇ ਭਾਈਚਾਰਕ ਸਾਂਝ। ਇਨ੍ਹਾਂ ਨੂੰ ਕਈ ਥਾਈਂ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

ਸਾਰੇ ਜਾਣਦੇ ਹਨ ਕਿ ਸਿੱਖ ਗੁਰੂਆਂ ਦਾ ਪੰਜਾਬੀ ਸਾਹਿਤ, ਇਤਿਹਾਸ, ਸਮਾਜਕ ਵਿਕਾਸ ਅਤੇ ਲਿੱਪੀ ਪ੍ਰਤੀ ਯੋਗਦਾਨ ਵਿਲੱਖਣ ਹੈ। ਧੁਰ ਤੋਂ ਹੀ ਗੁਰੂਆਂ, ਗੁਰੂਆਂ ਦੀ ਸੰਗਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਪੰਜਾਬੀ ਭਾਸ਼ਾ ਨੂੰ ਸਾਂਭਿਆ, ਸੰਵਾਰਿਆ ਹੈ। ਉਪਰੰਤ ਗੁਰਦੁਆਰਿਆਂ ਦੀ ਸਥਾਪਨਾ ਨਾਲ ਹੋਣ ਵਾਲੇ ਧਾਰਮਿਕ ਸਮਾਗਮਾਂ ਨੇ ਵੀ ਪੰਜਾਬੀ ਭਾਸ਼ਾ ਅਤੇ ਸਮਾਜ ਨੂੰ ਸੇਧ ਦਿੱਤੀ। ਇਸੇ ਅਗਵਾਈ ਸਦਕਾ ਜਿੱਥੇ ਵੀ ਪੰਜਾਬੀ ਵਸਦੇ ਗਏ, ਉੱਥੇ ਗੁਰਦੁਆਰਿਆਂ ਦੀ ਉਸਾਰੀ ਹੁੰਦੀ ਗਈ। ਪੰਜਾਬੀਆਂ ਨੇ ਧਰਮ ਜਾਂ ਫਿਰਕੇ ਤੋਂ ਉਪਰ ਉਠ ਕੇ ਪੰਜਾਬੀ ਪ੍ਰਤੀ ਸੁਹਿਰਦਤਾ ਅਤੇ ਲਗਾਓ ਕਾਇਮ ਰੱਖਿਆ ਹੈ।

ਪੰਜਾਬੀ ਭਾਈਚਾਰੇ ਵੱਲੋਂ ਮਨਾਏ ਅਤੇ ਲਗਾਏ ਜਾਂਦੇ ਮੇਲੇ ਅਤੇ ਤਿੱਥ-ਤਿਓਹਾਰਾਂ ਨੇ ਵੀ ਪੰਜਾਬੀ ਨੂੰ ਵੱਖ-ਵੱਖ ਦੇਸ਼ਾਂ ਵਿੱਚ ਜਿਉਂਦਾ ਰੱਖਿਆ ਹੈ। ਵਿਸਾਖੀ ਤੋਂ ਦੀਵਾਲੀ, ਗੁਰਪੁਰਬਾਂ ਦੇ ਨਗਰ ਕੀਰਤਨ, ਵਿਆਹ, ਜਨਮ-ਦਿਨ, ਖੁਸ਼ੀ ਦੇ ਸਮਾਗਮ, ਟੂਰਨਾਮੈਂਟ, ਸੁਸਾਇਟੀ ਅਤੇ ਕਲੱਬਾਂ ਦੀਆਂ ਮੀਟਿੰਗਾਂ, ਸੋਗ-ਸਮਾਗਮਾਂ ਸਮੇਤ ਇਕ ਅਮੁੱਕ ਲੜੀ ਹੈ ਜੋ ਵਿਦੇਸ਼ਾਂ ਵਿੱਚ ਪੰਜਾਬੀਆਂ ਨੂੰ ਨਾ-ਸਿਰਫ ਜ਼ੁਬਾਨ ਦੇ ਆਧਾਰ 'ਤੇ ਹੀ ਜੋੜ ਕੇ ਰੱਖਦੀ ਹੈ ਸਗੋਂ ਪੰਜਾਬੀ ਪਰੰਪਰਾਵਾਂ ਜਾਂ ਮੰਨਤਾਂ ਨੂੰ ਵੀ ਜਿਉਂਦਾ ਰੱਖਦੀ ਹੈ।

ਸਭਿਆਚਾਰਕ ਸਮਾਗਮ ਭਾਵੇਂ ਉਹ ਗੀਤ-ਸੰਗੀਤ ਨਾਲ ਸਬੰਧਤ ਹੋਣ ਜਾਂ ਫਿਰ ਨਾਚ-ਮੇਲਿਆਂ ਨਾਲ ਪਰ ਉਹ ਜੀਵਨ ਵਿੱਚ ਹੁਲਾਸ ਪੈਦਾ ਕਰਨ ਦੇ ਨਾਲ-ਨਾਲ ਪੰਜਾਬੀਅਤ ਦਾ ਰੰਗ ਵੀ ਗੂੜ੍ਹਾ ਕਰਦੇ ਹਨ। ਪੰਜਾਬੀ ਗੀਤਾਂ ਵਿਚਲੀ ਅਸ਼ਲੀਲਤਾ ਅਤੇ ਗੀਤਾਂ ਦਾ ਡਿਗਦਾ ਮਿਆਰ ਇਕ ਨਾਕਾਰਾਤਮਿਕ ਪਹਿਲੂ ਹੈ, ਪ੍ਰੰਤੂ ਇੱਥੇ ਵਿਸ਼ੇ ਤੋਂ ਬਾਹਰ ਹੋਣ ਕਾਰਨ ਇਸ ਦਾ ਜ਼ਿਕਰ ਨਹੀਂ ਕੀਤਾ ਜਾ ਰਿਹਾ।

ਅਖੀਰ ਵਿੱਚ ਸਭ ਤੋਂ ਅਹਿਮ ਅਤੇ ਵਿਸ਼ੇਸ਼ ਯਤਨ ਹਨ ਸਮਾਜਕ ਅਤੇ ਸਾਹਿਤਕ ਸਮਾਗਮ ਜਾਂ ਫਿਰ ਨਾਟਕ ਅਤੇ ਚਿੰਤਨ-ਸੰਵਾਦ। ਭਾਵੇਂ ਇਨ੍ਹਾਂ ਦੀ ਗਿਣਤੀ ਵੀ ਘੱਟ ਹੁੰਦੀ ਹੈ ਅਤੇ ਇਨ੍ਹਾਂ ਵਿੱਚ ਪਹੁੰਚਣ ਵਾਲੇ ਲੋਕ ਵੀ ਘੱਟ ਹੁੰਦੇ ਹਨ ਪਰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਇਨ੍ਹਾਂ ਦੀ ਸਾਰਥਿਕਤਾ ਸਭ ਤੋਂ ਵੱਧ ਹੈ।

ਸਾਰਿਆਂ ਨੂੰ ਪਤਾ ਹੈ ਕਿ ਗਿੱਧਿਆਂ, ਭੰਗੜਿਆਂ, ਟੂਰਨਾਮੈਂਟਾਂ, ਗੀਤ-ਸੰਗੀਤ ਦੀ ਸਾਰਥਿਕਤਾ ਜਾਂ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਰਾਹੀਂ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਨੂੰ ਸਾਂਭਣ ਅਤੇ ਵਿਕਸਤ ਕਰਨ ਦਾ ਉਹ ਮੁਕਾਮ ਹਾਸਲ ਨਹੀਂ ਹੋਣਾ ਜੋ ਪੁਸਤਕਾਂ ਪੜ੍ਹਨ, ਚਿੰਤਨ ਕਰਨ ਅਤੇ ਸਾਹਿਤਕ ਸਮਾਗਮ ਜਾਂ ਸੈਮੀਨਾਰ ਕਰਵਾਉਣ ਨਾਲ ਹੋਣਾ ਹੈ। ਪੁਸਤਕ ਸਭਿਆਚਾਰ ਪ੍ਰਤੀ ਚਿੰਤਤ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਘਰਾਂ ਵਿੱਚ ਕਿਤਾਬਾਂ, ਅਖਬਾਰਾਂ ਜਾਂ ਰਸਾਲਿਆਂ ਦੀ ਆਮਦ ਬਹੁਤ ਨਿਗੂਣੀ ਹੈ। ਘਰ ਦੇ ਬਾਲਗ ਨਾ ਸਿਰਫ ਖੁਦ ਹੀ ਅਖਬਾਰ ਜਾਂ ਕਿਤਾਬ ਪੜ੍ਹਦੇ ਹਨ ਅਤੇ ਨਾ ਹੀ ਬੱਚਿਆਂ ਨੂੰ ਇਸ ਪਾਸੇ ਪ੍ਰੇਰਿਤ ਕਰਦੇ ਹਨ। ਇਸ ਲਈ ਪੁਸਤਕ ਗਿਆਨ ਸਰੋਤ ਨਾਂਹ ਦੇ ਬਰਾਬਰ ਵਰਤਿਆ ਜਾਂਦਾ ਹੈ।

ਵਿਦੇਸ਼ਾਂ ਵਿੱਚ ਵਸ ਰਹੇ ਪੰਜਾਬੀ ਭਾਈਚਾਰੇ ਦਾ ਸਰੂਪ ਪਛਾਣਨ ਲਈ ਉਨ੍ਹਾਂ ਨੂੰ ਭਾਰਤ-ਪਾਕਿਸਤਾਨ ਨਾਲ ਮੇਲ ਕੇ ਨਹੀਂ ਵੇਖਿਆ ਜਾ ਸਕਦਾ। ਭਾਰਤੀ ਪੰਜਾਬ ਵਿੱਚ ਤਾਂ ਪੰਜਾਬੀ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ। ਭਾਰਤ-ਪਾਕਿ ਦੋਹੀਂ ਥਾਈਂ ਸਮਾਜ ਵਿੱਚ ਪੰਜਾਬੀ ਦਾ ਬੋਲ-ਬਾਲਾ ਹੈ। ਪ੍ਰੰਤੂ ਵਿਦੇਸ਼ਾਂ ਵਿੱਚ ਪੰਜਾਬੀ ਲਈ ਮੌਕੇ ਪ੍ਰਦਾਨ ਕਰਨੇ ਪੈਂਦੇ ਹਨ ਜਿਨ੍ਹਾਂ ਲਈ ਉਚੇਚੇ ਯਤਨ ਕਰਨੇ ਪੈਂਦੇ ਹਨ।

ਸੋ ਚਾਹੀਦਾ ਹੈ ਕਿ ਵਿਦੇਸ਼ ਵਸਦੇ ਲੋਕ ਘਰਾਂ ਵਿੱਚ ਅਤੇ ਹੋਰਨਾਂ ਪੰਜਾਬੀ ਲੋਕਾਂ ਨਾਲ ਗੱਲਬਾਤ ਸਮੇਂ ਪੰਜਾਬੀ ਦੀ ਵਰਤੋਂ ਯਕੀਨੀ ਬਣਾਉਣ। ਖਾਸ ਕਰ ਬੱਚਿਆਂ ਨੂੰ ਗੱਲਬਾਤ ਵਿੱਚ ਵੱਧ ਤੋਂ ਵੱਧ ਸ਼ਾਮਲ ਕੀਤਾ ਜਾਵੇ। ਬੱਚਿਆਂ ਤੋਂ ਪੰਜਾਬ ਨੂੰ ਟੈਲੀਫੋਨ ਜਾਂ ਨੈੱਟ ਸੰਪਰਕ ਰਾਹੀਂ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ। ਜਦੋਂ ਵੀ ਪੰਜਾਬੀ ਬੱਚੇ ਆਪਸ ਵਿੱਚ ਮਿਲਣ, ਖੇਡਣ ਜਾਂ ਟੈਲੀਫੋਨ ਕਰਨ ਤਾਂ ਸੁਚੇਤ ਰਿਹਾ ਜਾਵੇ ਕਿ ਉਹ ਮਾਂ-ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਜੇ ਅਜਿਹਾ ਨਾ ਹੋਇਆ ਤਾਂ ਨਿਸ਼ਚਿਤ ਹੈ ਕਿ ਬੱਚੇ ਸਥਾਨਕ ਦੇਸ਼ ਦੀ ਭਾਸ਼ਾ ਦਾ ਹੀ ਇਸਤੇਮਾਲ ਕਰਨਗੇ ਕਿਉਂਕਿ ਉਹ ਭਾਸ਼ਾ ਉਨ੍ਹਾਂ ਦੇ ਸਕੂਲ ਦੀ ਭਾਸ਼ਾ ਹੈ ਅਤੇ ਭਵਿੱਖ ਦੇ ਸੁਪਨੇ ਪੂਰਾ ਕਰਨ ਦਾ ਸਾਧਨ ਵੀ। ਉਦਾਹਰਣ ਹਿੱਤ ਯੂ.ਪੀ., ਬਿਹਾਰ ਜਾਂ ਰਾਜਸਥਾਨ ਤੋਂ ਪੰਜਾਬ ਪਹੁੰਚੇ ਪਰਵਾਸੀ ਕਾਮਿਆਂ ਦੇ ਜੁਆਕ ਜਦੋਂ ਪੰਜਾਬ ਦੇ ਸਕੂਲਾਂ ਵਿੱਚ ਪੜ੍ਹਦੇ ਹਨ ਤਾਂ ਪੰਜਾਬੀ ਹੀ ਬੋਲਦੇ, ਸਿੱਖਦੇ ਅਤੇ ਲਿਖਦੇ ਹਨ।

ਸੋ ਪੰਜਾਬੀ ਨੂੰ ਜਿਉਂਦਾ ਅਤੇ ਵਧਦਾ-ਫੁਲਦਾ ਰੱਖਣ ਲਈ ਜ਼ਰੂਰੀ ਹੈ ਕਿ ਭਾਸ਼ਾ ਨੂੰ ਬੋਲਣ ਅਤੇ ਸੁਣਨ ਪੱਧਰ 'ਤੇ ਜਿਉਂਦਾ ਰੱਖਿਆ ਜਾਵੇ। ਜੇ ਇਹ ਲਗਾਓ ਰਹਿੰਦਾ ਹੈ ਤਾਂ ਲਿਖਣ-ਪੜ੍ਹਨ ਦੀ ਰੁਚੀ ਦੀ ਆਸ ਕੀਤੀ ਜਾ ਸਕਦੀ ਹੈ। ਜਿਵੇਂ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਅਤੇ ਸੁਣੀ ਜਾਂਦੀ ਹੈ ਪਰ ਹੁਣ ਗੁਰਮੁਖੀ ਵਿੱਚ ਲਿਖਣ ਅਤੇ ਛਪਣ ਦੀਆਂ ਵਿਚਾਰਾਂ ਸ਼ੁਰੂ ਹੋ ਗਈਆਂ ਹਨ ਜਿਹੜੀ ਕਿ ਹੁਣ ਤਕ ਸਿਰਫ ਪੜ੍ਹੇ-ਲਿਖੇ ਲੋਕਾਂ ਵੱਲੋਂ ਫਾਰਸੀ ਲਿੱਪੀ ਵਿੱਚ ਲਿਖੀ ਪੜ੍ਹੀ ਜਾਂਦੀ ਸੀ।

ਅਸੀਂ ਵੇਖ ਲਿਆ ਹੈ ਕਿ ਪਾਕਿਸਤਾਨ ਵਿੱਚ ਪੰਜਾਬੀਆਂ ਦੇ ਭਾਸ਼ਾ -ਮੋਹ ਨੇ ਅੱਜ ਉਨ੍ਹਾਂ ਨੂੰ ਗੁਰਮੁਖੀ ਲਿੱਪੀ ਵੱਲ ਪ੍ਰੇਰਿਤ ਕਰ ਲਿਆ ਹੈ। ਉੱਥੇ ਸਕੂਲਾਂ ਵਿੱਚ ਪੰਜਾਬੀ ਸ਼ੁਰੂ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ। ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਪੰਜਾਬੀ ਪੜ੍ਹਾਉਣ ਦੇ ਇੰਤਜ਼ਾਮ ਹੋ ਚੁੱਕੇ ਹਨ। ਤਕਰੀਬਨ ਸਾਰੇ ਵਿਦੇਸ਼ੀ ਮੁਲਕਾਂ ਵਿੱਚ ਗੁਰਦੁਆਰਿਆਂ ਵਿੱਚ ਥੋੜ੍ਹੀ-ਮੋਟੀ ਪੰਜਾਬੀ ਦੀ ਜਾਣਕਾਰੀ ਦਿੱਤੀ ਹੀ ਜਾਂਦੀ ਹੈ। ਨਾਲੇ ਜੇ ਭਲਾ ਫਿਜੀ ਵਰਗੇ ਨਿੱਕੇ ਜਿਹੇ ਟਾਪੂ-ਨੁਮਾ ਦੇਸ਼ ਵਿੱਚ ਭਾਰਤੀ ਮੂਲ ਦੇ ਲੋਕਾਂ ਨੇ ਭਾਰਤ ਨਾਲ ਨਾਂ-ਮਾਤਰ ਸਬੰਧ ਰੱਖਦੇ ਹੋਏ ਵੀ ਡੇਢ ਸੌ ਸਾਲ ਤੋਂ ਹਿੰਦੀ ਜੀਵਤ ਰੱਖੀ ਹੋਈ ਹੈ ਤਾਂ ਪੰਜਾਬੀ ਲਈ ਕਿਧਰੇ ਵੀ ਕੀ ਖਤਰਾ ਹੋ ਸਕਦਾ ਹੈ ?

ਪੰਜਾਬੀਆਂ ਦਾ ਪੰਜਾਬ ਨਾਲ ਲਗਾਤਾਰ ਸੰਪਰਕ ਇਸ ਗੱਲ ਦਾ ਗਵਾਹ ਹੈ ਕਿ ਉਹ ਜੰਮਣ -ਭੌਂ ਭੁੱਲਣ ਵਾਲੇ ਨਹੀਂ। ਹਰ ਰੋਜ਼ ਹਰ ਦਿਸ਼ਾ ਤੋਂ ਪੰਜਾਬੀਆਂ ਨਾਲ ਭਰੇ ਜਹਾਜ਼ ਭਾਰਤ ਵੱਲ ਜਾ-ਆ ਰਹੇ ਹਨ। ਵਿਦੇਸ਼ਾਂ ਵਿੱਚ ਮਿੰਨੀ ਪੰਜਾਬ ਉਸਰ ਰਹੇ ਹਨ। ਹੋਰ ਤਾਂ ਹੋਰ ਭਾਰਤੀ ਸਿਨੇਮੇ ਦੀ ਦੁਨੀਆ ਵਿੱਚ ਚੰਗੀ ਪਹੁੰਚ ਬਣ ਰਹੀ ਹੈ ਅਤੇ ਭਾਰਤੀ ਸਿਨੇਮੇ ਦਾ ਪੰਜਾਬੀਕਰਨ ਹੋ ਰਿਹਾ ਹੈ। ਇਹ ਪੰਜਾਬੀ ਲਈ ਚੰਗਾ ਹੁੰਗਾਰਾ ਹੈ।

ਆਸ ਕਰਦੇ ਹਾਂ ਕਿ ਪੰਜਾਬੀ ਵਿਦੇਸ਼ਾਂ ਵਿੱਚ ਵਿਦੇਸ਼ੀ ਭਾਸ਼ਾਵਾਂ ਨਾਲ ਓਤਪੋਤ ਹੋ ਕੇ ਜ਼ਿੰਦਾ ਰਹੇਗੀ ਭਾਵੇਂ ਕਿ ਇਸ ਦਾ ਮੌਜੂਦਾ ਸਰੂਪ ਥੋੜ੍ਹਾ ਬਦਲਦਾ ਰਹੇ। ਜੇ ਪੰਜਾਬ ਨਾਲ ਸਾਹਿਤਕ ਅਤੇ ਇਤਿਹਾਸਕ ਧਰਾਤਲ ਬੱਝੀ ਰਹੀ ਤਾਂ ਪੰਜਾਬੀ ਦਾ ਭਵਿੱਖ ਰੌਸ਼ਨ ਹੀ ਹੋਵੇਗਾ।






# ਇਕ ਜੱਟ ਦੇ ਖੇਤ ਨੂੰ ਅੱਗ ਲੱਗੀ ਵੇਖੋ ਆਣ ਕੇ ਕਦੋਂ ਬੁਝਾਂਵਦਾ ਈ....



- ਪ੍ਰੇਮ ਸਰੂਪ ਛਾਜਲੀ
9417134982

ਸਵੇਰ ਵੇਲੇ ਚੁਫੇਰੇ ਨਜ਼ਰ ਆਉਂਦੀ ਧੁੰਦ ਕੁਦਰਤੀ ਮੌਸਮ ਤਬਦੀਲੀ ਦੀ ਨਿਸ਼ਾਨੀ ਨਹੀਂ ਬਲਕਿ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਪੈਦਾ ਹੋਈ ਧੁਆਂਖੀ ਧੁੰਦ ਹੈ। ਧੁੰਦ ਅਤੇ ਧੂੰਏਂ ਦੇ ਸੁਮੇਲ ਤੋਂ ਪੈਦਾ ਹੁੰਦੀ ਇਹ ਧੁਆਂਖੀ ਧੁੰਦ ਜਿੱਥੇ ਸਿਹਤ ਲਈ ਹਾਨੀਕਾਰਕ ਹੈ ਉੱਥੇ ਵਾਤਾਵਰਨ ਪ੍ਰਦੂਸ਼ਣ ਫੈਲਾਉਣ ਅਤੇ ਹਾਦਸਿਆਂ ਨੂੰ ਸੱਦਾ ਦੇਣ ਲਈ ਵੀ ਜ਼ਿੰਮੇਵਾਰ ਹੈ। ਖੇਤਾਂ 'ਚ ਪਰਾਲੀ ਅਤੇ ਨਾੜ ਨੂੰ ਲਾਈ ਜਾਂਦੀ ਅੱਗ ਨਾਲ ਜੋ ਦ੍ਰਿਸ਼ ਪੈਦਾ ਹੁੰਦਾ ਹੈ ਉਸ ਨੂੰ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਨੇ ਬਹੁਤ ਸਮੇਂ ਪਹਿਲਾਂ ਲਿਖੇ ਕਿੱਸੇ 'ਹੀਰ' 'ਚ ਬਿਆਨਿਆ ਹੈ: 'ਇਕ ਜੱਟ ਦੇ ਖੇਤ ਨੂੰ ਅੱਗ ਲੱਗੀ ਵੇਖੋ ਆਣ ਕੇ ਕਦੋਂ ਬੁਝਾਂਵਦਾ ਈ।' ਅਕਤੂਬਰ ਅਤੇ ਨਵੰਬਰ ਵਿੱਚ ਹਵਾ ਪ੍ਰਦੂਸ਼ਣ ਵਿੱਚ ਚਿੰਤਾਜਨਕ ਵਾਧੇ ਦਾ ਇੱਕ ਕਾਰਨ ਪੰਜਾਬ ਅਤੇ ਹਰਿਆਣਾ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨਾ ਮੰਨਿਆ ਜਾਂਦਾ ਹੈ। ਕਿਸਾਨਾਂ ਨੂੰ ਅਕਤੂਬਰ 'ਚ ਖੇਤ ਖ਼ਾਲੀ ਕਰਨ ਦੀ ਕਾਹਲੀ ਵੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਆਪਣੀ ਹਾੜ੍ਹੀ ਦੀ ਫ਼ਸਲ ਆਲੂ, ਮਟਰ, ਸਰ੍ਹੋਂ, ਕਣਕ ਆਦਿ ਦੀ ਬਿਜਾਈ ਲਈ ਖੇਤ ਤਿਆਰ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਪੰਜਾਬ ਅਤੇ ਹਰਿਆਣਾ ਨੂੰ ਛੱਡ ਕੇ ਦੇਸ਼ ਭਰ 'ਚ ਜ਼ਿਆਦਾਤਰ ਝੋਨਾ ਹੱਥ ਨਾਲ ਵੱਢਿਆ ਜਾਂਦਾ ਹੈ ਅਤੇ ਫਿਰ ਹੱਥ ਨਾਲ ਹੀ ਝਾੜ ਕੇ ਕੱਢਿਆ ਜਾਂਦਾ ਹੈ। ਹੱਥ ਨਾਲ ਵੱਢਣ ਅਤੇ ਝਾੜਨ 'ਚ ਇੱਕ ਤਾਂ ਕੋਈ ਪ੍ਰਦੂਸ਼ਣ ਨਹੀਂ ਹੁੰਦਾ, ਡੀਜ਼ਲ ਦਾ ਖ਼ਰਚਾ ਬਚਦਾ ਹੈ ਅਤੇ ਦੂਜਾ ਪੇਂਡੂ ਖੇਤਰਾਂ 'ਚ ਮਜ਼ਦੂਰਾਂ ਨੂੰ ਖ਼ੂਬ ਰੁਜ਼ਗਾਰ ਵੀ ਮਿਲਦਾ ਹੈ। ਮਸ਼ੀਨ ਨਾਲ ਵਾਢੀ ਤੋਂ ਬਾਅਦ ਪਰਾਲੀ ਸਾੜਨ ਨਾਲ ਸਿਰਫ਼ ਪ੍ਰਦੂਸ਼ਣ ਹੀ ਨਹੀਂ ਹੁੰਦਾ ਸਗੋਂ ਜ਼ਮੀਨ 'ਚ ਨਾਈਟ੍ਰੋਜਨ, ਫ਼ਾਸਫੋਰਸ, ਸਲਫ਼ਰ, ਪੋਟਾਸ਼ੀਅਮ ਵਰਗੇ ਪੌਸ਼ਕ ਤੱਤਾਂ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਵੀ ਨੁਕਸਾਨ ਹੁੰਦਾ ਹੈ। ਇਸ ਕਾਰਨ ਅਗਲੀ ਫ਼ਸਲ 'ਚ ਹੋਰ ਜ਼ਿਆਦਾ ਮਾਤਰਾ 'ਚ ਰਸਾਇਣਿਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ ਇਸ ਨਾਲ ਕਿਸਾਨਾਂ ਦੀ ਲਾਗਤ ਅਤੇ ਧਰਤੀ ਦਾ ਤਾਪਮਾਨ ਵੀ ਵਧਦਾ ਹੈ ਜਿਸ ਨਾਲ ਬਹੁਤ ਸਾਰੇ ਹੋਰ ਗੰਭੀਰ ਮਾੜੇ ਨਤੀਜੇ ਹੁੰਦੇ ਹਨ ਅੱਗ 'ਚ ਖੇਤੀ 'ਚ ਸਹਾਇਕ ਗੰਢੋਆ, ਹੋਰ ਸੂਖ਼ਮ ਜੀਵ ਵੀ ਨਸ਼ਟ ਹੋ ਜਾਂਦੇ ਹਨ। ਇਸ ਨਾਲ ਭਵਿੱਖ 'ਚ ਫ਼ਸਲਾਂ ਦੀ ਪੈਦਾਵਰ ਵੱਡੀ ਮਾਤਰਾ 'ਚ ਘਟ ਸਕਦੀ ਹੈ ਅਤੇ ਦੇਸ਼ 'ਚ ਅੰਨ ਸੰਕਟ ਖੜ੍ਹਾ ਹੋ ਸਕਦਾ ਹੈ।

**ਵੱਧ ਖ਼ਤਰਨਾਕ ਹੁੰਦਾ ਪਰਾਲੀ ਦਾ ਧੂੰਆਂ**

ਕਿਸਾਨਾਂ ਵੱਲੋਂ ਹਰ ਸਾਲ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਲਾਈ ਜਾਂਦੀ ਅੱਗ ਦਾ ਮੁੱਦਾ ਅੱਗ ਵਾਂਗ ਹੀ ਭਖਦਾ ਰਹਿੰਦਾ ਹੈ ਕਿਉਂਕਿ ਝੋਨੇ ਦੀ ਪਰਾਲੀ ਵਾਲੀ ਅੱਗ ਦੇ ਧੂੰਏਂ ਦਾ ਸੇਕ ਹਰਿਆਣੇ ਵਿੱਚੋਂ ਹੁੰਦਾ ਹੋਇਆ ਦਿੱਲੀ ਤੱਕ ਵੀ ਪੁੱਜ ਜਾਂਦਾ ਹੈ। ਇਸ ਤੋਂ ਬਿਨਾਂ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਦਾ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਸੰਘਣੇ ਧੂੰਏਂ ਕਾਰਨ ਕਈ ਵਾਰ ਸੜਕ ਹਾਦਸੇ ਵੀ ਹੋ ਜਾਂਦੇ ਹਨ। ਪਰ ਝੋਨੇ ਦੀ ਪਰਾਲੀ ਦਾ ਇਹ ਜ਼ਹਿਰੀਲਾ ਧੂੰਆਂ ਕਿਸਾਨ ਦੇ ਆਪਣੇ ਅਤੇ ਉਸ ਦੇ ਪਰਿਵਾਰ ਦੇ ਫੇਫੜਿਆਂ ਵਿੱਚੋਂ ਲੰਘ ਕੇ ਅੱਗੇ ਜਾਂਦਾ ਹੈ। ਕਣਕ ਦੇ ਨਾੜ ਨਾਲੋਂ ਝੋਨੇ ਦੀ ਪਰਾਲੀ ਦਾ ਧੂੰਆਂ ਇਸ ਕਰਕੇ ਵੀ ਜ਼ਿਆਦਾ ਖ਼ਤਰਨਾਕ ਹੁੰਦਾ ਹੈ ਕਿਉਂਕਿ ਝੋਨੇ ਦੇ ਗਿੱਲੇ ਨਾੜ ਨੂੰ ਅੱਗ ਲਾਈ ਜਾਂਦੀ ਹੈ। ਜਿਸ ਕਰਕੇ ਧੂੰਆਂ ਸੰਘਣਾ ਤੇ ਚਿੱਟਾ ਹੁੰਦਾ ਹੈ। ਦੂਸਰਾ ਕਣਕ ਨਾਲੋਂ ਝੋਨੇ 'ਤੇ ਕੀਟਨਾਸ਼ਕ ਤੇ ਨਦੀਨਨਾਸ਼ਕਾਂ ਦੀ ਵਰਤੋਂ ਵੀ ਜ਼ਿਆਦਾ ਹੁੰਦੀ ਹੈ। ਜਿਸ ਕਰਕੇ ਧੂੰਆਂ ਜ਼ਹਿਰੀਲਾ ਹੋਣ ਕਰਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਕਰਦਾ ਹੈ। ਪਰਾਲੀ ਨੂੰ ਅੱਗ ਲੱਗਣ ਕਾਰਨ ਨੇੜੇ ਖੜ੍ਹੇ ਰੁੱਖ ਅਤੇ ਜ਼ਮੀਨ ਵਿੱਚ ਰਹਿਣ ਵਾਲੇ ਮਿੱਤਰ ਕੀੜੇ ਵੀ ਅੱਗ 'ਚ ਸੜ ਜਾਂਦੇ ਹਨ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਲਈ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਲਾਈ ਜਾਂਦੀ ਅੱਗ ਹੀ ਜ਼ਿੰਮੇਵਾਰ ਹੈ ਜਾਂ ਫਿਰ ਹੋਰ ਵੀ ਕਈ ਅਜਿਹੇ ਸਾਧਨ ਹਨ ਜਿਨ੍ਹਾਂ ਰਾਹੀਂ ਵਾਤਾਵਰਨ ਨੂੰ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਦੀਵਾਲੀ ਮੌਕੇ ਤਿਉਹਾਰ ਦੇ ਨਾਂਅ 'ਤੇ ਚਲਾਈ ਜਾਂਦੀ ਆਤਿਸ਼ਬਾਜੀ ਤੇ ਹੋਰ ਧਾਰਮਿਕ ਸਮਾਗਮਾਂ ਵੇਲੇ ਵੀ ਧਮਾਕੇਦਾਰ ਪਟਾਕੇ ਚਲਾਏ ਜਾਂਦੇ ਹਨ। ਜਿਨ੍ਹਾਂ ਰਾਹੀਂ ਸਾਰਾ ਸਾਲ ਹੀ ਪ੍ਰਦੂਸ਼ਣ ਫੈਲਦਾ ਰਹਿੰਦਾ ਹੈ।

**ਕਿਵੇਂ ਹੋਏ ਰੋਕਥਾਮ**

ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਖੇਤਾਂ 'ਚ ਪਰਾਲੀ ਸਮੇਟਣ ਵਾਲੇ ਸੰਦਾਂ 'ਤੇ ਸਬਸਿਡੀ ਪਿਛਲੇ ਕਈ ਸਾਲਾਂ ਤੋਂ ਦਿੱਤੀ ਜਾ ਰਹੀ ਹੈ ਫਿਰ ਵੀ ਇਹ ਮਸ਼ੀਨਰੀ ਖ਼ਰੀਦਣੀ ਦਰਮਿਆਨੇ ਤੇ ਛੋਟੇ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ।

**ਡੀਕੰਪੋਜ਼ਰ ਤਕਨੀਕ**

ਕੇਂਦਰੀ ਖੇਤੀ ਖੋਜ ਕੇਂਦਰ (ਪੂਸਾ) ਵੱਲੋਂ ਇਸ ਵਾਰ ਡੀਕੰਪੋਜ਼ਰ ਤਕਨੀਕ ਲਿਆਂਦੀ ਗਈ ਹੈ ਜਿਸ 'ਚ ਕੈਪਸੂਲ, ਗੁੜ ਤੇ ਵੇਸਣ ਦਾ ਘੋਲ ਤਿਆਰ ਕਰਕੇ ਪਰਾਲੀ 'ਤੇ ਛਿੜਕਾਅ ਕੀਤਾ ਜਾਵੇਗਾ ਖੇਤੀ ਮਾਹਿਰਾਂ ਅਨੁਸਾਰ ਇਸ ਛਿੜਕਾਅ ਨਾਲ ਪਰਾਲੀ ਗਲ਼ ਕੇ ਖਾਦ ਬਣ ਜਾਵੇਗੀ ਜੇ ਇਹ ਤਕਨੀਕ ਕਾਮਯਾਬ ਹੁੰਦੀ ਹੈ ਤਾਂ ਅਗਲੇ ਸਾਲ ਇਸ ਨੂੰ ਦੇਸ਼ ਅੰਦਰ ਵੱਡੇ ਪੱਧਰ 'ਤੇ ਅਪਣਾਇਆ ਜਾ ਸਕਦਾ ਹੈ। ਦਰਅਸਲ ਤਕਨੀਕ ਹੀ ਇਸ ਮਸਲੇ ਦਾ ਸਹੀ ਹੱਲ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜ਼ਮੀਨ ਨੂੰ ਅੱਗ ਲੱਗਣ ਨਾਲ ਬਹੁਤ ਸਾਰੇ ਸੂਖ਼ਮ ਜੀਵ ਤੇ ਹੋਰ ਮਿੱਤਰ ਕੀਟ, ਜਿਹੜੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਕਰਦੇ ਹਨ, ਉਹ ਨਸ਼ਟ ਹੋ ਜਾਂਦੇ ਹਨ।ਇਸ ਲਈ ਲੋੜ ਹੈ ਕਿਸਾਨ ਸਮਝਦਾਰੀ ਤੋਂ ਕੰਮ ਲੈਣ ਤੇ ਥੋੜ੍ਹੀ ਜਿਹੀ ਮਿਹਨਤ ਨਾਲ ਨਾੜ ਨੂੰ ਖਾਦ ਦੇ ਰੂਪ ਵਿਚ ਵਰਤ ਕੇ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਨ ਨੂੰ ਖਰਾਬ ਹੋਣੋਂ ਬਚਾ ਸਕਦੇ ਹਨ। ਧਰਤੀ ਦੇ ਸੂਖ਼ਮ ਤੱਤ ਬਰਕਰਾਰ ਰਹਿੰਦੇ ਹਨ।ਤੇ ਧਰਤੀ ਦੀ ਉੱਪਰਲੀ ਤਹਿ ਵਿੱਚ ਕਿਸਾਨ ਦੇ ਮਿੱਤਰ ਕੀੜਿਆਂ ਦਾ ਕੋਈ ਵੀ ਨੁਕਸਾਨ ਨਹੀਂ ਹੁੰਦਾ।

**ਪਰਾਲੀ ਸਾੜਨ ਨਾਲ ਹੋਣ ਵਾਲੇ ਹੋਰ ਨੁਕਸਾਨ**

ਖੇਤਾਂ ਦੇ ਆਲੇ-ਦੁਆਲੇ ਖੜ੍ਹੀ ਬਨਸਪਤੀ ਦਾ ਬਹੁਤ ਨੁਕਸਾਨ ਹੁੰਦਾ ਹੈ, ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ ਜਿਸ ਦਾ ਮਨੁੱਖੀ ਸਿਹਤ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ, ਇਸ ਨਾਲ ਜੋ ਧੂੰਆਂ ਨਿੱਕਲਦਾ ਹੈ ਉਸਦਾ ਸੜਕੀ ਆਵਾਜਾਈ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਸਿੱਟੇ ਵਜੋਂ ਕਈ ਹਾਦਸੇ ਵਾਪਰਦੇ ਹਨ, ਵਾਤਾਵਰਨ ਵਿੱਚ ਤਾਪਮਾਨ ਦਾ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਕਈ ਫੈਕਟਰੀਆਂ, ਇੱਟਾਂ ਦੇ ਭੱਠੇ, ਕਾਰਖਾਨਿਆਂ ਆਦਿ ਰਾਹੀਂ ਵੀ ਰਹਿੰਦ ਖੂੰਹਦ ਤੇ ਧੂੰਏਂ ਦਾ ਪ੍ਰਦੂਸ਼ਣ ਹੁੰਦਾ ਹੈ ਜੋ ਕਿ ਇਨਸਾਨਾਂ ਲਈ ਬਹੁਤ ਹੀ ਖ਼ਤਰਨਾਕ ਹੈ।

ਕੰਬਾਇਨ ਨਾਲ ਵੱਢੀ ਝੋਨੇ ਦੀ ਰਹਿੰਦ-ਖੂੰਹਦ ਅਗਲੇਰੀ ਫ਼ਸਲ ਲਈ ਖੇਤ ਤਿਆਰ ਕਰਨ ਵਿਚ ਅੜਿੱਕਾ ਖੜ੍ਹਾ ਕਰਦੀ ਹੈ। ਇਸੇ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕਿਸਾਨ ਆਪਣੇ ਖੇਤਾਂ ਵਿਚ ਖੜ੍ਹੀ ਪਰਾਲੀ ਨੂੰ ਅੱਗ ਲਾ ਦਿੰਦੇ ਹਨ।ਜਿਸ ਨਾਲ ਪੈਦਾ ਹੋਇਆ ਧੂੰਆਂ ਜਿੱਥੇ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਉੱਥੇ ਜਨ-ਜੀਵਨ ਉੱਪਰ ਵੀ ਇਸ ਦਾ ਡਾਢਾ ਮਾੜਾ ਅਸਰ ਪੈਂਦਾ ਹੈ। ਸੜਕਾਂ ਦੇ ਕਿਨਾਰੇ ਖੇਤਾਂ 'ਚ ਲਾਈ ਅੱਗ ਤੋਂ ਪੈਦਾ ਹੋਇਆ ਸਫ਼ੈਦ ਧੂੰਆਂ ਚਾਰ-ਪੰਜ ਕਿਲੋਮੀਟਰ ਤੱਕ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਇਹ ਧੂੰਆਂ ਜਿੱਥੇ ਹਾਦਸਿਆਂ ਨੂੰ ਸੱਦਾ ਦਿੰਦਾ ਹੈ।ਉੱਥੇ ਅੱਖਾਂ ਉਪਰ ਵੀ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ। ਸਾਹ ਦੀ ਬਿਮਾਰੀ ਨਾਲ ਪੀੜਤ ਲੋਕਾਂ ਲਈ ਇਹ ਧੂੰਆਂ ਹੋਰ ਵੀ ਮੁਸੀਬਤਾਂ ਖੜ੍ਹੀਆਂ ਕਰਦਾ ਹੈ। ਸ਼ਾਮ ਸਮੇਂ ਲਾਈ ਅੱਗ ਕਾਰਨ ਆਵਾਜਾਈ ਦੇ ਬਹੁਤੇ ਸਾਧਨ ਆਪਸ ਵਿਚ ਟਕਰਾ ਜਾਂਦੇ ਹਨ। ਇਨ੍ਹਾਂ ਹਾਦਸਿਆਂ ਵਿਚ ਅਕਸਰ ਰਾਹਗੀਰ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ।

ਦੀਵਾਲੀ ਦੇ ਤਿਉਹਾਰ ਮੌਕੇ ਲੋਕਾਂ ਵੱਲੋਂ ਚਲਾਏ ਪਟਾਕਿਆਂ ਦੇ ਪ੍ਰਦੂਸ਼ਣ ਅਤੇ ਪਰਾਲੀ ਨੂੰ ਅੱਗ ਲਾਉਣ ਦੇ ਪ੍ਰਦੂਸ਼ਣ ਕਾਰਨ ਇਨ੍ਹੀਂ ਦਿਨੀਂ ਪੰਜਾਬ ਦਾ ਵਾਤਾਵਰਨ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੁੰਦਾ ਹੈ ਜਿਸ ਕਾਰਨ ਲੋਕਾਂ ਨੂੰ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ ਤੇ ਲੋਕ ਸਾਹ, ਖੰਘ, ਦਮਾ ਆਦਿ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ। ਪੰਜਾਬ 'ਚ ਫੈਲ ਰਹੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਅਤੇ ਆਮ ਲੋਕਾਂ ਨੂੰ ਸੰਜੀਦਾ ਹੋਣ ਦੀ ਬਹੁਤ ਲੋੜ ਹੈ।

**ਪਰਾਲੀ ਸਾੜਨ ਦੇ ਮਾਮਲੇ**

ਪੰਜਾਬ 'ਚ ਪਰਾਲੀ ਸਾੜਨ ਦੇ ਇਕ ਹਜ਼ਾਰ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਨਾਲ ਇਸ ਸੀਜ਼ਨ ਦਾ ਰਿਕਾਰਡ ਟੁੱਟ ਗਿਆ ਹੈ। ਇਕ ਨਵੰਬਰ ਨੂੰ ਪਰਾਲੀ ਸਾੜਨ ਦੇ ਕੁੱਲ 1,921 ਮਾਮਲੇ ਦਰਜ ਕੀਤੇ ਗਏ ਹਨ ਜੋ ਮੌਜੂਦਾ ਸੀਜ਼ਨ 'ਚ ਸਭ ਤੋਂ ਵੱਧ ਹਨ। ਤਾਜ਼ਾ ਅੰਕੜਾ ਇਕ ਦਿਨ ਪਹਿਲਾਂ ਦੇ ਮੁਕਾਬਲੇ ਲਗਪਗ 28 ਫ਼ੀਸਦੀ ਦੀ ਵਾਧਾ ਦਰਸਾ ਰਿਹਾ ਹੈ। 31 ਅਕਤੂਬਰ ਨੂੰ ਪ੍ਰਾਂਤ 'ਚ ਪਰਾਲੀ ਸਾੜਨ ਦੀਆਂ 1,389 ਘਟਨਾਵਾਂ ਸਾਹਮਣੇ ਆਈਆਂ ਸਨ। ਜ਼ਿਲ੍ਹਾ ਸੰਗਰੂਰ ਪਰਾਲੀ ਸਾੜਨ 'ਚ ਸਭ ਤੋਂ ਅੱਗੇ ਹੈ। ਇਥੇ 31 ਅਕਤੂਬਰ ਨੂੰ ਇਕ ਹੀ ਦਿਨ 'ਚ 221 ਥਾਵਾਂ 'ਤੇ ਪਰਾਲੀ ਸਾੜੀ ਗਈ।

ਪਿਛਲੇ ਸਾਲ ਦੇ ਮੁਕਾਬਲੇ 46 ਫ਼ੀਸਦੀ ਘਟੇ ਮਾਮਲੇ ਇਸ ਸੀਜ਼ਨ 'ਚ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 46 ਫ਼ੀਸਦੀ ਕਮੀ ਹੋਈ ਹੈ। ਇਕ ਨੰਬਰ ਤਕ ਰਾਜ 'ਚ ਪਰਾਲੀ ਸਾੜਨ ਦੀਆਂ 9,594 ਘਟਨਾਵਾਂ ਹੋਈਆਂ ਹਨ। ਪਿਛਲੇ ਸਾਲ ਇਕ ਨਵੰਬਰ ਨੂੰ ਪਰਾਲੀ ਸਾੜਨ ਦੀ ਘਟਨਾਵਾਂ ਦਾ ਅੰਕੜਾ 17,846 ਸੀ।

**ਪਰਾਲੀ ਨੂੰ ਸਾਂਭਣ ਦੇ ਤਰੀਕੇ**

- ਪਰਾਲੀ ਦੀਆਂ ਗੰਢਾਂ ਬਣਾ ਕੇ ਖੇਤ ਵਿੱਚੋਂ ਕੱਢਣਾ : ਰੇਕ ਅਤੇ ਬੇਲਰ ਚਲਾ ਕੇ ਪਰਾਲੀ ਦੀਆਂ ਗੰਢਾਂ ਬਣਾ ਅਤੇ ਬਾਇਓਮਾਸ ਅਧਾਰਤ ਬਿਜਲੀ ਪਲਾਂਟਾਂ ਨੂੰ ਵੇਚ ਕੇ ਵਾਧੂ ਮੁਨਾਫਾ ਕਮਾਇਆ ਜਾ ਸਕਦਾ ਹੈ।

ਪਰਾਲੀ ਨੂੰ ਬਤੌਰ ਮਲਚ ਵਰਤ ਕੇ ਜ਼ਮੀਨ ਦੀ ਨਮੀ ਸਾਂਭਣਾ : ਜ਼ੀਰੋ ਟਿੱਲ ਡਰਿੱਲ/ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰੋ ਅਤੇ ਪਰਾਲੀ ਨੂੰ ਖੇਤ ਵਿਚ ਹੀ ਰਹਿਣ ਦਿਓ, ਇਹ ਗਲ-ਸੜ ਕੇ ਜ਼ਮੀਨ ਵਿਚ ਰਲ ਜਾਵੇਗੀ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਲਾਹੇਵੰਦ ਖਾਦ ਤੱਤਾਂ ਵਿਚ ਬਦਲ ਜਾਵੇਗੀ।

ਪਰਾਲੀ ਨੂੰ ਮਿੱਟੀ ਵਿਚ ਰਲਾ ਕੇ ਇਸ ਨੂੰ ਖਾਦ ਤੱਤਾਂ ਵਿਚ ਬਦਲਣਾ : ਪੈਡੀ ਸਟਰਾਅ ਚੌਪਰ ਸ਼ਰੈਡਰ ਅਤੇ ਰੋਟਾਵੇਟਰ ਨਾਲ ਪਰਾਲੀ ਦਾ ਕੁਤਰਾ ਕਰ ਕੇ ਖੇਤ ਦੀ ਮਿੱਟੀ ਵਿਚ ਮਿਲਾਓ ਤਾਂ ਜੋ ਇਸ ਤੋਂ ਵਧੀਆ ਰੂੜੀ ਖਾਦ ਦੇ ਰੂਪ ਵਿਚ ਜ਼ਰੂਰੀ ਤੱਤ ਅਗਲੀ ਫ਼ਸਲ ਨੂੰ ਪ੍ਰਾਪਤ ਹੋ ਸਕਣ ਅਤੇ ਜ਼ਮੀਨ ਦੀ ਸਿਹਤ ਵਿਚ ਸੁਧਾਰ ਹੋਵੇ।

# ਰਸਮਾਂ ਰੀਤਾਂ ਕਿ ਕੁਰੀਤੀਆਂ... ?

ਬਰਜਿੰਦਰ ਕੌਰ ਬਿਸਰਾਓ...
9988901324

ਸਾਡੇ ਸਮਾਜ ਵਿੱਚ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਬਹੁਤ ਰੀਤੀ ਰਿਵਾਜ ਜੁੜੇ ਹੋਏ ਹਨ। ਅਸਲ ਵਿੱਚ ਰੀਤੀ ਰਿਵਾਜ ਜਾਂ ਰਸਮਾਂ ਕੀ ਹੁੰਦੇ ਹਨ ? ਇਸ ਦੀ ਪਰਿਭਾਸ਼ਾ ਜਾਣਨਾ ਵੀ ਜ਼ਰੂਰੀ ਹੈ। ਉਂਝ ਰੀਤੀ ਰਿਵਾਜ ਇੱਕ ਰਸਮੀ ਢੰਗ ਹੈ ਜਿਸ ਵਿੱਚ ਇੱਕ ਸਮੂਹ ਜਾਂ ਭਾਈਚਾਰੇ ਦੇ ਲੋਕ ਨਿਯਮਤ ਤੌਰ @ਤੇ ਜੁੜਦੇ ਹਨ ਅਤੇ ਕੁਛ ਕਾਰਜ ਨਿਭਾਏ ਜਾਂਦੇ ਹਨ। ਸਾਡੇ ਪੁਰਖਿਆਂ ਦੁਆਰਾ ਜੋ ਸ਼ਗਨ ਜਾਂ ਕਾਰਜ ਮਿੱਥੇ ਗਏ ਸਨ ਉਹ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਹਨ ਤੇ ਲੋਕ ਉਹਨਾਂ ਨੂੰ ਅਪਣਾ ਕੇ ਅਗਾਂਹ ਦੀ ਅਗਾਂਹ ਚਲਾਉਂਦੇ ਆ ਰਹੇ ਹਨ ਇਸੇ ਲੜੀ ਨੂੰ ਰੀਤਾਂ ਕਿਹਾ ਜਾਂਦਾ ਹੈ ਅਤੇ ਰੀਤਾਂ ਨੂੰ ਅਪਣਾਉਣ ਨਾਲ ਉਹ ਰਿਵਾਜ ਬਣ ਜਾਂਦੇ ਹਨ ਤੇ ਜੋ ਕਾਰਜ ਨਿਭਾਏ ਜਾਂਦੇ ਹਨ ਉਹ ਰਸਮਾਂ ਹੁੰਦੀਆਂ ਹਨ। ਸਾਡੇ ਵੱਡੇ ਵਡੇਰਿਆਂ ਨੇ ਜੋ ਵੀ ਰੀਤਾਂ ਚਲਾਈਆਂ ਤੇ ਰਸਮਾਂ ਬਣਾਈਆਂ ਸਨ ਉਹਨਾਂ ਪਿੱਛੇ ਕੋਈ ਨਾ ਕੋਈ ਆਧਾਰ ਜ਼ਰੂਰ ਹੁੰਦਾ ਸੀ। ਉਹਨਾਂ ਪਿੱਛੇ ਕੋਈ ਨਾ ਕੋਈ ਕਾਰਨ ਛੁਪਿਆ ਹੋਇਆ ਹੁੰਦਾ ਸੀ ਜਿਸ ਦਾ ਨਤੀਜਾ ਸਾਰਥਕ ਹੀ ਨਿਕਲਦਾ ਸੀ। ਪਰ ਅੱਜ ਕੱਲ੍ਹ ਉਹੀ ਰੀਤੀ-ਰਿਵਾਜ ਅਤੇ ਰਸਮਾਂ ਖ਼ੁਸ਼ੀ ਦੇਣ ਵਾਲੀਆਂ ਘੱਟ ਸਗੋਂ ਕੁਰੀਤੀਆਂ ਵੱਧ ਬਣ ਕੇ ਉੱਭਰ ਰਹੀਆਂ ਹਨ। ਸਦੀ ਪਲਟਦੇ ਹੀ ਦੁਨੀਆ ਵਿੱਚ ਵਿਖਾਵੇ ਦੀ ਹੋੜ ਜਿਹੀ ਲੱਗ ਗਈ ਹੈ। ਪਹਿਲਾਂ ਲੋਕ ਕੋਈ ਵੀ ਕੰਮ ਆਪਣੀ ਹੈਸੀਅਤ ਨੂੰ ਮੁੱਖ ਰੱਖ ਕੇ ਕਰਦੇ ਸਨ,ਅੱਜ ਦੇ ਜ਼ਮਾਨੇ ਵਿੱਚ ਲੋਕ ਕੋਈ ਵੀ ਕੰਮ ਦੁਨੀਆਂ ਨੂੰ ਮੁੱਖ ਰੱਖ ਕੇ ਕਰਦੇ ਹਨ। ਉਹਨਾਂ ਦੀ ਸੋਚ ਉੱਪਰ ਦੁਨੀਆਂ ਦੀ ਸੋਚ ਦਾ ਪਹਿਰਾ ਲੱਗਿਆ ਹੁੰਦਾ ਹੈ। ਉਦਾਹਰਣ ਵਜੋਂ ਜੇ ਕਿਤੇ ਵਿਆਹ ਵਾਲੀ ਕੁੜੀ ਜਾਂ ਮੁੰਡੇ ਨੂੰ ਵਿਆਹ ਦੀ ਪੁਸ਼ਾਕ ਲੈ ਕੇ ਦੇਣੀ ਹੁੰਦੀ ਸੀ ਤਾਂ ਪਹਿਲਾਂ ਲੋਕ ਆਪਣੀ ਆਰਥਿਕ ਹਾਲਤ ਨੂੰ, ਆਪਣੀ ਪਸੰਦ ਨੂੰ ਤੇ ਆਪਣੇ ਵੱਡਿਆਂ ਦੀ ਸੋਚ ਨੂੰ ਮੁੱਖ ਰੱਖ ਕੇ ਬਣਾਉਂਦੇ ਸਨ ਪਰ ਅੱਜ ਕੱਲ੍ਹ ਲੋਕ ਨਾ ਆਪਣੇ ਸ਼ਿਸ਼ਟਾਚਾਰ ਨੂੰ ਮੁੱਖ ਰੱਖਦੇ ਹਨ,ਨਾ ਆਪਣੀ ਆਰਥਿਕ ਸਥਿਤੀ ਵੱਲ ਧਿਆਨ ਦਿੰਦੇ ਹਨ ਤੇ ਨਾ ਹੀ ਘਰ ਦੇ ਵੱਡਿਆਂ ਦੀ ਸੋਚ ਦੀ ਕਦਰ ਕਰਦੇ ਹਨ। ਅੱਜ ਕੱਲ੍ਹ ਇਹ ਸੋਚਿਆ ਜਾਂਦਾ ਹੈ ਕਿ ਜੇ ਕਿਤੇ ਉਹਨਾਂ ਨੇ ਨਵੇਂ ਫੈਸ਼ਨ ਦੀ ਪੁਸ਼ਾਕ ਨਾ ਪਾਈ ਤਾਂ ਲੋਕ ਕੀ ਸੋਚਣਗੇ,ਜੇ ਮਹਿੰਗੀ ਐ ਤਾਂ ਕੀ ਹੋਇਆ ਕਰਜ਼ਾ ਲੈ ਕੇ ਕਿਉਂ ਨਾ ਜ਼ਮਾਨੇ ਦੇ ਨਾਲ ਤੁਰਿਆ ਜਾਏ, ਵੱਡੇ ਬਜ਼ੁਰਗਾਂ ਦਾ ਕੀ ਏ, ਉਹਨਾਂ ਨੂੰ ਤਾਂ ਆਖ ਦਿੱਤਾ ਜਾਂਦਾ ਹੈ,÷ ਤੁਹਾਡੇ ਜ਼ਮਾਨੇ ਚਲੇ ਗਏ ਹਨ.... ਅੱਜ ਕੱਲ੍ਹ ਦੇ ਬੱਚਿਆਂ ਨੇ ਤਾਂ ਆਪਣੇ ਜ਼ਮਾਨੇ ਦੇ ਹਿਸਾਬ ਨਾਲ ਹੀ ਚੱਲਣਾ ਹੈ...! ਬਹੁਤ ਸਾਰੇ ਇਹੋ ਜਿਹੇ ਰੀਤੀ ਰਿਵਾਜ ਸਨ ਜੋ ਵੱਡਿਆਂ ਨੇ ਸ਼ਾਇਦ ਇੱਕ ਦੂਜੇ ਦੇ ਸਹਿਯੋਗ ਲਈ ਬਣਾਏ ਸਨ ਪਰ ਉਹ ਰਿਵਾਜ ਬੜੀ ਤੇਜ਼ੀ ਨਾਲ ਕੁਰੀਤੀਆਂ ਦਾ ਰੂਪ ਧਾਰਨ ਕਰ ਰਹੇ ਹਨ। ਮੋਟੇ ਤੌਰ ਤੇ ਜੇ ਦੇਖੀਏ ਤਾਂ ਸ਼ਗਨ ਦੇਣ ਦਾ ਰਿਵਾਜ,ਦਾਜ ਦੇਣਾ,ਬੱਚਾ ਹੋਣ ਵੇਲੇ ਗਰਭਵਤੀ ਔਰਤ ਨੂੰ ਵਿਦਿਆ ਕਰਕੇ ਪੇਕੇ ਤੋਰਨਾ ਜਾਂ ਇਹੋ ਜਿਹੇ ਅਨੇਕਾਂ ਹੋਰ ਨਿੱਕੇ ਮੋਟੇ ਰੀਤੀ ਰਿਵਾਜ ਸਨ ਜਿਨ੍ਹਾਂ ਪਿੱਛੇ ਕੋਈ ਚੰਗਾ ਕਾਰਨ ਛੁਪਿਆ ਹੁੰਦਾ ਸੀ ਪਰ ਇਹਨਾਂ ਰਿਵਾਜ਼ਾਂ ਉੱਪਰ ਪੂਰੀ ਤਰ੍ਹਾਂ ਵਿਖਾਵਾ ਅਤੇ ਫਜ਼ੂਲ ਖਰਚੀ ਭਾਰੂ ਹੋ ਚੁੱਕੇ ਹਨ। ਸ਼ਗਨ ਜਾਂ ਦਾਜ ਦੇਣ ਦਾ ਮੁੱਖ ਕਾਰਨ ਇਹ ਹੁੰਦਾ ਸੀ ਕਿ ਇੱਕ ਤਾਂ ਵੱਡਿਆਂ ਵੱਲੋਂ ਪਿਆਰ ਦੇ ਰੂਪ ਆਸ਼ੀਰਵਾਦ ਮਿਲ ਜਾਂਦਾ ਸੀ ਤੇ ਦੂਜਾ ਇਹ ਧਨ ਰਾਸ਼ੀ ਜਾਂ ਹੋਰ ਨਿੱਕਾ ਮੋਟਾ ਸਮਾਨ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਉਸ ਵਿੱਚ ਲਾਲਚ ਨਾਲ਼ੋਂ ਵੱਧ ਪਿਆਰ ਅਤੇ ਚਾਅ ਛੁਪਿਆ ਹੁੰਦਾ ਸੀ। ਦਾਜ ਦੇਣ ਲਈ ਵੀ ਕੁੜੀ ਦੇ ਮਾਪਿਆਂ ਨੂੰ ਉਹਨਾਂ ਦੇ ਰਿਸ਼ਤੇਦਾਰ ਪੁੱਛ ਕੇ ਜਾਂ ਦੱਸ ਕੇ ਸਮਾਨ ਦਿੰਦੇ ਸਨ ਤਾਂ ਜੋ ਧੀ ਦੇ ਮਾਪਿਆਂ ਦੇ ਇਸ ਕਾਰਜ ਵਿੱਚ ਹੰਭਲਾ ਮਾਰੀਏ ਤਾਂ ਜੋ ਉਹਨਾਂ ਦਾ ਬੋਝ ਘਟ ਜਾਏ।ਪਰ ਅੱਜ ਇਹ ਸ਼ਗਨ ਜਾਂ ਦਾਜ ਦੇਣ ਦੀ ਸਭ ਤੋਂ ਮਾੜੀ ਸਮਾਜਿਕ ਕੁਰੀਤੀ ਬਣ ਗਈ ਹੈ। ਸ਼ਗਨ ਦੇਣ ਦਾ ਰਿਵਾਜ ਅੱਜ ਕੱਲ੍ਹ ਸਿਰਫ਼ ਨਿਵੇਸ਼ ਦਾ ਸਾਧਨ ਬਣ ਚੁੱਕਿਆ ਹੈ,ਜਿਸ ਨੂੰ ਦੇਣ ਜਾਂ ਲੈਣ ਵਾਲਿਆਂ ਵੱਲੋਂ ਬਕਾਇਦਾ ਆਪਣੇ ਘਰਾਂ ਵਿੱਚ ਡਾਇਰੀਆਂ ਤੇ ਲਿਖ ਕੇ ਰੱਖਿਆ ਜਾਂਦਾ ਹੈ ਤਾਂ ਜੋ ਫੇਰ ਉਹਨਾਂ ਦੇ ਮੌਕਾ ਆਉਣ ਤੇ ਉਹ ਵਾਪਸ ਆਉਂਦਾ ਹੈ ਜਾਂ ਨਹੀਂ ਚਾਹੇ ਆਰਥਿਕ ਪੱਖੋਂ ਬਹੁਤ ਅੰਤਰ ਹੋਏ,ਇਸ ਗੱਲ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ।ਇਸੇ ਤਰ੍ਹਾਂ ਦਾਜ ਦੀ ਕੁਰੀਤੀ ਤੋਂ ਤਾਂ ਆਪਣਾ ਸਮਾਜ ਭਲੀਭਾਂਤ ਜਾਣੂ ਹੈ ਪਰ ਫਿਰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਵਿਆਹਾਂ ਵਿੱਚ ਲੈਣ ਦੇਣ ਨੂੰ ਲੈ ਕੇ ਸੌਦੇ ਕੀਤੇ ਜਾਂਦੇ ਹਨ ਜਿਸ ਦਾ ਖਾਮਿਆਜ਼ਾ ਉਹਨਾਂ ਦੀਆਂ ਔਲਾਦਾਂ ਨੂੰ ਹੀ ਭੁਗਤਣੇ ਪੈਂਦੇ ਹਨ। ਅੱਜ ਜਨਮ ਵੇਲੇ ਦੇ ਪ੍ਰੰਪਰਾਗਤ ਰਿਵਾਜ, ਜਨਮਦਿਨ ਮਨਾਉਣ ਦੇ ਪੱਛਮੀ ਸਭਿਆਚਾਰ ਅਧੀਨ ਮਨਾਏ ਜਾਣ ਵਾਲੇ ਰਿਵਾਜ, ਵਿਆਹਾਂ ਦੇ ਰਿਵਾਜ, ਇੱਥੋਂ ਤੱਕ ਕਿ ਮਰਨ ਵੇਲੇ ਆਖ਼ਰੀ ਰਸਮਾਂ ਵੇਲੇ ਦੇ ਰਿਵਾਜ ਵੀ ਕੁਰੀਤੀਆਂ ਬਣ ਚੁੱਕੇ ਹਨ ਜਿਸ ਵਿੱਚ ਨਿਰੀ ਫਜ਼ੂਲ ਖਰਚੇ ਅਤੇ ਵਿਖਾਵੇ ਦੀ ਨੁਮਾਇਸ਼ ਲਗਾਈ ਜਾਂਦੀ ਹੈ । ਜਿਹਨਾਂ ਨੇ ਜਿਊਂਦੇ ਜੀਅ ਆਪਣੇ ਬਜ਼ੁਰਗਾਂ ਨੂੰ ਰੋਟੀ ਪਾਣੀ ਤੋਂ ਵੀ ਤਰਸਾ ਤਰਸਾ ਕੇ ਮਰਨ ਲਈ ਛੱਡ ਦਿੱਤਾ ਹੋਵੇ ਉਹ ਲੋਕ ਵੀ ਸਮਾਜ ਵਿੱਚ ਆਪਣੀ ਇੱਜ਼ਤ ਵਧਾਉਣ ਲਈ ਉਹੀ ਬਜ਼ੁਰਗਾਂ ਦੇ ਮਰਨੇ ਤੇ ਛੱਤੀ ਪ੍ਰਕਾਰ ਦੇ ਖਾਣੇ ਲਗਾ ਕੇ ਬੜੀ ਲਾਇਕ ਔਲਾਦ ਹੋਣ ਦਾ ਸਬੂਤ ਦਿੰਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਵਿੱਚ ਰੀਤੀ ਰਿਵਾਜਾਂ ਦੇ ਨਾਂ ਤੇ ਨਿਰਾ ਵਿਖਾਵਾ ਕੀਤਾ ਜਾਂਦਾ ਹੈ,ਨਿਰੀ ਨੁਮਾਇਸ਼ ਲਗਾਈ ਜਾਂਦੀ ਹੈ, ਆਪਣੇ ਆਪ ਵੱਲੋਂ ਧਨਾਢ ਹੋਣ ਦਾ ਪੂਰਾ ਜ਼ੋਰ ਲਗਾ ਦਿੱਤਾ ਜਾਂਦਾ ਹੈ ਚਾਹੇ ਵੀਹ ਵੀਹ ਲੱਖ ਰੁਪਏ ਕਰਜ਼ਾ ਕਿਉਂ ਨਾ ਚੁੱਕਿਆ ਜਾਏ। ਜਿਹੜੇ ਸ਼ਗਨ ਮੂੰਹ ਨੂੰ ਗੁੜ ਦੀ ਰੋੜੀ ਲਾ ਕੇ ਨਿਭਾ ਲਏ ਜਾਂਦੇ ਸਨ ਉਹ ਗੀਰਿਆਂ ਦੀਆਂ ਮੁੰਦਰੀਆਂ ਵਟਾ ਕੇ ਨਿਭਾਏ ਜਾਣ ਲੱਗ ਪੈਣ ਤਾਂ ਸਮਾਜ ਵਿੱਚ ਵਧ ਰਹੀਆਂ ਕੁਰੀਤੀਆਂ ਨੂੰ ਕੋਈ ਨਹੀਂ ਰੋਕ ਸਕਦਾ। ਇਸ ਸਭ ਲਈ ਕੋਈ ਇੱਕ ਧਿਰ ਜ਼ਿੰਮੇਵਾਰ ਨਹੀਂ ਹੁੰਦੀ ਸਗੋਂ ਦੋਵੇਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ।

# ਬਹੁਤ ਹੋ ਗਿਆ ਵਿਗਾੜ, ਬੱਸ ਹੁਣ ਸੰਭਲ ਜਾਓ

ਲਾਭ ਸਿੰਘ ਸ਼ੇਰਗਿੱਲ ਬਡਰੁੱਖਾਂ
86995 35708

ਕਦੇ ਖੁੱਲ੍ਹੀ ਫਿਜ਼ਾ ਤੇ ਸ਼ੁੱਧ ਹਵਾ 'ਚ ਸਾਹ ਲੈਂਦਾ ਹੋਇਆ ਆਦਮੀ ਆਪਣੇ ਆਪ ਨੂੰ ਪੂਰਾ ਤੰਦਰੁਸਤ ਤੇ ਤਰੋਤਾਜ਼ਾ ਮਹਿਸੂਸ ਕਰਦਾ ਸੀ । ਅੱਜ ਹਵਾ ਪ੍ਰਦੂਸ਼ਿਤ ਹੋਣ ਨਾਲ਼ ਤੰਦਰੁਸਤੀ ਮਨੁੱਖ ਦੇ ਜੀਵਨ ਵਿੱਚੋਂ ਗਾਇਬ ਹੁੰਦੀ ਜਾ ਰਹੀ ਹੈ। ਆਦਮੀ ਦੀ ਕਾਇਆ ਬੀਮਾਰੀਆਂ ਦਾ ਘਰ ਹੋ ਰਹੀ ਹੈ । ਇਹ ਖੁਦ ਆਦਮੀ ਦੇ ਪੈਦਾ ਕੀਤੇ ਵਿਗਾੜ ਹਨ ਜਿੰਨ੍ਹਾਂ ਦਾ ਨਤੀਜਾ ਉਹ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦੇ ਰੂਪ ਵਿੱਚ ਭੁਗਤ ਰਿਹਾ ਹੈ । ਮਨੁੱਖ ਜਦੋਂ ਤੋਂ ਆਪਣੇ ਆਪ ਨੂੰ ਆਧੁਨਿਕ ਸਮਝਣ ਲੱਗਿਆ ਹੈ। ਤਰ੍ਹਾਂ-ਤਰ੍ਹਾਂ ਦੀਆਂ ਖੋਜਾਂ ਕੀਤੀਆਂ ਹਨ । ਚੰਗੇਰੇ ਜੀਵਨ ਲਈ ਅਨੇਕਾਂ ਸਹੂਲਤਾਂ ਅਪਣਾਈਆਂ ਹਨ ਉਦੋਂ ਤੋਂ ਇਸ ਨੇ ਰੱਜ ਕੇ ਵਾਤਾਵਰਨ ਨੂੰ ਮਧੋਲਿਆ ਹੈ। ਬੜੀ ਨਿਰਦੈਤਾ ਨਾਲ਼ ਇਸ ਹਰੀ ਭਰੀ ਧਰਤੀ ਨੂੰ ਆਧੁਨਿਕਤਾ ਦੇ ਨਾਂ 'ਤੇ ਉਜਾੜਿਆ ਹੈ। ਇਹ ਸਿਲਸਿਲਾ ਅਜੇ ਵੀ ਰੁਕਿਆ ਨਹੀਂ ਲਗਾਤਾਰ ਜਾਰੀ ਹੈ । ਇਸ ਨੇ ਕੁਦਰਤੀ ਫਿਜ਼ਾ ਨੂੰ ਉਜਾੜ ਕੇ ਕੰਕਰੀਟ ਦੀਆਂ ਦੀਵਾਰਾਂ ਖੜੀਆਂ ਕਰ ਲਈਆਂ ਹਨ ਜੋ ਤਨ-ਮਨ ਨੂੰ ਠੰਢਕ ਦੇਣ ਦੀ ਬਜਾਇ ਤਪਸ਼ ਹੀ ਪ੍ਰਦਾਨ ਕਰ ਰਹੀਆਂ ਹਨ । ਗਰਮੀ ਰੁੱਤ 'ਚੋਂ ਨਿਕਲ ਕੇ ਜਿਉਂ ਹੀ ਅਸੀਂ ਸਰਦੀ ਰੁੱਤ ਵਿੱਚ ਦਾਖਲ ਹੁੰਦੇ ਹਾਂ ਤਾਂ ਤਿਉਹਾਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਦੁਸਹਿਰਾ ਫਿਰ ਕੱਤਕ ਮਹੀਨੇ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ । ਲੋਕਾਂ ਦੇ ਮਨਾਂ ਵਿੱਚ ਇਸ ਤਿਉਹਾਰ ਪ੍ਰਤੀ ਬੜਾ ਉਤਸ਼ਾਹ ਤੇ ਖੁਸ਼ੀ ਹੁੰਦੀ ਹੈ । ਬੜੇ ਚਾਵਾਂ ਨਾਲ਼ ਇਸ ਦੀ ਸਭ ਨੂੰ ਉਡੀਕ ਹੁੰਦੀ ਹੈ । ਇਸੇ ਮਹੀਨੇ ਖੇਤਾਂ ਵਿੱਚ ਝੋਨੇ ਦੀ ਫਸਲ ਦੀ ਕਟਾਈ ਹੁੰਦੀ ਹੈ। ਖੇਤੀ ਨਾਲ਼ ਜੁੜੇ ਹਰ ਕਿਸਾਨ ਨੂੰ ਆਪਣੀ ਫਸਲ ਦਾ ਵੀ ਤਿਉਹਾਰ ਜਿੰਨਾ ਹੀ ਚਾਅ ਹੁੰਦਾ ਹੈ। ਫਸਲ ਵੇਚ ਕੇ ਦੀਵਾਲੀ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰਨ ਦੀ ਹਰ ਮਨ ਵਿੱਚ ਰੀਝ ਹੁੰਦੀ ਹੈ । ਆਪਣੀਆਂ ਖੁਸ਼ੀਆਂ, ਆਪਣੀਆਂ ਰੀਝਾਂ ਪੂਰੀਆਂ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਇਸ ਮਹੀਨੇ ਵਾਤਾਵਰਨ ਨਾਲ਼ ਜੋ ਖਿਲਵਾੜ ਹੁੰਦਾ ਹੈ ਉਹ ਸ਼ਾਇਦ ਪੂਰੇ ਸਾਲ ਦੇ ਹੋਰ ਤਿਉਹਾਰਾਂ ਨਾਲ਼ੋਂ ਕਿਤੇ ਜ਼ਿਆਦਾ ਹੁੰਦਾ ਹੈ। ਫਸਲ ਦੀ ਕਟਾਈ ਤੋਂ ਬਾਅਦ ਬਚਦੀ ਰਹਿੰਦ ਖੂੰਹਦ (ਪਰਾਲ਼ੀ) ਨੂੰ ਅੱਗ ਦੇ ਭੇਂਟ ਕੀਤਾ ਜਾਂਦਾ ਹੈ, ਚਾਰੇ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ । ਦੂਸਰੇ ਪਾਸੇ ਦੀਵਾਲੀ 'ਤੇ ਅਸੀਂ ਹਰ ਸਾਲ ਇਸ ਤੋਂ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ਼ ਪ੍ਰਚਾਰ ਕਰਦੇ ਹਾਂ ਕਿ ਦੀਵਾਲੀ 'ਤੇ ਪਟਾਖੇ ਨਹੀਂ ਚਲਾਉਣੇ, ਪ੍ਰਦੂਸ਼ਨ ਨਹੀਂ ਕਰਨਾ ਪਰ ਦੀਵਾਲੀ ਵਾਲ਼ੇ ਦਿਨ ਆਪਣੇ ਕੀਤੇ ਵਾਅਦੇ ਆਪ ਹੀ ਤੋੜ ਦਿੰਦੇ ਹਾਂ । ਚਾਰੇ ਪਾਸੇ ਬਾਰੂਦ ਦੀ ਗੰਧ ਤੇ ਧੂੰਏਂ ਦੇ ਗੁਬਾਰ ਚੜ੍ਹ ਜਾਂਦੇ ਹਨ । ਸਾਡੇ ਵੱਡੇ-ਵਡੇਰੇ , ਸਾਡੇ ਬਜ਼ੁਰਗ ਇੰਨ੍ਹਾਂ ਤਿਉਹਾਰਾਂ ਨੂੰ ਬੜੀ ਪਵਿੱਤਰਤਾ ਅਤੇ ਸਾਦਗੀ ਨਾਲ਼ ਮਨਾਇਆ ਕਰਦੇ ਸਨ ਅਸੀਂ ਇਨ੍ਹਾਂ ਨੂੰ ਮਨਾਉਣ ਦਾ ਰੂਪ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ ਸਾਦਗੀ ਦੀ ਥਾਂ ਤੇ ਵਿਖਾਵਾ, ਚਮਕ-ਦਮਕ ਨੇ ਤਿਉਹਾਰਾਂ ਲਈ ਅਸਲੀ ਭਾਵਨਾ ਹੀ ਖਤਮ ਕਰ ਦਿੱਤੀ ਹੈ। ਦੂਸਰੇ ਪਾਸੇ ਖੇਤਾਂ ਵਿਚਲੀ ਪਰਾਲ਼ੀ ਦੀ ਅੱਗ ਤੋਂ ਉੱਠਿਆ ਜ਼ਹਿਰੀਲਾ ਧੂੰਆਂ ਆਪਣਾ ਆਤੰਕ ਫੈਲਾਉਂਦਾ ਹੈ ਜੋ ਹਾਦਸਿਆਂ ਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ । ਪਰਮਾਤਮਾ ਨੇ ਮਨੁੱਖ ਦੇ ਰੂਪ ਵਿੱਚ ਆਪਣਾ ਅੰਸ਼ ਇਸ ਧਰਤੀ 'ਤੇ ਭੇਜਿਆ ਸੀ ਕਿ ਉਹ ਇਸ ਨੂੰ ਖੂਬਸੂਰਤ ਬਣਾਵੇਗਾ ਪਰ ਇਸ ਨੇ ਤਾਂ ਪੂਰੀ ਕਾਇਨਾਤ ਨੂੰ ਉਜਾੜ ਕੇ ਰੱਖ ਦਿੱਤਾ ਹੈ। ਅੱਜ ਉਹ ਪ੍ਰਮਾਤਮਾ ਵੀ ਆਦਮੀ ਨੂੰ ਇਸ ਧਰਤੀ 'ਤੇ ਭੇਜ ਕੇ ਪਛਤਾਉਂਦਾ ਹੋਵੇਗਾ। ਹਵਾ,ਪਾਣੀ, ਮਿੱਟੀ ਸਭ ਨੂੰ ਇਸ ਮਨੁੱਖ ਨੇ ਆਧੁਨਿਕਤਾ ਦੇ ਨਾਂ 'ਤੇ ਹੱਦੋਂ ਵੱਧ ਪ੍ਰਦੂਸ਼ਿਤ ਕਰ ਦਿੱਤਾ ਹੈ। ਇਹ ਵਿਗਾੜ ਇੰਨਾ ਵਧ ਗਿਆ ਹੈ ਕਿ ਉਹ ਖੁਦ ਇੰਨ੍ਹਾਂ ਜ਼ਹਿਰਾਂ ਦਾ ਸ਼ਿਕਾਰ ਹੋ ਰਿਹਾ ਹੈ । ਕਦੇ ਹਰੀ ਭਰੀ ਬਨਸਪਤੀ, ਸ਼ੁੱਧ ਹਵਾ, ਨਿਰਮਲ ਪਾਣੀ, ਜਰਖੇਜ਼ ਭੂਮੀ ਇਨਸਾਨ ਦੇ ਨਿਰਬਾਹ ,ਉਸ ਦੇ ਤੰਦਰੁਸਤ ਸਰੀਰ ਅਤੇ ਮਨ ਦਾ ਅਧਾਰ ਸੀ। ਜਿਸ ਦਾ ਜ਼ਿਕਰ ਸਾਡੇ ਪੁਰਾਤਨ ਗ੍ਰੰਥਾਂ ਵਿੱਚ ਮਿਲਦਾ ਹੈ, ਅਸੀਂ ਆਪਣੇ ਦਾਦਿਆਂ ਪੜਦਾਦਿਆਂ ਤੋਂ ਵੀ ਇਹ ਗੱਲਾਂ ਸੁਣਦੇ ਰਹੇ ਹਾਂ। ਵਿਕਾਸ ਦੇ ਨਾਂ 'ਤੇ ਸਾਡੇ ਕੋਲ਼ ਜੋ ਬੇਸ਼ਕੀਮਤੀ ਸੀ ਅਸੀਂ ਗਵਾ ਲਿਆ ਹੈ। ਧਰਤੀ ਹੇਠਲਾ ਪਾਣੀ ਖਾਤਮੇ 'ਤੇ ਪਹੁੰਚ ਗਿਆ ਹੈ । ਹਵਾ ਸਾਹ ਲੈਣ ਯੋਗ ਅਸੀਂ ਛੱਡੀ ਨਹੀਂ । ਜ਼ਰਖੇਜ ਭੂਮੀ ਨੂੰ ਜ਼ਹਿਰਾਂ ਨਾਲ਼ ਭਰ ਦਿੱਤਾ ਹੈ। ਹੋਰ ਅਜੇ ਕਿੰਨੀ ਕੁ ਕਸਰ ਬਾਕੀ ਰਹਿ ਗਈ ਹੈ ਇਸ ਨੂੰ ਬਰਬਾਦ ਕਰਨ ਦੀ। ਹੁਣ ਤਾਂ ਇਸ ਦੇ ਨਤੀਜੇ ਸਾਹਮਣੇ ਹਨ, ਹੁਣ ਤਾਂ ਸੰਭਲ ਜਾਣਾ ਚਾਹੀਦਾ ਹੈ। ਕੀ ਸਾਰਾ ਕੁੱਝ ਗਵਾ ਕੇ ਹੀ ਸਾਡੀਆਂ ਅੱਖਾਂ ਖੁੱਲ੍ਹਣਗੀਆਂ ਫਿਰ ਪਛਤਾਵੇ ਤੋਂ ਬਿਨਾਂ ਸਾਡੇ ਪੱਲੇ ਕੁੱਝ ਨਹੀਉਂ ਜੇ ਰਹਿਣਾ। ਅਜੇ ਵੀ ਵੇਲ਼ਾ ਹੈ, ਡੁੱਲ਼ੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ ਅੱਜ ਵੀ ਸੰਭਲ ਜਾਈਏ ਤਾਂ ਅਜੇ ਵੀ ਬਹੁਤ ਕੁੱਝ ਬਚਾਇਆ ਜਾ ਸਕਦਾ ਹੈ ਕੁਦਰਤ ਦੀਆਂ ਬਖਸ਼ੀਆਂ ਇਹ ਨਿਆਮਤਾਂ ਨੂੰ ਬਚਾਉਣ ਵਾਲ਼ੇ ਪਾਸੇ ਤੁਰ ਪਈਏ ਤਾਂ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਦੀ ਝੋਲੀ ਵਿੱਚ ਕੁੱਝ ਸ਼ੁੱਧਤਾ ਪਾ ਸਕੀਏ ਨਹੀਂ ਤਾਂ ਉਨ੍ਹਾਂ ਨੇ ਸਾਨੂੰ ਕਦੇ ਮੁਆਫ ਨਹੀਂ ਕਰਨਾ ਤੇ ਸਤਿਕਾਰ ਦੀ ਥਾਂ ਤ੍ਰਿਸਕਾਰ ਦੇ ਪਾਤਰ ਬਣੇ ਰਹਾਂਗੇ ਹਮੇਸ਼ਾ। ਪੈਸੇ ਦੀ ਦੌੜ ਨੇ ਸਾਡੇ ਕੋਲ਼ੋਂ ਬਹੁਤ ਕੁੱਝ ਖੋਹ ਲਿਆ ਹੈ ਜੇ ਅਜੇ ਵੀ ਅਸੀਂ ਨਾ ਸੰਭਲੇ ਤਾਂ ਇਸ ਧਰਤੀ 'ਤੇ ਬਹੁਤ ਛੇਤੀ ਜਿਵੇਂ ਪਸ਼ੂ ਪੰਛੀਆਂ ਦੀਆਂ ਪ੍ਰਜਾਤੀਆਂ ਖਤਮ ਹੋਈਆਂ ਹਨ ਇਸੇ ਤਰ੍ਹਾਂ ਮਨੁੱਖ ਜਾਤੀ ਦੀਆਂ ਨਸਲਾਂ ਦਾ ਵਾਧਾ ਰੁਕ ਜਾਵੇਗਾ ਜੋ ਬਹੁਤ ਹੀ ਗੰਭੀਰ ਅਤੇ ਚਿੰਤਨ ਦਾ ਵਿਸ਼ਾ ਹੈ। ਇਸ ਚੌਗਿਰਦੇ ਨੂੰ ਦੁਬਾਰਾ ਉਸੇ ਰੂਪ ਵਿੱਚ ਲਿਆਉਣ ਲਈ ਹਰ ਸੰਭਵ ਯਤਨ ਕਰਨਾ ਹੀ ਹੈ ਤੇ ਇਸ ਵਿੱਚ ਹੀ ਸਾਰੇ ਜਗਤ ਦਾ ਭਲਾ ਹੋਵੇਗਾ ।

# ਅਜੋਕੇ ਸਮੇਂ ਨਿੰਦਿਆ ਚੁਗਲੀ ਤੋਂ ਬਚ ਕੇ....



- ਅਜੋਕੇ ਸਮੇਂ ਸਾਡੇ ਸਮਾਜ ਦੇ ਅੰਦਰ ਨਿੰਦਿਆ ਚੁਗਲੀ ਨੇ ਵੱਡੀ ਪੱਧਰ ਤੇ ਪੈਰ ਪਸਾਰੇ ਹਨ ਤੇ ਬਹੁਤ ਘੱਟ ਇਨਸਾਨ ਹੋਣਗੇ ਜੋ ਇਸ ਬਿਮਾਰੀ ਤੋਂ ਰਹਿਤ ਹੋਣਗੇ ਨਹੀਂ ਤਾਂ ਬਹੁਤ ਸਾਰੇ ਲੋਕਾਂ ਦਾ ਤਾਂ ਆਵਾ ਹੀ ਊਤ ਚੁੱਕਿਆ ਹੈ । ਬੀਬੀਆਂ ਇਸ ਮਾਮਲੇ ਵਿੱਚ ਬਹੁਤ ਜਿਆਦਾ ਅੱਗੇ ਲੰਘ ਚੁੱਕੀਆਂ ਹਨ ਅੱਜ ਸਾਡਾ ਸਮਾਜ ਨਿੰਦਿਆ ਚੁਗਲੀ ਦੀ ਭੇਟ ਚੜ ਕੇ ਇੱਕ ਐਸੇ ਖੂਹ ਖਾਤੇ ਵਿੱਚ ਡਿੱਗਦਾ ਪ੍ਰਤੀਤ ਹੁੰਦਾ ਹੈ ਜਿੱਥੋਂ ਨਿਕਲਣ ਦਾ ਵੀ ਕੋਈ ਹੱਲ ਵਿਖਾਈ ਨਹੀਂ ਦਿੰਦਾ । ਜੇਕਰ ਚੁਗਲੀ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਬੀਬੀਆਂ ਵੱਲੋਂ ਚੁਗਲੀ ਤੋਂ ਕੀਤੇ ਬਿਨਾਂ ਉਹਨਾਂ ਦੇ ਰੋਟੀ ਵੀ ਹਜ਼ਮ ਨਹੀਂ ਆਉਂਦੀ ਉਹਨਾਂ ਦੀ ਕੀਤੀ ਚੁਗਲੀ ਦੀ ਬਦੌਲਤ ਪਰਿਵਾਰਾਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ ਅਤੇ ਪਰਿਵਾਰ ਟੁੱਟ ਜਾਂਦੇ ਹਨ ।

ਇਹ ਅੱਜ ਸਾਡੇ ਬਹੁਤ ਸਾਰੇ ਪਰਿਵਾਰਾਂ ਦੀ ਤ੍ਰਾਸਦੀ ਹੋ ਚੁੱਕੀ ਹੈ । ਉਸ ਤੋਂ ਬਿਨਾਂ ਕਈ ਮਰਦ ਵੀ ਚੁਗਲੀ ਕਰੇ ਬਿਨਾਂ ਸ਼ਾਮ ਨੂੰ ਆਪਣੇ ਘਰ ਅੰਦਰ ਨਹੀਂ ਵੜਦੇ ਉਹਨਾਂ ਦਾ ਮੁੱਖ ਕੰਮ ਹੁੰਦਾ ਹੈ ਪਰਿਵਾਰਾਂ ਦੇ ਵਿੱਚ ਵੰਡੀਆਂ ਪਾਉਣਾ ਬਹੁਤ ਸਾਰੀਆਂ ਬੀਬੀਆਂ ਨੇ ਪਿਛਲੇ ਸਮੇਂ ਵੀ ਚੁਗਲੀ ਨਿੰਦਿਆ ਰਾਹੀਂ ਘਰਾਂ ਦੇ ਵਿੱਚ ਫਰਕ ਪਾ ਕੇ ਸੱਸ ਅਤੇ ਨੂਹ ਦੀ ਲੜਾਈ ਕਰਵਾਈ ਹੈ । ਪਤਾ ਨਹੀਂ ਇਹਨਾਂ ਲੋਕਾਂ ਨੂੰ ਚੁਗਲੀਆਂ ਰਾਹੀਂ ਆਖਰ ਮਿਲਦਾ ਕੀ ਹੈ ਸ਼ਾਇਦ ਢਿੱਡ ਜਾਂ ਮਨ ਦੀ ਭੜਾਸ ਹੀ ਕਹਿ ਸਕਦੇ ਹਾਂ । ਪੰਜਾਬੀ ਦੀ ਇੱਕ ਕਹਾਵਤ ਹੈ ਕਿ ਬਹੁਤ ਸਾਰੇ ਇਨਸਾਨ ਅਜਿਹੇ ਹੁੰਦੇ ਹਨ ਜਿਨਾਂ ਦੇ ਪੇਟ ਅੰਦਰ ਚੁਗਲੀ ਕੀਤਿਆਂ ਬਿਨਾਂ ਗੋਲਾ ਬਣ ਜਾਂਦਾ ਹੈ । ਇਹ ਤਰਾਸਦੀ ਪਿਛਲੇ ਸਮੇਂ ਤੋਂ ਸਾਡੇ ਸਮਾਜ ਵਿੱਚ ਵੱਡੇ ਪੱਧਰ ਤੇ ਪਣਪ ਰਹੀ ਹੈ ਕਈ ਚੁਗਲੀਵਾਜਾਂ ਨੇ ਤਾਂ ਪਰਿਵਾਰਾਂ ਦੇ ਰਿਸ਼ਤੇ ਨਾਤੇ ਵੀ ਤੁੜਾ ਕੇ ਰੱਖ ਦਿੱਤੇ ਹਨ । ਇਥੇ ਅਨਪੜ ਅਤੇ ਪੜੇ ਲਿਖਿਆਂ ਦਾ ਕੋਈ ਫਰਕ ਨਹੀਂ ਰਹਿ ਜਾਂਦਾ ।

ਬੀਬੀਆਂ ਵੱਲੋਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੁਗਲੀਆਂ ਦਾ ਭੰਡਾਰ ਕਰਕੇ ਫਿਰ ਦੂਜੇ ਥਾਂ ਜਾ ਕੇ ਚੁਗਲੀਆਂ ਕਰਨ ਨੂੰ ਮਹੱਤਵ ਮੰਨਿਆ ਜਾਂਦਾ ਹੈ ਕਈ ਬੀਬੀਆਂ ਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨਾਂ ਤੋਂ ਚੁਗਲੀ ਕਰੇ ਬਿਨਾ ਸਰ ਨਹੀਂ ਹੁੰਦਾ । ਕਿਉਂਕਿ ਇਹ ਸਾਡੇ ਸਮਾਜ ਦੀ ਇੱਕ ਅਜਿਹੀ ਅਲਾਮਤ ਹੈ ਜੋ ਬਹੁਤ ਵੱਡੇ ਪੱਧਰ ਤੇ ਭਾਵੇਂ ਪਿਛਲੇ ਸਮੇਂ ਤੋਂ ਪਨਪਈ ਹੈ ਪਰ ਇਸ ਦਾ ਨੁਕਸਾਨ ਬਹੁਤ ਵੱਡਾ ਹੈ । ਜੇਕਰ ਗੱਲ ਕਰੀਏ ਵਿਆਹਾਂ ਸ਼ਾਦੀਆਂ ਵਿੱਚ ਭਾਨੀਆਂ ਮਾਰਨ ਦੀ ਤਾਂ ਉੱਥੇ ਵੀ ਚੁਗਲੀ ਵਾਜਾਂ ਵੱਲੋਂ ਘੱਟ ਨਹੀਂ ਗੁਜ਼ਾਰੀ ਜਾਂਦੀ ਉਹਨਾਂ ਵੱਲੋਂ ਵੱਡੇ ਪੱਧਰ ਤੇ ਪਰਿਵਾਰਾਂ ਦਾ ਨੁਕਸਾਨ ਕੀਤਾ ਜਾਂਦਾ ਹੈ । ਸਕੂਲਾਂ ਕਾਲਜਾਂ ਵਿੱਚ ਵੀ ਅਧਿਆਪਕਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀਆਂ ਕਰਕੇ ਉਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਕਈ ਵਾਰ ਦਫਤਰਾਂ ਅੰਦਰ ਮੁਲਾਜ਼ਮ ਵੱਲੋਂ ਕੀਤੀ ਚੁਗਲੀ ਦੇ ਸਦਕਾ ਕਈਆਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ ।



ਦਫਤਰਾਂ ਵਿੱਚ ਵੀ ਇਹੀ ਹਾਲ ਹੈ । ਦਫਤਰਾਂ ਦੇ ਵਿੱਚ ਅਫਸਰਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀ ਜਾਂ ਨਿੰਦਿਆ ਕਰਕੇ ਉਸ ਨੂੰ ਨੀਵਾਂ ਦਿਖਾਉਣਾ ਹੁੰਦਾ ਹੈ ਇਹ ਸਾਰਾ ਕੁਝ ਅੱਜ ਸਾਡੇ ਸ਼ਮਾਜ ਦੇ ਵਿੱਚ ਵਾਪਰ ਰਿਹਾ ਹੈ ਉਸ ਤੋਂ ਬਾਅਦ ਜੇਕਰ ਵਿਦੇਸ਼ਾਂ ਅੰਦਰ ਗੱਲ ਕਰੀਏ ਤਾਂ ਉਥੇ ਵੀ ਚੁਗਲੀਆਂ ਦੀ ਘਾਟ ਨਹੀਂ ਹੈ । ਭਾਵੇਂ ਸਾਡੇ ਭਾਰਤ ਨਾਲੋਂ ਕੁਝ ਘੱਟ ਜਰੂਰ ਹੈ ਟਰਾਸਪੋਰਟ ਦੇ ਧੰਦੇ ਵਿੱਚ ਵੀ ਚੁਗਲੀ ਚਲਦੀ ਹੈ ਅਤੇ ਖਾਸ ਕਰ ਵਿਦੇਸ਼ ਵਿਚ ਵੀ ਬੀਬੀਆਂ ਵੱਲੋਂ ਪਰਿਵਾਰਾਂ ਦੇ ਵਿੱਚ ਕਲੇਸ਼ ਤੱਕ ਕਰਵਾ ਦਿੱਤਾ ਜਾਂਦਾ ਹੈ ਜੋ ਬੇਹੱਦ ਗਲਤ ਵਰਤਾਰਾ ਹੈ ਜੇਕਰ ਗੁਰੂ ਸਾਹਿਬ ਦੇ ਫਲਸਫੇ ਦੀ ਗੱਲ ਕਰੀਏ ਤਾਂ ਨਿੰਦਿਆ ਤੇ ਚੁਗਲੀ ਨੂੰ ਬਹੁਤ ਮਾੜਾ ਮੰਨਿਆ ਗਿਆ ਹੈ ਪਰ ਸਾਡੇ ਲੋਕ ਹਟ ਹੀ ਨਹੀਂ ਰਹੇ । ਉਹਨਾਂ ਨੂੰ ਤਾਂ ਜਿਵੇਂ ਚੁਗਲੀ ਅਤੇ ਨਿੰਦਿਆ ਘਿਓ ਵਾਂਗ ਲੱਗਦੀ ਹੈ ਕਈ ਬੰਦੇ ਤਾਂ ਦੂਜੇ ਪਿੰਡ ਜਾ ਕੇ ਵੀ ਚੁਗਲੀ ਕਰਦੇ ਹਨ । ਬਹੁਤ ਵਾਰ ਤਾਂ ਚੁਗਲੀਆਂ ਦੀ ਬਦੌਲਤ ਲੜਾਈ ਕਤਲਾਂ ਤੱਕ ਜਾ ਪਹੁੰਚਦੀ ਹੈ ।

ਲੰਘੇ ਸਮੇਂ ਦੀ ਗੱਲ ਹੈ ਕਿ ਇੱਕ ਵਾਰ ਕਾਲਜ ਦੇ ਵਿੱਚ ਇੱਕ ਬਹੁਤ ਹੀ ਹੁਸਿਆਰ ਲੜਕੀ ਪੜਦੀ ਸੀ ਜਦ ਕਿ ਉਸੇ ਹੀ ਕਲਾਸ ਦੇ ਵਿੱਚ ਦੂਜੇ ਪਾਸੇ ਉਸ ਦੇ ਨਾਲ ਪੜਨ ਵਾਲੀਆਂ ਲੜਕੀਆਂ ਵੱਲੋਂ ਆਪਣੇ ਅਧਿਆਪਕਾਂ ਕੋਲ ਕੀਤੀ ਸ਼ਿਕਾਇਤ ਦੀ ਬਦੌਲਤ ਸਕੂਲ ਦੇ ਪ੍ਰਿੰਸੀਪਲ ਵੱਲੋਂ ਉਸ ਲੜਕੀ ਦਾ ਨਾਂ ਕਾਲਜ ਦੇ ਵਿੱਚੋਂ ਕੱਢ ਦਿੱਤਾ ਗਿਆ ਜਦੋਂ ਸਮਾਂ ਪਾ ਕੇ ਗੱਲਬਾਤ ਸਾਹਮਣੇ ਆਈ ਤਾਂ ਉਸ ਲੜਕੀ ਦਾ ਕੋਈ ਵੀ ਕਸੂਰ ਨਹੀਂ ਸੀ ਸਿਰਫ ਉਸਨੂੰ ਨਿਜੀ ਰੰਜਿਸ਼ ਦੇ ਚਲਦਿਆਂ ਕੁਝ ਲੜਕੀਆਂ ਵੱਲੋਂ ਪ੍ਰਿੰਸੀਪਲ ਤੱਕ ਪਹੁੰਚ ਕਰਦਿਆਂ ਉਪਰੋਂ ਫੋਨ ਕਰਵਾ ਕੇ ਉਸ ਦਾ ਨਾਮ ਕੱਟ ਦਿੱਤਾ ਗਿਆ ਸੀ । ਹੁਣ ਜੇਕਰ ਇਸ ਗੱਲ ਨੂੰ ਸੋਚ ਕੇ ਵੇਖੀਏ ਕਿ ਚੁ.ਗਲੀ ਨੇ ਇੱਕ ਬੱਚੀ ਦਾ ਭਵਿੱਖ ਤਬਾਹ ਕਰ ਦਿੱਤਾ ਉਸ ਲਈ ਜਿੰਮੇਵਾਰ ਕੌਣ ਹੈ । ਇਹ ਵਰਤਾਰਾ ਬਹੁਤ ਵੱਡੀ ਹੱਦ ਤੱਕ ਪਨਪ ਕੇ ਵੱਖੋ- ਵੱਖ ਖੇਤਰਾਂ ਦੇ ਵਿੱਚ ਨੁਕਸਾਨ ਕਰ ਰਿਹਾ ਹੈ ।



ਉਸ ਤੋਂ ਬਾਅਦ ਅਗਲੀ ਗੱਲ ਕਰੀਏ ਤਾਂ ਕਿਸੇ ਪਿੰਡ ਅੰਦਰ ਇੱਕ ਪਰਿਵਾਰ ਦੇ ਹੋਣਹਾਰ ਅਤੇ ਸਾਊ ਲੜਕੇ ਨੂੰ ਵੇਖਣ ਵਾਲੇ ਆਏ ਤਾਂ ਉਹਨਾਂ ਵੇਖਣ ਤੋਂ ਬਾਅਦ ਪਤਾ-ਸਤਾ ਕਰਨ ਦੀ ਗੱਲ ਕੀਤੀ ਤੇ ਉਸ ਤੋਂ ਅਗਲੇ ਦਿਨ ਉਹਨਾਂ ਨੇ ਉਸੇ ਪਿੰਡ ਦੇ ਕਿਸੇ ਵਿਅਕਤੀ ਤੱਕ ਪਹੁੰਚ ਕਰਦਿਆਂ ਉਸ ਨੌਜਵਾਨ ਬਾਰੇ ਪੁੱਛਿਆ ਤਾਂ ਕੁਦਰਤੀ ਵਸ ਉਹਨਾਂ ਨੂੰ ਉਹ ਇੱਕ ਚੁਗਲ ਵਿਅਕਤੀ ਟੱਕਰ ਗਿਆ ਅਤੇ ਉਸ ਨੇ ਉਸ ਨੌਜਵਾਨ ਬਾਰੇ ਅਜਿਹੀਆਂ ਗੱਲਾਂ ਕਰਕੇ ਭਾਨੀ ਮਾਰ ਦਿੱਤੀ ਕਿ ਪੁੱਛੋ ਕੁਝ ਨਾ । ਉਸ ਚੁਗਲ ਕਿਸਮ ਦੇ ਬੰਦੇ ਨੇ ਨੌਜਵਾਨ ਨੂੰ ਵੇਖਣ ਆਏ ਪਰਿਵਾਰ ਨੂੰ ਦੱਸਿਆ ਕਿ ਇਹ ਨੌਜਵਾਨ ਤਾਂ ਨਸ਼ੇੜੀ ਅਤੇ ਬਹੁਤ ਬਦਮਾਸ ਕਿਸਮ ਦਾ ਵਿਅਕਤੀ ਹੈ ਜੇ ਕਿਸੇ ਵੀ ਤਰ੍ਹਾਂ ਤੁਹਾਡੀ ਲੜਕੀ ਦਾ ਰਿਸ਼ਤਾ ਇਸ ਨਾਲ ਹੋ ਗਿਆ ਤਾਂ ਇਹ ਬਹੁਤ ਹੀ ਮਾੜੀ ਗੱਲ ਹੋਵੇਗੀ ਅਤੇ ਤੁਹਾਡੀ ਕੁੜੀ ਤਾਂ ਉਮਰ ਭਰ ਲਈ ਰੁਲ ਜਾਵੇਗੀ । ਉਸ ਤੋਂ ਬਾਅਦ ਕੁੜੀ ਵਾਲਿਆਂ ਨੇ ਮੁੰਡੇ ਨੂੰ ਜਵਾਬ ਦੇ ਦਿੱਤਾ ਪਰ ਬਾਅਦ ਵਿੱਚ ਪਤਾ ਲੱਗਿਆ ਕਿ ਮੁੰਡਾ ਤਾਂ ਬੇਹੱਦ ਸ਼ਰੀਫ ਚੰਗਾ ਇਨਸਾਨ ਸੀ ਜਿਸ ਦਾ ਭਾਵੇਂ ਬਾਅਦ ਵਿੱਚ ਕਿਤੇ ਹੋਰ ਵਿਆਹ ਹੋ ਗਿਆ ਪਰ ਲੜਕੀ ਵਾਲੇ ਪਛਤਾਉਂਦੇ ਰਹਿ ਗਏ ।

ਜੇਕਰ ਇਹ ਸਾਰੇ ਵਰਤਾਰੇ ਦੌਰਾਨ ਗੁਰਬਾਣੀ ਦੇ ਕਥਨ ਦੀ ਗੱਲ ਕਰੀਏ ਤਾਂ ਗੁਰੂ ਸਾਹਿਬ ਦਾ ਫਰਮਾਨ ਹੈ ਕਿ ਨਿੰਦਿਆ ਚੁਗਲੀ ਕਰਨੀ ਬੇਹੱਦ ਇੱਕ ਮਾੜਾ ਕਿਤਾ ਹੈ ਇਹ ਕਿਸੇ ਵੀ ਤਰ੍ਹਾਂ ਨਹੀਂ ਕਰਨੀ ਚਾਹੀਦੀ । ਚੁਗਲੀ ਅਤੇ ਨਿੰਦਿਆ ਤੋਂ ਗੁਰੇਜ ਕਰਦਿਆਂ ਚੰਗੀ ਗੱਲ ਕਰਨ ਦੀ ਲੋੜ ਹੁੰਦੀ ਹੈ । ਗੁਰਬਾਣੀ ਦੇ ਵਿੱਚ ਵੀ ਨਿੰਦਿਆ ਕਰਨ ਵਾਲੇ ਇਨਸਾਨ ਨੂੰ ਚੰਗਾ ਨਹੀਂ ਗਿਣਿਆ ਗਿਆ । ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉ ਕੇ ਇੱਕ ਚੰਗਾ ਇਨਸਾਨ ਬਣਨਾ ਹੀ ਵੱਡੀ ਗੱਲ ਹੁੰਦੀ ਹੈ । ਗੁਰੂ ਸਾਹਿਬ ਦਾ ਵਾਰ ਵਾਰ ਕਥਨ ਹੈ ਕਿ ਜੇਕਰ ਤੁਸੀਂ ਚੁਗਲੀ ਨਿੰਦਿਆ ਕਰਕੇ ਕਿਸੇ ਦਾ ਨੁਕਸਾਨ ਕਰੋਗੇ ਤਾਂ ਤੁਹਾਡਾ ਵੀ ਕੋਈ ਫਾਇਦਾ ਨਹੀਂ ਹੋਣ ਵਾਲਾ । ਇਸ ਲਈ ਪ੍ਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ । ਇਸ ਲਈ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ ।

**ਲੇਖ਼ਕ ਸ਼ਿੰਦਰ ਸਿੰਘ ਮੀਰਪੁਰੀ**
**ਫਰਿਜਨੋ ਕੈਲੀਫੋਰਨੀਆ**
**ਅਮਰੀਕਾ**
5592850841

**No body have time to watch TV Advertisement**
**No body have time to read Physical newspapers**

# It's social time.

**Online News, Advertisement, Promotion Anytime anywhere.**

## Doesn't matter where are you.

**Advertisement with Preetnama.**
**Promote your business with TalkShow**
**We gave social stage to show yourself and your Business.**

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on WhatsApp or email us. We will call you back.

## Contact immediately

**+1 201-312-4180,+1 917-328-8436**

www.preetnama.com, www.preetnews.com
Email- preetnamausa@gmail.com

# ਪ੍ਰੀਤ ਫੁਲਵਾੜੀ

## ਸੱਜਣ - ਠੱਗੀਆਂ

ਕਰਨ ਚਲਾਕੀ ਸੱਜਣ ਜਿਹੜੇ,ਚਮਚੇ ਉਹ ਅਖਵਾਉਂਦੇ ਨੇ।
ਮਤਲਬ ਕੱਢਣ ਵਾਲੇ ਸੱਜਣ,ਕੰਮ ਕਦੋਂ ਕਿਸੇ ਦੇ ਆਉਂਦੇ ਨੇ।
ਉਹ ਬੰਦੇ ਵੀ ਕਾਫ਼ਰ ਸੱਜਣਾਂ,ਝੂਠੇ ਇਲਜ਼ਾਮ ਜੋ ਲਾਉਂਦੇ ਨੇ।
ਉਹ ਅਪਣੇ ਵੀ ਕੀ ਅਪਣੇ,ਜੋ ਵਿੱਚ ਖੁਸ਼ੀਆ ਗ਼ਮੀ ਮਨਾਉਂਦੇ ਨੇ।
ਨਾ ਕੋਈ ਤੇਰਾ ਇੱਥੇ ਸੱਜਣਾਂ,ਅਸੀ ਤੇਰੇ ਕਹਿ ਚਿੱਤ ਪਰਚਾਉਂਦੇ ਨੇ।
ਆਪ ਵੀ ਅਪਣੀ ਕਦਰ ਘਟਾਉਂਦੇਂ,ਜੋ ਤੈਨੂੰ ਨੀਵਾਂ ਦਿਖਾਉਂਦੇ ਨੇ।
ਠੋਕਰਾਂ ਮਾਰਨ ਵਾਲ਼ੇ ਹੀ,ਜ਼ਿੰਦਗੀ ਜਿਉਂਣਾ ਸਿਖਾਉਂਦੇ ਨੇ।
ਖੋਟੇ ਸਿੱਕੇ ਵੀ ਤਾਂ ਸੱਜਣਾਂ,ਸੋਨੇ ਜਿਹਾ ਬਣ ਵਿਕਣਾ ਚਾਉਂਦੇ ਨੇ।
ਝੂਠੀ ਵਾਹ ਵਾਹ ਵਾਲ਼ੇ ਸੱਜਣ, ਅਸਲੀਅਤ ਵਿੱਚ ਮਰਵਾਉਂਦੇ ਨੇ।
ਜੋ ਬੰਦਾ ਮਿਹਨਤ ਨਾ ਕਰਦਾ,ਚੰਗੇ ਦਿਨ ਕਦ ਉਹਦੇ ਆਉਂਦੇ ਨੇ।
ਛੱਡ ਜਖਵਾਲੀ ਤੂੰ ਕੀਏ, ਲੋਕੀਂ ਤਾਂ ਠੱਗੀਆਂ ਰੱਬ ਨੂੰ ਲਾਉਂਦੇ ਨੇ।
ਕਿਸੇ ਦੀਆਂ ਲੱਤਾਂ ਖਿੱਚਣ ਵਾਲੇ, ਅੱਗੇ ਸੱਜਣਾਂ ਕਦ ਆਉਂਦੇ ਨੇ।

**ਲਿਖ਼ਤ :-ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ :-98550 36444**

## ਇਜ਼ਹਾਰ ਜ਼ਰੂਰੀ ਨਹੀਂ

ਉਸ ਦਾ ਦੀਦਾਰ ਹੋ ਗਿਆ ਆਬ-ਏ-ਹਯਾਤ ਮੇਰੇ ਲਈ।
ਉਸਦਾ ਨਜ਼ਰ ਉਠਾ ਤੱਕਣਾ ਖ਼ੁਦਾ ਦੀ ਕੋਈ ਕਰਾਮਾਤ ਮੇਰੇ ਲਈ।
ਚਲਦਾ ਰਹਿੰਦਾ ਹੈ ਮੁਸੱਲਸਲ ਹੀ ਹੁਣ ਤਾਂ ਯਾਦਾਂ ਦਾ ਸਿਲਸਿਲਾ
ਜਦ ਤੋਂ ਵੇਖਿਆ ਉਹ ਮਾਸੂਮ ਚਿਹਰਾ ਹੋ ਗਿਆ ਕਾਇਨਾਤ ਮੇਰੇ ਲਈ।
ਇਕੋ-ਇੱਕ ਹਰਫ਼ ਯਾਦ ਹੈ ਮੈਨੂੰ ਖ਼ੁਦਾ ਦੇ ਪੈਗ਼ਾਮ ਵਾਂਗ
ਉਸ ਦਾ ਇਕ-ਇਕ ਬੋਲ ਹੋ ਗਿਆ ਆਇਤ ਮੇਰੇ ਲਈ।
ਉਲਫ਼ਤ ਕਾ ਇਜ਼ਹਾਰ ਜ਼ਰੂਰੀ ਨਹੀਂ,ਅਦਾਬ ਬਦਲੇ ਸਿਰ ਝੁਕਾ ਦੇ
ਬਸ ਯਾਰੋ ਉਸਦੀ ਇੰਨ੍ਹੀ ਹੀ ਕਾਫ਼ੀ ਹੈ ਹਮਾਇਤ ਮੇਰੇ ਲਈ।
ਉਹਦੇ ਸੰਗ ਨਿੱਤ ਖ਼ਿਆਲਾਂ ਦੇ ਖੇਤ ਵਾਹ ਸੋਹਣੇ ਸੁਪਨੇ ਬੀਜਾਂ
ਬੜੀ ਹੀ ਪਿਆਰੀ ਹੈ ਮੁਹੱਬਤ ਦੀ ਇਹ ਜ਼ਰਾਇਤ ਮੇਰੇ ਲਈ।
ਜੇ ਸਿਰਫ਼ ਜਾਨ ਦੇ ਬਦਲੇ ਵੀ ਮਿਲੇ ਇਕ ਮੁਸਕਾਨ ਉਸਦੀ
ਇਸ ਤੋਂ ਵੱਧ ਕੇ ਕੀ ਹੋ ਸਕਦੀ ਹੈ ਕਫ਼ਾਇਤ ਮੇਰੇ ਲਈ।
ਉਸ ਅੱਖਾਂ ਦੀ ਘੂਰੀ ਵੱਟੀ ਮੇਰੇ ਵੱਲ,ਚੁੱਪ ਕਹਿਣ ਲਈ
ਬਸ ਫਿਰ ਮੈਂ ਮੋਨ ਹੋ ਗਿਆ
ਇਸ ਤੋਂ ਵੱਡੀ ਕੀ ਹੋ ਸਕਦੀ ਸੀ ਹਦਾਇਤ ਮੇਰੇ ਲਈ।

**ਜ..ਦੀਪ ਸਿੰਘ ਦੀਪ**
**ਮੋਬਾਇਲ 9876004714**

## ਵੇਖ਼ਲਾ ਮਾਏ

ਵੇਖਲਾ ਮਾਏ ਤੇਰੀਆਂ ਧੀਆਂ ਅੱਜ ਮਾਵਾਂ ਬਣ ਗਈਆਂ
ਤੇਰੀ ਛਾਂਵੇ ਰਹਿੰਦੀਆਂ ਹੋਈਆਂ, ਹੁਣ ਛਾਵਾਂ ਬਣ ਗਈਆਂ
ਤੇਰੀ ਦਿੱਤੀ ਸਿੱਖਿਆ ਨੂੰ ਅੱਜ, ਤੇਰੀ ਦੋਹਤੀ ਸੰਗ ਸਾਂਝੀ ਕਰਦੀ
ਆ ਘਰ ਛੱਡਕੇ ਪਤਾ ਨਾ ਲੱਗਿਆ, ਕਦ ਹੋ ਗਈ ਇਸ ਘਰਦੀ
ਅੱਲ੍ਹੜ ਉਮਰ ਤੋਂ ਪਤਾ ਨਹੀਂ ਕਦ, ਹੋ ਗਈ ਤੇਰੀ ਧੀ ਸਿਆਣੀ
ਅੰਮ੍ਰਿਤ ਵੇਲ਼ੇ ਚੁੱਲ੍ਹਾ ਚੌਕਾ ਕਰਦੀ,ਫ਼ੇਰ ਹੈ ਪਾਉਂਦੀ ਮਧਾਣੀ
ਪਤਾ ਨਹੀਂ ਕਿਵੇਂ ਤੇਰੇ ਵਰਗਾ, ਸਬਰ ਮੇਰੇ ਵਿੱਚ ਆਇਆ
ਵੀਰ ਤਾਂ ਅਸਾਂ ਵੇਖਿਆ ਨਈਉ, ਵੀਰ ਜੇਹਾ ਪੁੱਤ ਪਾਇਆ
ਮੈਨੂੰ ਬਾਪੂ ਵਰਗਾ ਸੋਹਰਾ ਜਾਪੇ, ਸੱਚੀ ਤੇਰੇ ਵਰਗੀ ਸੱਸ ਮਾਂ
ਤਾਈਓਂ ਤਾਂ ਤੇਰਾ ਵੇਹੜਾ ਛੱਡਕੇ, ਕੋਈ ਵੱਖਰ ਲੱਗੀ ਨਾ ਥਾਂ
ਉਹ ਜਖਵਾਲ਼ੀ ਦਿਲ ਦੀਆਂ ਜਾਣੇ, ਜੀਹ ਤੋਂ ਜਾਨ ਮੈਂ ਵਾਰਾਂ
ਤੇਰਾ ਮੇਰਾ ਹੈ ਰਿਸ਼ਤਾ ਸੋਹਣਾ, ਮੈਂ ਇਹਦੀ ਨਜ਼ਰ ਉਤਾਰਾਂ

**ਲਿਖਤ :-ਗੁਰਪ੍ਰੀਤ ਸਿੰਘ ਜਖਵਾਲੀ (ਫ਼ਤਹਿਗੜ੍ਹ ਸਾਹਿਬ )**
**ਮੋਬਾਇਲ :-98550 36444**

## ਮੈਂ ਪੰਜਾਬੀ

ਮੈਂ ਪੰਜਾਬੀ ਮਾਂ ਬੋਲੀ,ਬੋਲਨ ਤੇ ਸਤਿਕਾਰ ਦਵਾਵਾਂ।
ਮੈਂ ਤਾਂ ਆਪਣੇ ਵਿਰਸੇ ਦੀ, ਹਰ ਪਲ ਖੈਰ ਮਨਾਵਾਂ।
ਜੰਮਣ ਤੋਂ ਲੈਕੇ ਮਰਨ ਤੱਕ, ਮੈਂ ਆਪਣੇ ਫਰਜ ਨਿਭਾਵਾਂ।
ਮੈਨੂੰ ਭੁੱਲਣ ਵਾਲਿਆਂ ਨੂੰ, ਮੈਂ ਕਦੇ ਨਾ ਭੁਲਾਵਾਂ।
ਉਹ ਪੈਂਤੀ ਅੱਖਰ ਮੇਰੇ ਬੋਲਣ, ਦਿਲ ਦੀਆਂ ਗੰਢਾਂ ਉਹ ਖੋਲ੍ਹਣ।
ਮੈਂ ਵਿਚ ਖੁਸੀ ਦੇ ਦੂਣ ਸਵਾਈ ਅਤੇ ਸਭ ਤੋਂ ਵੱਖਰੀ ਹੋ ਜਾਵਾਂ।
ਤੇਰੇ ਦਾਦੀ ਦਾਦੇ ਪੜਦਾਦੇ ਤੋਂ ਵੀ,ਏਥੇ ਪਹਿਲਾਂ ਦੀ ਹਾਂ ਮੈਂ।
ਵਾਰਸ ਸਾਹ, ਬੁੱਲੇ ਸਾਹ, ਬਾਬੇ ਨਾਨਕ ਦਾ ਹਾਂ ਮੈਂ ਪਰਛਾਵਾਂ।
ਹੋਰ ਭਾਸਾਵਾਂ ਸਿੱਖਦੇ ਹਾਂ, ਵਿਚ ਪੰਜਾਬੀ ਕੀ ਹਰ ਗੱਲ ਲਿਖਦੇ ਹਾਂ।
ਕਿਉਂ ਜਖਵਾਲੀ ਲਿਖਤਾਂ ਵਿਚ ਮੈਂ ਅੱਖੋਂ ਓਹਲੇ ਹੁੰਦੀ ਜਾਵਾਂ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

## ਡੋਲੀ ਦੀ ਥਾਂ ਅਰਥੀ

ਕਿੰਨੇ ਸਾਲਾਂ ਪਿੱਛੋਂ ਦਿਨ ਖੁਸ਼ੀਆਂ ਦਾ ਆਇਆ,,,
ਅਜੇ ਕਿਹੜਾ ਚਾਅ ਹੋਣਾ ਮਾਂ ਨੇ ਮਨਾਇਆ,,,
ਵੀਰ ਭਾਬੀਆਂ ਤੇ ਭੈਣਾਂ ਹਾਸੇ ਸੀ ਖਿਲਾਰ ਦੇ,,
ਬਾਪੂ ਦੇ ਵੀ ਚਾਅ ਚ ਪੈਰ ਲੱਗਦੇ ਨਾ ਸੀ ਧਰਤੀ,,
ਮਾਪੇ ਜਿਉਂਦੇ ਜੀਅ ਬੁੱਤ ਬਣ ਗਏ,
ਜਦੋਂ ਡੋਲੀ ਦੀ ਥਾਂ ਲਾਸ਼ ਪੁੱਤ ਦੀ ਘਰ ਪਰਤੀ,,
ਬੜੇ ਹੀ ਚਾਈਂ ਚਾਈ ਸਿਹਰਾ ਭੈਣ ਨੇ ਸੀ ਸਜਾ ਦਿੱਤਾ,,,
ਭਾਬੀ ਨੇ ਸੀ ਚਾਅਵਾਂ ਨਾਲ ਨੈਣੀਂ ਸੁਰਮਾ ਪਾ ਦਿੱਤਾ,,
ਲੈ ਕੇ ਆਸੀਰਵਾਦ ਪੁੱਤ ਮਾਂ ਤੋਂ ਘਰੋਂ ਨਿਕਲਿਆ,,,
ਖੌਰੇ ਰਾਹ ਚ ਡਾਹਡੇ ਦੀ ਸਕੀਮ ਕੈਸੀ ਵਰਤੀ,,
ਮਾਪੇ ਜਿਉਂਦੇ ਜੀਅ ਬੁੱਤ ਬਣ ਗਏ,
ਜਦੋਂ ਡੋਲੀ ਦੀ ਥਾਂ ਲਾਸ਼ ਪੁੱਤ ਦੀ ਘਰ ਪਰਤੀ,,
ਗਾਨਿਆਂ ਦੀ ਥਾਂ ਤੇ ਪੈਂਦੇ ਦੋਵੇਂ ਪਾਸੇ ਹੀ ਕੀਰਨੇ,
ਮਾਂ ਕਹਿੰਦੀ ਪੁੱਤ ਕੀ ਤੇਰੇ ਬਿਨ ਜੱਗ ਤੇ ਸੀਰ ਨੇ,,
ਵਿਆਹ ਤੋਂ ਪਹਿਲਾਂ ਹੀ ਧੀ ਇੱਕ ਵਿਧਵਾ ਹੋਈ,,
ਵੇਖੋ ਤਾਂ ਖੁਸ਼ੀਆਂ ਚ ਗਮਾਂ ਦੀ ਚੱਲੀ ਚਰਖੀ,,,
ਮਾਪੇ ਜਿਉਂਦੇ ਜੀਅ ਬੁੱਤ ਬਣ ਗਏ,
ਜਦੋਂ ਡੋਲੀ ਦੀ ਥਾਂ ਲਾਸ਼ ਪੁੱਤ ਦੀ ਘਰ ਪਰਤੀ,,
ਕਿੰਨੇ ਸੋਹਣੇ ਹੋਣੇ ਸੀ ਪੋਜ ਗਲਵਕੜੀ ਜਿਹੀ ਮਾਰ ਕੇ,
ਅੱਜ ਪੀਣਾ ਸੀ ਪਾਣੀ ਮਾਂ ਨੇ ਡੋਲੀ ਦੇ ਉੱਤੋਂ ਵਾਰ ਕੇ,,
ਸ਼ੇਰੋਂ ਦਿਆ ਮੱਖਣਾਂ ਓਏ ਅੱਖਾਂ ਅੱਗੇ ਹਨੇਰ ਆ ਗਿਆ,
ਵੇਖੀ ਜਦੋਂ ਲਾੜੇ ਦੀ ਪਿਉ ਦੇ ਮੋਢਿਆਂ ਤੇ ਸੀ ਅਰਥੀ ,,
ਮਾਪੇ ਜਿਉਂਦੇ ਜੀਅ ਬੁੱਤ ਬਣ ਗਏ,
ਜਦੋਂ ਡੋਲੀ ਦੀ ਥਾਂ ਲਾਸ਼ ਪੁੱਤ ਦੀ ਘਰ ਪਰਤੀ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 98787-98726**

## ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰੋ

ਸੁਭਾ ਸੁਭਾ ਉੱਠ ਵਧੀਆ ਸਵੇਰ ਨੂੰ
ਗੁੱਡ ਮੌਰਨਿੰਗ ਕਹਿ ਰੰਗ ਜਮਾਈ ਜਾਂਦੇ
ਪੰਜਾਬੀ ਮਾਂ ਬੋਲੀ ਨੂੰ ਡੁੱਬਦੀ ਕਹਿਣ ਵਾਲੇ ਖੁਦ
ਹੈਲੋ,ਹਾਏ,ਸੌਰੀ,ਓਕੇ,ਥੈਂਕਯੂ ਖੁੱਲ੍ਹੇ ਆਮ ਵਰਤਾਈ ਜਾਂਦੇ
ਅਸੀਂ ਆਪਣੇ ਬੱਚਿਆਂ ਨੂੰ ਕਾਨਵੈਂਟ ਸਕੂਲਾਂ ਵਿੱਚ ਪੜ੍ਹਾਅ
ਬੜਾ ਮਾਣ ਮਹਿਸੂਸ ਕਰ ਖੁਦ ਹੀ ਸਲਾਹੀ ਜਾਂਦੇ
ਜੇਬਾਂ ਆਪਣੀਆ ਤੇ ਆਪ ਹੀ ਪਾ ਕੇ ਬੋਝ ਭਾਰੀ
ਪੰਜਾਬੀ ਬੋਲੀ ਨੂੰ ਖੁਦ ਹੀ ਖੂੰਜੇ ਲਾਈ ਜਾਂਦੇ
ਕਿੱਕਰਾਂ ਦੇ ਬੀਜ,ਬੀਜ ਕੇ ਕੰਡਿਆਂ ਤੋਂ ਸੁੱਖ ਭਾਲਦੇ
ਤਾਹੀਓ ਅੱਜ ਕੱਲ੍ਹ ਦੇ ਬੱਚੇ ਬਜੁਰਗਾਂ ਤੋਂ ਦੂਰੀ ਬਣਾਈ ਜਾਂਦੇ
ਅੱਗੇ ਵਧੋ,ਪੜੋ,ਲਿਖੋ,ਸਿੱਖੋ ਬੇਸ਼ੱਕ ਭਾਸ਼ਾ ਜੋ ਮਰਜੀ
ਜਿੰਦਗੀ ਵਿੱਚ ਅੱਗੇ ਵਧਣ ਤੋਂ ਕਿਉ ਘਬਰਾਈ ਜਾਂਦੇ
ਬਹੁਤੇ ਪੰਜਾਬੀ ਵਤਨਾਂ ਤੋਂ ਬੈਠੇ ਕੋਹਾਂ ਦੂਰ ਜਿਹੜੇ
ਜੁੜੇ ਆਪਣੀ ਮਿੱਟੀ ਨਾਲ ਸਿੱਕਾ ਖੂਬ ਚਲਾਈ ਜਾਂਦੇ
ਜੁੜ ਕੇ ਰਹੋ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ
ਉਂਝ ਸਾਰੀਆ ਭਾਸ਼ਾਵਾਂ ਦਾ ਸੰਧੂਆਂ ਸਤਿਕਾਰ ਕਰੋ
ਪੰਜਾਬੀ ਮਾਂ ਬੋਲੀ ਦੇ ਪੰਜਾਬੀਓ ਸਾਊ ਪੁੱਤ ਬਣਕੇ
ਪੰਜਾਬੀ ਮਾਂ ਬੋਲੀ ਨੂੰ ਸਕੀਆ ਮਾਵਾਂ ਵਾਂਗ ਪਿਆਰ ਕਰੋ।

**ਬਲਤੇਜ ਸਿੰਘ ਸੰਧੂ**
**ਬੁਰਜ ਲੱਧਾ ਬਠਿੰਡਾ 9465818158**

## ਚੰਗੀਆਂ ਕਿਤਾਬਾਂ

ਬੱਚਿਓ, ਕਿਤਾਬਾਂ ਨਾਲ ਕਰੋ ਪਿਆਰ,
ਇਹਨਾਂ ਵਿੱਚ ਹੈ ਜੀਵਨ ਸਾਰ।
ਵਿਦਵਾਨਾਂ ਨੂੰ ਜਦ ਤੁਸੀਂ ਪੜ੍ਹੋਗੇ,
ਜ਼ਿੰਦਗੀ ਦਾ ਸੰਘਰਸ਼ ਲੜੋਗੇ।
ਚੰਗੀਆਂ ਕਿਤਾਬਾਂ ਸਾਡੀਆਂ ਮਿੱਤਰ,
ਜਾਣਕਾਰੀ ਵਿੱਚ ਹੁੰਦੀ ਇਕੱਤਰ।
ਆਪਣੇ ਘਰ ਲਾਇਬ੍ਰੇਰੀ ਬਣਾਓ,
ਵਧੀਆ ਵਧੀਆ ਕਿਤਾਬਾਂ ਲਿਆਓ।
ਛੁਪਿਆ ਹੈ ਵਿੱਚ ਅਨਮੋਲ ਖਜਾਨਾ,
ਪੜ੍ਹਿਆ ਲਿਖਿਆ ਦਾ ਬੱਚਿਓ ਜਮਾਨਾ।
ਮਨ ਇਕਾਗਰ ਜਦ ਤੁਸੀਂ ਕਰੋਗੇ,
ਇੱਕ ਵੱਖਰੇ ਰਸ ਨਾਲ ਫੇਰ ਭਰੋਗੇ।
ਬੱਚਿਓ ਪੜ੍ਹੋ ਕਿਤਾਬਾਂ ਤੇ ਬਣੋ ਸਿਆਣੇ,
ਪੱਤੋ, ਵਧੀਆ ਮਿਲਣ ਟਿਕਾਣੇ।

***ਹਰਪ੍ਰੀਤ ਪੱਤੋ 9465821417***

## ਪਿਆਰ ਨਈਂ ਕਰਦਾ

ਦਿਲ ਆਖੇ ਉਹ ਪਿਆਰ ਨਈਂ ਕਰਦਾ
ਤਾਈਓਂ ਅੱਖਾਂ ਉਹ ਚਾਰ ਨਈਂ ਕਰਦਾ
ਮੈਂ ਤਾਂ ਕਮਲ਼ੀ ਹਾਂ ਚੱਲ ਉਹਦੇ ਲਈਂ
ਉਹ ਫ਼ਿਰ ਕਿਉਂ ਇਜ਼ਹਾਰ ਨਈਂ ਕਰਦਾ
ਉਂਝ ਬੱਚਿਆਂ ਵਰਗਾ ਸੁਭਾਅ ਹੈ ਉਸਦਾ
ਵੇਖਣ ਲਈ ਉਹ ਇੰਤਜ਼ਾਰ ਨਈਂ ਕਰਦਾ
ਕਦੇ ਕਦੇ ਪਾਗਲਾਂ ਤੋਂ ਵੀ ਵੱਧ ਲੱਗਦਾ
ਮੇਰਾ ਪਲਦਾ ਵੀ ਐਤਵਾਰ ਨਈਂ ਕਰਦਾ
ਸਮਝ ਮੇਰੀ ਤੋਂ ਉਹ ਬਾਹਰ ਦੀ ਜਾਂਦਾ
ਜਦ ਗੱਲ ਕਰਦਾ ਆਰ ਪਾਰ ਦੀ ਕਰਦਾ
ਕੀ ਸਮਝਾਵਾਂ ਦੁਨੀਆਂਦਾਰੀ ਵਾਰੇ ਉਸਨੂੰ
ਦੁਨੀਆਂ ਵਿੱਚ ਰਹਿਕੇ ਵਪਾਰ ਨਈਂ ਕਰਦਾ
ਚੱਲ ਜਖਵਾਲੀ ਝੂਠਾ ਜੇਹਾ ਜਾਪਦਾ ਮੈਨੂੰ
ਪਰ ਭਰੋਸਾ ਕਦੇ ਯਾਰ ਮਾਰ ਨਈਂ ਕਰਦਾ

**ਲਿਖ਼ਤ ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ :-98550 36444**

## ਦੀਵਾਲੀ / ਕਵਿਤਾ

ਅੱਜ ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ,
ਲੋਕਾਂ ਨੂੰ ਪਟਾਕੇ ਚਲਾਉਣ ਦੀ ਬੜੀ ਕਾਹਲੀ ਹੈ।
ਪਟਾਕੇ ਚਲਾਉਣ ਵਾਲਿਓ ਲੋਕੋ,ਜ਼ਰਾ ਸੰਭਲ ਕੇ,
ਖਾ ਲਿਉ ਤਰਸ ਬੇਵੱਸ ਪੰਛੀਆਂ ਅਤੇ ਜਾਨਵਰਾਂ ਤੇ।
ਪਟਾਕਿਆਂ ਦੇ ਧੂੰਏਂ ਨਾਲ ਹਵਾ ਹੋਰ ਦੂਸ਼ਿਤ ਹੋ ਜਾਣੀ,
ਸਾਹ ਲੈਣ ਚ ਸਭ ਨੂੰ ਮੁਸ਼ਕਲ ਹੈ ਪੇਸ਼ ਆਉਣੀ।
ਕਰੋੜਾਂ ਰੁਪਏ ਫੂਕ ਕੇ ਤੁਸੀਂ ਕੀ ਪਾ ਲੈਣਾ,
ਝੁੱਗਾ ਆਪਣਾ ਤੁਸੀਂ ਹੋਰ ਵੀ ਚੌੜ ਕਰਾ ਲੈਣਾ।
ਨਕਲੀ ਮਠਿਆਈਆਂ ਖਾਣ ਤੋਂ ਵੀ ਕਰਿਉ ਪ੍ਰਹੇਜ਼,
ਇਨ੍ਹਾਂ ਨੇ ਤੁਹਾਨੂੰ ਹਸਪਤਾਲਾਂ ਚ ਦੇਣਾ ਭੇਜ।
ਫਿਰ ਦੇਣੇ ਪੈਣਗੇ ਤੁਹਾਨੂੰ ਹਜ਼ਾਰਾਂ ਰੁਪਏ ਦੇ ਬਿੱਲ,
ਮਹੀਨਾ ਭਰ ਮੰਜਿਆਂ ਤੋਂ ਤੁਹਾਥੋਂ ਹੋਣਾ ਨ੍ਹੀ ਹਿੱਲ।
ਇਸ ਕਰਕੇ ਜੋ ਕੁਝ ਚਾਹੁੰਦੇ ਹੋ ਤੁਸੀਂ ਖਾਣਾ,
ਉਹ ਆਪਣੇ ਘਰਾਂ ਚ ਬੈਠ ਕੇ ਹੀ ਬਣਾਉਣਾ।
ਏਸੇ ਵਿੱਚ ਹੀ ਹੈ ਭਲਾ ਲੋਕੋ,ਤੁਹਾਡਾ ਸਭ ਦਾ,
ਚੱਜ ਨਾਲ ਮਨਾਇਆਂ ਹੀ ਤਿਉਹਾਰ ਚੰਗਾ ਲੱਗਦਾ।

ਮਹਿੰਦਰ ਸਿੰਘ ਮਾਨ
ਸਲੋਹ ਰੋਡ
ਨਵਾਂ ਸ਼ਹਿਰ-9915803554

## ਸਾੜ ਨਾ ਪਰਾਲ਼ੀ

ਸੁਣ ਕਿਰਸਾਨਾ ! ਤੇਰੇ ਅੰਦਰ, ਗਫ਼ਲਤ ਭਰੀ ਹੈ ਬਾਹਲ਼ੀ।
ਬਿਨਾਂ ਸੋਚਿਆਂ ਸਾੜ ਰਿਹੈਂ ਤੂੰ, ਖੇਤਾਂ ਵਿੱਚ ਪਰਾਲ਼ੀ।
ਧਰਤੀ ਦੀ ਕੁੱਖ ਬੰਜਰ ਹੋ ਗਈ, ਕੱਖ ਰਿਹਾ ਨਾ ਪੱਲੇ
ਘਰ ਦੇ ਭਾਂਡੇ ਵੇਚ @ਤੇ ਸਾਰੇ, ਰਿਹਾ ਨਾ ਛੰਨਾ-ਥਾਲ਼ੀ।
ਸਾੜ-ਫੂਕ ਨਾਲ ਧੂੰਆਂ ਉਠਦੈ, ਹੋਣ ਕਈ ਘਟਨਾਵਾਂ
ਸਹਿਜ-ਵਿਚਾਰ ਕੇ ਕੰਮ ਕਰੀਂ ਸਭ, ਨਾ ਕਰ ਐਨੀ ਕਾਹਲ਼ੀ।
ਚਾਰ-ਚੁਫੇਰਾ ਦੂਸ਼ਿਤ ਹੋਇਆ, ਨਾ ਦਿੱਸੇ ਨਾ ਭਾਲ਼ੇ
ਮੰਜੇ ਤੇ ਪਈ ਹੂੰਗ ਰਹੀ ਹੈ, ਮੰਗੂ ਦੀ ਘਰਵਾਲ਼ੀ।
ਕੀੜੇਮਾਰ ਦਵਾਈਆਂ ਵਰਤੇਂ, ਜ਼ਹਿਰ ਉਗਾਈ ਜਾਵੇਂ
ਮਾਂ ਧਰਤੀ ਦਾ ਹਾਲ ਬੁਰਾ ਹੈ, ਦੇਹ ਨਸ਼ਿਆਂ ਨੇ ਗਾਲ਼ੀ।
ਏਸ ਧੁਆਂਖੇ ਮੰਜ਼ਰ ਵਿੱਚ, ਹਰ ਕੋਈ ਖਊਂ-ਖਊਂ ਕਰਦਾ
ਦਿਲ ਦੀ ਧੜਕਣ ਰੁਕ ਜਾਣੀ ਹੈ, ਬੰਦ ਹੋਊ ਸਾਹ-ਨਾਲ਼ੀ।
ਮਿੱਤਰ-ਕੀੜੇ ਅੱਗ @ਚ ਸਾੜੇ, ਧਰਤ ਸੇਕ ਨਾਲ਼ ਲੂਹੇ
ਦਿਨ ਦਾ ਚਾਨਣ ਬਣਿਆ ਹੁਣ ਤਾਂ, ਰਾਤ ਹਨੇਰੀ ਕਾਲ਼ੀ।
ਬੱਚੇ ਭੁੱਖੇ-ਨੰਗੇ ਫਿਰਦੇ, ਸ਼ੌਕ ਅਜੀਬ ਮਸਤ ਨੇ - ਡੱਬ @ਚ ਬੋਤਲ, @ਫ਼ੀਮ ਹੈ ਜੇਬੀਂ, ਮੋਢੇ ਟੰਗੀ ਦੁਨਾਲ਼ੀ।
ਬੇਰ ਡੁੱਲ੍ਹੇ ਪਰ ਵਿਗੜਿਆ ਕੁਝ ਨਾ, ਪਛਤਾਵੇਂਗਾ ਪਿੱਛੋਂ
ਲੰਘੇ ਵਕਤ ਨੇ ਹੱਥ ਨ੍ਹੀਂ ਆਉਣਾ, ਗੱਲ ਨਾ ਜਾਊ ਸੰਭਾਲ਼ੀ।
ਆਮ ਕਵੀ-ਜਨ ਹਾਂ ਭਾਵੇਂ, ਪਰ ਗ਼ੌਰ ਜ਼ਰਾ ਫ਼ਰਮਾਈਂ
ਪਰਖ-ਤੋਲ ਵਿੱਚ ਗੱਲ ਮੇਰੀ ਹੈ, ਪੂਰੀ ਸੇਰੀ-ਚਾਲ਼ੀ।

**ਪ੍ਰੋ. ਨਵ ਸੰਗੀਤ ਸਿੰਘ**
**9417692015.**

## ਦੀਵਾਲੀ

ਹਿੰਦੂ ਵੀਰ ਮੰਦਿਰ ਵਿੱਚ ਜਾ ਕੇ
ਸਿੱਖ ਵੀਰ ਗੁਰੂ ਘਰ ਵਿੱਚ ਜਾ ਕੇ
ਆਪਣਾ ਆਪ ਪਵਿੱਤਰ ਕਰਕੇ
ਪਿਆਰ ਦੀ ਜੋਤ ਜਲਾਈਏ
ਅੱਜ ਦਿਨ ਦੀਵਾਲੀ ਦਾ
ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ...
ਹਿੰਦੂ, ਮੁਸਲਿਮ,ਸਿੱਖ, ਈਸਾਈ
ਅਸੀਂ ਹਾਂ ਸਾਰੇ ਭਾਈ ਭਾਈ।
ਧਰਮ ਜਾਤ ਦਾ ਫਰਕ ਮਿਟਾਕੇ,
ਸਭ ਨੂੰ ਗਲੇ ਲਗਾਈਏ।
ਅੱਜ ਦਿਨ ਦੀਵਾਲੀ ਦਾ
ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ...
ਰਾਮ ਸੀਤਾ ਨਾਲ ਜੋੜ ਮਨਾ ਲਉ,
ਕਹਿਕੇ ਬੰਦੀ ਛੋੜ ਮਨਾ ਲਉ।
ਸਭ ਜੀਆਂ ਦਾ ਇੱਕੋ ਹੈ ਦਾਤਾ,
ਸੱਚ ਦਾ ਹੋਕਾ ਲਾਈਏ।
ਅੱਜ ਦਿਨ ਦੀਵਾਲੀ
ਦਾ ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ....
ਘਰ ਰੁਸਨਾ ਲਊ ਦੀਪ ਜਲਾਕੇ
ਖੁਸੀਆਂ ਨਾਲ ਵਜਾਉ ਪਟਾਕੇ।
ਇੱਕ ਦੂਜੇ ਨੂੰ ਵੰਡੋ ਮਿਠਾਈਆਂ,
ਨਫਰਤ ਨੂੰ ਦਿਲੋਂ ਮਿਟਾਈਏ।
ਅੱਜ ਦਿਨ ਦੀਵਾਲੀ ਦਾ
ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ...
ਭੁੱਲ ਕੇ ਕਦੇ ਨਾ ਖੇਲ੍ਹਣਾ ਜੂਆ
ਇਹ ਤਾਂ ਕਿਸੇ ਦਾ ਮਿੱਤ ਨਾ ਹੂਆ
ਆਖਰ ਆਤਮ ਹੱਤਿਆ ਕਰਦੇ
ਦਿਲ ਵਿੱਚ ਗੱਲ ਵਸਾਈਏ
ਅੱਜ ਦਿਨ ਦੀਵਾਲੀ ਦਾ
ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ...
ਨੱਚਕੇ ਸਿੱਖ ਲਉ ਯਾਰ ਮਨਾਉਣਾ,
ਜੱਗ ਤੇ ਦੂਜੀ ਵਾਰ ਨਾ ਆਉਣਾ।
"ਚੀਮੇਂ" ਚਾਰ ਦਿਨਾਂ ਦਾ ਮੇਲਾ,
ਐਂਵੇ ਨਾ ਵਕਤ ਖੁੰਝਾਈਏ।
ਅੱਜ ਦਿਨ ਦੀਵਾਲੀ ਦਾ
ਸਾਰੇ ਰਲ ਮਿਲ ਖੁਸੀ ਮਨਾਈਏ
ਅੱਜ ਦਿਨ ਦੀਵਾਲੀ ਦਾ

**ਅਮਰਜੀਤ ਚੀਮਾ (ਯੂ ਐੱਸ ਏ)**
+1 (716) 908-3631

## ਸਿਆਣਾਂ ਖੋਤਾ

ਇੱਕ ਖੋਤਾ ਸੀ ਰਾਮੂ ਕੋਲ,
ਬੱਚਿਓ, ਗੱਲ ਸੁਣਿਓ ਕੰਨ ਖੋਲ੍ਹ।
ਰਾਮੂ ਸੀ ਮਜ਼ਦੂਰੀ ਕਰਦਾ,
ਰਾਤ ਪਈ ਤੋਂ ਘਰ ਸੀ ਵੜਦਾ।
ਸਰੀਰ ਪੱਖੋਂ ਸੀ ਉਹ ਮਾੜਾ,
ਖੋਤੇ ਉੱਤੇ ਢੋਂਹਦਾਂ ਭਾੜਾ।
ਚੰਗਾ ਸਮਾਂ ਸੀ ਉਹ ਬਿਤਾਉਂਦਾ,
ਨਸ਼ੇ ਨੂੰ ਕਦੇ ਹੱਥ ਨਾ ਲਾਉਂਦਾ।
ਖੋਤਾ ਵੀ ਸੀ ਪੂਰਾ ਸਮਝਦਾਰ,
ਸੀ ਰਾਮੂ ਦਾ ਉਹ ਵਫ਼ਾਦਾਰ।
ਇੱਕ ਚੋਰ ਰਾਮੂ ਘਰ ਆਇਆਂ,
ਖੋਤੇ ਗੱਲ ਨੂੰ ਸਮਝ ਚ ਪਾਇਆ।
ਉਹ ਜ਼ੋਰ ਜ਼ੋਰ ਦੀ ਹੀਂਗਣ ਲੱਗਾ,
ਜਿਉਂ ਢੋਲ ਤੇ ਵੱਜਦਾ ਡੱਗਾ।
ਆਖਰ ਚੋਰ ਨੂੰ ਭੱਜਣਾ ਪੈ ਗਿਆ,
ਸਾਰਾ ਸਮਾਨ ਉੱਥੇ ਰਹਿ ਗਿਆ।
ਖੋਤੇ ਨੂੰ ਸਭ ਬੁੱਧੂ ਕਹਿੰਦੇ,
ਮੂਰਖ ਦਾ ਨਾਂ ਖੋਤਾ ਲੈਂਦੇ।
ਬੱਚਿਓ, ਵੇਖੋ ਖੋਤੇ ਦੀ ਵਫ਼ਾਦਾਰੀ,
ਪੱਤੋ, ਕਮਾਈ ਬਚ ਗਈ ਰਾਮੂ ਦੀ ਸਾਰੀ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ 94658-21417**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 225

Website: www.preetnama.com Email preetnamausa@gmail.com

10 NOV TO 16 NOV, 2023


